ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥

# ਆਤਮ ਮਾਰਗ

ਸਤੰਬਰ
1995

ਮਾਸਿਕ ਪਤ੍ਰਿਕਾ

ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ

ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ ।
ਬਧੋਹੁ ਪੁਰਖਿ ਬਿਧਾਤੈ ਤਾਂ ਤੂੰ ਸੋਹਿਆ।



# ਆਤਮ ਮਾਰਗ

ਸਾਲ ਪਹਿਲਾ - ਅੰਕ ਛੇਵਾਂ - ਮਾਸਿਕ - ਸਤੰਬਰ, 1995



**: ਸਰਪ੍ਰਸਤ :**

ਸੰਤ ਵਰਿਆਮ ਸਿੰਘ ਜੀ
ਬਾਨੀ ਤੇ ਮੁਖੀ
ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ

**: ਸੰਪਾਦਕ :**

ਹਰਪਾਲ ਸਿੰਘ

**: ਆਨਰੇਰੀ ਸੰਪਾਦਕ :**

ਡਾਕਟਰ ਸ਼ਮਸ਼ੇਰ ਸਿੰਘ
ਡਾਕਟਰ ਬੀਬੀ ਤੇਜਿੰਦਰ ਮਲਹੋਤਰਾ

**: ਐਡੀਟੋਰੀਅਲ ਬੋਰਡ :**

ਸੰਤ ਸਾਧੂ ਸਿੰਘ ਜੀ (ਡਬਲ ਐਮ. ਏ.), ਸੰਗਰੂਰ
ਡਾਕਟਰ ਕੁਲਦੀਪ ਸਿੰਘ
ਸਰਮੁਖ ਸਿੰਘ ਪੰਨੂ (ਰਿਟਾ: ਸੁਪਰਡੰਟ)
ਐਨ. ਐਸ ਲੂੰਬਾ

**: ਸਲਾਹਕਾਰ:**

ਬੀ. ਐਸ. ਆਹਲੂਵਾਲੀਆ
ਇੰਜ: ਤਰਲੋਚਨ ਸਿੰਘ
ਹਰਭਜਨ ਸਿੰਘ ਹਲਵਾਰਵੀ

ਨੋਟ: ਆਤਮ ਮਾਰਗ ਐਡੀਟੋਰੀਅਲ ਬੋਰਡ ਦੇ ਮੈਂਬਰ ਜ਼ਰੂਰੀ ਨਹੀਂ ਕਿ ਲੇਖਕਾਂ ਦੇ ਖਿਆਲਾਂ ਨਾਲ ਸਹਿਮਤ ਹੋਣ।



**: ਪੱਤਰ ਵਿਹਾਰ ਅਤੇ ਚੰਦਾ ਭੇਜਣ ਲਈ ਪਤਾ:**

ਕੋਠੀ ਨੰ: 781, ਫੇਜ਼ 3 ਬੀ-1, ਸੈਕਟਰ 60,
ਐਸ. ਏ. ਐਸ. ਨਗਰ (ਮੋਹਾਲੀ) - 160055

**: ਟੈਲੀਫੋਨ ਸੰਪਰਕ :**

| | |
|---|---|
| ਮੋਹਾਲੀ | : 671301, 672435 |
| ਚੰਡੀਗੜ੍ਹ | : 603524 |
| ਰਤਵਾੜਾ ਸਾਹਿਬ | : 89-218 |



ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।



ਪਬਲਿਸ਼ਰ ਤੇ ਸੰਪਾਦਕ ਹਰਪਾਲ ਸਿੰਘ ਨੇ ਆਤਮ ਮਾਰਗ ਅਸੋਸ਼ੀਏਟਡ ਪ੍ਰਿੰਟਰਜ਼, ਇੰਡਸਟਰੀਅਲ ਏਰੀਆ, ਫੇਜ਼-1, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫ਼ਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁਲਾਂਪੁਰ ਗਰੀਬ ਦਾਸ, ਤਹਿਸੀਲ ਖਰੜ, ਜ਼ਿਲਾ ਰੋਪੜ ਤੋਂ ਪ੍ਰਕਾਸ਼ਤ ਕੀਤਾ।


## ਤਤਕਰਾ


1. ਮਹੀਨੇ ਦੀ ਕਥਾ — 2
2. ਸੰਪਾਦਕੀ — 3
3. ਸੁਖ-ਦੁਖ — 5
   *ਸੰਤ ਬਾਬਾ ਵਰਿਆਮ ਸਿੰਘ ਜੀ*
4. ਕੇਸ ਪਰਸੰਗ — 13
   *ਸਰੂਪ ਸਿੰਘ ਅਲੱਗ*
5. ਗੁਰੂ ਅੰਗਦ ਦੇਵ ਜੀ ਦੀ ਬਾਣੀ ਵਿਚ ਮਾਨਵ ਕਲਿਆਣ — 16
   *ਡਾਕਟਰ ਸ਼ਮਸ਼ੇਰ ਸਿੰਘ*
6. ਨਾਨਕ ਮੰਗੈ ਦਰਸ ਦਾਨੁ — 19
   *ਡਾ. ਬੀਬੀ ਸੁਰੀਤ ਕੌਰ*
7. ਦੂਸਰੇ ਰਤਨ - ਬਾਬਾ ਸਾਹਿਬ ਸਿੰਘ ਜੀ ਬੇਦੀ — 21
   *ਗਿਆਨੀ ਮੇਹਰ ਸਿੰਘ ਜੀ*
8. ਸੰਤ ਬਚਨ — 24
   *ਸੰਤ ਬਾਬਾ ਵਰਿਆਮ ਸਿੰਘ ਜੀ*
9. ਮਹਾਂਪੁਰਸ਼ਾਂ ਦੇ ਅਨੁਭਵੀ ਬਚਨ — 29
10. ਸ਼ੁਭ ਉਪਦੇਸ਼ — 33
   *ਸੰਤ ਬਾਬਾ ਵਰਿਆਮ ਸਿੰਘ ਜੀ*
11. ਆਤਮ ਮਾਰਗ ਦਾ ਪ੍ਰਯੋਜਨ — 35
   *ਸੰਤ ਸਾਧੂ ਸਿੰਘ ਜੀ, ਸੰਗਰੂਰ*
12. ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ ਦਾ ਪ੍ਰਯੋਜਨ — 38
13. ਹਿਮਾਲੀਆ ਦੇ ਸੰਤਾਂ ਦੇ ਸੰਗ ਨਿਵਾਸ — 41
   *ਡਾ. ਸਵਾਮੀ ਰਾਮ ਜੀ*
14. ਮਾਨਵ ਸਰੀਰ ਦੀ ਸਫਲਤਾ — 44
   *ਸੰਤ ਬਾਬਾ ਵਰਿਆਮ ਸਿੰਘ ਜੀ*
15. ਸਨੇਹੀਆਂ ਦਾ ਪੰਨਾ — 50
   *ਸੰਤ ਬਾਬਾ ਵਰਿਆਮ ਸਿੰਘ ਜੀ*
16. ਸਿਖ ਸਾਹਿਤ ਵਿਚ ਆਏ ਨਾਵਾਂ ਤੇ ਥਾਵਾਂ ਦਾ ਸੰਖੇਪ ਵੇਰਵਾ — 53
17. ਨਕਾਬ ਤੇ ਸੁੰਦਰਤਾ ਦਾ ਰਾਜ਼ — 55
   *ਡਾ: ਕੁਲਦੀਪ ਸਿੰਘ*
18. ਕਰੋਮੀਅਮ ਦੀ ਮਨੁਖੀ ਸਰੀਰ ਲਈ ਮਹੱਤਤਾ — 57
19. ਸਰਬ ਗੁਣਕਾਰੀ ਹਰੜ — 59
20. ਸਿਹਤ ਵਿਗਿਆਨ — 60
21. ਸਮਾਗਮ ਤੇ ਸਰਗਰਮੀਆਂ — 61
22. ਆਤਮ ਮਾਰਗ ਦੇ ਸਲਾਨਾ ਮੈਂਬਰਾਂ ਦੀ ਲਿਸਟ — 63



**-: ਚੰਦਾ :-**

ਦੇਸ਼ : ਸਲਾਨਾ 165/-, ਫੀ ਕਾਪੀ 15/-
ਵਿਦੇਸ਼ : ਸਲਾਨਾ 40 US$

**REGD. No. 61816 / 95**

## ਅਸੁਨਿ

ਅਸੁਨਿ ਪ੍ਰੇਮ ਉਮਾਹੜਾ ਕਿਉ ਮਿਲੀਐ ਹਰਿ ਜਾਇ॥
ਮਨਿ ਤਨਿ ਪਿਆਸ ਦਰਸਨ ਘਣੀ ਕੋਈ ਆਣਿ ਮਿਲਾਵੈ ਮਾਇ॥
ਸੰਤ ਸਹਾਈ ਪ੍ਰੇਮ ਕੇ ਹਉ ਤਿਨ ਕੈ ਲਾਗਾ ਪਾਇ॥
ਵਿਣੁ ਪ੍ਰਭ ਕਿਉ ਸੁਖੁ ਪਾਈਐ ਦੂਜੀ ਨਾਹੀ ਜਾਇ॥
ਜਿਨ੍ਹੀ ਚਾਖਿਆ ਪ੍ਰੇਮ ਰਸੁ ਸੇ ਤ੍ਰਿਪਤਿ ਰਹੇ ਆਘਾਇ॥
ਆਪੁ ਤਿਆਗਿ ਬਿਨਤੀ ਕਰਹਿ ਲੇਹੁ ਪ੍ਰਭੂ ਲੜਿ ਲਾਇ॥
ਜੋ ਹਰਿ ਕੰਤਿ ਮਿਲਾਈਆ ਸਿ ਵਿਛੁੜਿ ਕਤਹਿ ਨ ਜਾਇ॥
ਪ੍ਰਭ ਵਿਣੁ ਦੂਜਾ ਕੋ ਨਹੀ ਨਾਨਕ ਹਰਿ ਸਰਣਾਇ॥
ਅਸੂ ਸੁਖੀ ਵਸੰਦੀਆ ਜਿਨਾ ਮਇਆ ਹਰਿ ਰਾਇ॥ ਪੰਨਾ - 134-35

ਅੱਸੂ ਦੇ ਮਹੀਨੇ ਦੁਆਰਾ ਗੁਰੂ ਜੀ ਉਪਦੇਸ਼ ਕਰਦੇ ਹਨ ਕਿ ਅੱਸੂ ਦੇ ਮਹੀਨੇ ਵਿਚ ਬਿਰਹੁ ਕੁੱਟੀ ਬਿਰਹਨ ਦੇ ਮਨ ਵਿਚ ਪ੍ਰੇਮ ਉਮੜਿਆ ਕਿ ਵਾਹਿਗੁਰੂ ਨੂੰ ਮਿਲੀਏ। ਜਗਿਆਸੂ ਦੇ ਮਨ ਤੇ ਤਨ ਵਿਚ ਪ੍ਰਭੂ ਦਰਸ਼ਨਾਂ ਦੀ ਪਿਆਸ ਲਗਦੀ ਹੈ, ਚਾਅ ਪੈਦਾ ਹੁੰਦਾ ਹੈ। ਇਹ ਸਭ ਖਿੱਚ ਜੀਵ ਅੰਦਰ ਕਦੋਂ ਪੈਦਾ ਹੁੰਦੀ ਹੈ। ਇਸ ਪ੍ਰਕਾਰ ਦੀ ਖਿੱਚ, ਚਾਅ, ਉਮਾਹ ਦੇ ਪਿਛੇ ਧੁਰ ਅੰਦਰ, ਜਿਥੇ ਪ੍ਰਭੂ ਦੀ ਅੰਸ, ਜੀਵ-ਆਤਮਾ ਦਾ ਵਾਸਾ ਹੈ, ਉਸ ਵਿਚ ਜਦੋਂ ਆਪਣੇ ਪੂਰਨ ਆਪੇ (pure-self) ਦੀ ਸੋਝੀ ਦਾ ਅਹਿਸਾਸ ਹੁੰਦਾ ਹੈ। ਇਹ ਅਹਿਸਾਸ ਕੀ ਹੈ -

*ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥* ਪੰਨਾ - 441

ਤਾਂ ਜੀਵ, ਸਤਿਸੰਗੀਆਂ, ਗੁਰੂ ਪਿਆਰਿਆਂ, ਸੰਤਾਂ ਨੂੰ ਬੇਨਤੀ ਕਰਦਾ ਹੈ ਕਿ ਮੈਨੂੰ ਹਰੀ ਨਾਲ ਮਿਲਾਪ ਕਰਾ ਦਿਉ। ਜਗਿਆਸੂ ਨੂੰ ਇਹ ਪੂਰਨ ਵਿਸ਼ਵਾਸ਼ ਹੈ ਕਿ ਸੰਤ, ਜਿਨ੍ਹਾਂ ਨੂੰ ਪ੍ਰਭੂ ਸਾਸ-ਗਿਰਾਸ ਵਿਸਰਦਾ ਨਹੀਂ, ਪ੍ਰਭੂ ਪ੍ਰੇਮ ਦੇ ਸਹਾਈ ਹਨ, ਉਨ੍ਹਾਂ ਦੇ ਚਰਨੀਂ ਲੱਗਣ ਨਾਲ ਹੀ ਪ੍ਰਭੂ ਮਿਲਾਪ ਸੰਭਵ ਹੈ। ਗੁਰਬਾਣੀ ਵਿਚ ਸੰਤਾਂ-ਮਹਾਂਪੁਰਸ਼ਾਂ ਦੀ ਵਡਿਆਈ ਦਾ ਬੜਾ ਵਰਣਨ ਹੈ। ਅਸੀਂ ਕਈ ਵਾਰੀ ਅਗਿਆਨਤਾ ਵਸ ਸੰਤਾਂ ਦੀ ਨਿੰਦਾ ਕਰਕੇ ਆਪਣਾ-ਆਪ ਸੁਆਰਨ ਦੀ ਬਜਾਏ ਹੋਰ ਮੈਲ ਚੜ੍ਹਾ ਲੈਂਦੇ ਹਾਂ। ਗੁਰਬਾਣੀ ਦਾ ਕਥਨ ਹੈ -

*ਸੰਤਾ ਕਉ ਮਤਿ ਕੋਈ ਨਿੰਦਹੁ ਸੰਤ ਰਾਮੁ ਹੈ ਏਕੋ॥* ਪੰਨਾ - 793

*ਸੰਤ ਸੰਗਿ ਅੰਤਰਿ ਪ੍ਰਭੁ ਡੀਠਾ॥* ਪੰਨਾ - 293

ਪ੍ਰਭੂ ਨੇ ਇਹ ਸੰਸਾਰ ਹੀ ਸੰਤਾਂ ਦੇ ਹਿਤ ਸਾਜਿਆ ਹੈ, ਭਾਵ ਜੀਵ ਦਾ ਜੀਵਨ ਮਨੋਰਥ ਸੰਤ ਵਾਲਾ ਜੀਵਨ ਧਾਰਨ ਕਰਨਾ ਹੈ। ਪ੍ਰਭੂ, ਸੰਤਾਂ ਦੇ ਸੰਗਿ ਵਸਦਾ ਹੈ ਭਾਵ ਸੰਤਾਂ ਨੇ ਪ੍ਰਭੂ ਨੂੰ ਪਾ ਲਿਆ ਹੁੰਦਾ ਹੈ। ਬਾਰਾਮਾਹ ਦੇ ਕਰਤਾ ਗੁਰੂ ਅਰਜਨ ਦੇਵ ਜੀ 'ਗੋਂਡ' ਰਾਗ ਵਿਚ ਲਿਖਦੇ ਹਨ -

*ਸੋਈ ਸੰਤੁ ਜਿ ਭਾਵੈ ਰਾਮ॥ ਸੰਤ ਗੋਬਿੰਦ ਕੈ ਏਕੈ ਕਾਮ॥*
*ਸੰਤ ਕੈ ਸੰਗਿ ਬਸੈ ਦਿਨੁ ਰਾਤਿ॥ ਸਾਸਿ ਸਾਸਿ ਸੰਤਹ ਪ੍ਰਤਿਪਾਲਿ॥* ਪੰਨਾ - 867

ਸੰਤਾਂ ਦੇ ਸੰਗ, ਪ੍ਰਭੂ ਰੰਗ ਚੜ੍ਹਦਾ ਹੈ। ਸੰਤਾਂ ਮਹਾਂਪੁਰਸ਼ਾਂ ਦੀ ਸੰਗਤ ਕਰਨ ਨਾਲ ਪ੍ਰਭੂ ਪਿਆਰ ਪਰਪੱਕ ਹੁੰਦਾ ਹੈ ਅਤੇ ਦੁਨਿਆਵੀ ਪਿਆਰ ਫਿੱਕਾ ਦਿਸਣ ਲਗ ਪੈਂਦਾ ਹੈ। ਜਗਿਆਸੂ ਨੂੰ ਇਹ ਵਿਸ਼ਵਾਸ਼ ਬਣ ਜਾਂਦਾ ਹੈ ਕਿ ਪ੍ਰਭੂ ਦਾ ਸੁਖ ਹੀ ਅਸਲ ਸੁਖ ਹੈ। ਇਸ ਲਈ ਆਪਾ ਭਾਵ ਤਿਆਗ ਕੇ ਬੇਨਤੀ ਕਰਨੀ ਚਾਹੀਦੀ ਹੈ ਕਿ ਹੇ ਪ੍ਰਭੂ! ਸਾਨੂੰ ਵਿਛੜਿਆਂ ਨੂੰ ਲੜ ਲਾ ਲਉ। ਹਉਮੈ ਰੋਗ ਵੀ ਸੰਤਾਂ ਦੀ ਸੰਗਤ ਕਰਨ ਨਾਲ ਹੀ ਮਿਟਦਾ ਹੈ। ਗੁਰੂ ਅਰਜਨ ਦੇਵ ਜੀ ਗਉੜੀ ਰਾਗ ਵਿਚ ਲਿਖਦੇ ਹਨ -

*ਸੰਤ ਕੈ ਸੰਗਿ ਮਿਟਿਆ ਅਹੰਕਾਰੁ॥ ਦ੍ਰਿਸਟਿ ਆਵੈ ਸਭੁ ਏਕੰਕਾਰੁ॥* ਪੰਨਾ - 189

ਸੰਤਾਂ ਦੀ ਸੰਗਤ ਪ੍ਰਭੂ ਮਿਲਾਪ ਦਾ ਪੱਕਾ ਸਾਧਨ ਹੈ। ਸੰਤਾਂ ਦੇ ਸੰਗ ਜਿਨ੍ਹਾਂ ਨੇ ਪ੍ਰਭੂ ਰਸ ਚਾਖਿਆ ਹੈ, ਉਹ ਪੂਰਨ ਤੌਰ ਤੇ ਤ੍ਰਿਪਤ ਹੋ ਜਾਂਦੇ ਹਨ, ਉਨ੍ਹਾਂ ਨੂੰ ਹਰਿ ਰਸ ਆਉਣ ਤੇ, ਉਹ ਅਨ-ਰਸਾਂ ਪ੍ਰਤਿ ਤਾਂਘਦੇ ਨਹੀਂ। ਗੁਰਬਾਣੀ, ਪ੍ਰਭੂ ਰਸ ਵਿਚ ਰੰਗੇ ਹੋਏ ਸੰਤਾਂ ਦੀ ਸੰਗਤ ਕਰਨ ਦਾ ਉਪਦੇਸ਼ ਦਿੰਦੀ ਹੈ। ਗੁਰੂ ਅਰਜਨ ਦੇਵ ਜੀ 'ਮਾਰੂ ਰਾਗ' ਵਿਚ ਵਰਣਨ ਕਰਦੇ ਹਨ -

*ਨਾਨਕ ਕਚੜਿਆ ਸਿਉ ਤੋੜਿ ਢੂਢਿ ਸਜਣ ਸੰਤ ਪਕਿਆ॥*
*ਓਇ ਜੀਵੰਦੇ ਵਿਛੁੜਹਿ ਓਇ ਮੁਇਆ ਨ ਜਾਹੀ ਛੋੜਿ॥* ਪੰਨਾ - 1102

ਜਿਨ੍ਹਾਂ ਜੀਵ ਇਸਤਰੀਆਂ ਉਤੇ ਪ੍ਰਭੂ ਨੇ ਗੁਰੂ ਦੁਆਰਾ ਕ੍ਰਿਪਾ ਕਰਕੇ ਆਪਣੇ ਨਾਲ ਮਿਲਾ ਲਿਆ ਹੈ, ਉਨ੍ਹਾਂ ਨੂੰ ਫਿਰ ਵਿਛੋੜਾ ਨਹੀਂ। ਪ੍ਰਭੂ ਮਿਲਾਪ ਉਪਰੰਤ ਦੁਈ - ਦਵੈਤ ਦਾ ਖਾਤਮਾ ਹੋ ਜਾਂਦਾ ਹੈ; ਵਿਛੋੜਾ ਤਾਂ ਫਿਰ ਹੋਣ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ। ਨਦੀ, ਸਮੁੰਦਰ ਵਿਚ ਮਿਲਕੇ ਆਪਾ ਭਾਵ ਮਿਟਾ ਦਿੰਦੀ ਹੈ। ਇਸ ਮਿਲਾਪ ਦੀ ਸ਼ਰਤ, ਆਪਾ ਭਾਵ ਦਾ ਤਿਆਗ ਹੈ। ਆਪਾ ਤਿਆਗ ਹੀ ਨ ਕਰਨਾ ਪ੍ਰਭੂ ਮਿਲਾਪ ਦੇ ਰਸਤੇ ਵਿਚ ਸਭ ਤੋਂ ਵੱਡੀ ਰੁਕਾਵਟ ਹੈ। ਗੁਰੂ ਜੀ ਇਸੇ ਲਈ ਕਹਿ ਰਹੇ ਹਨ -

*ਆਪੁ ਤਿਆਗਿ ਬਿਨਤੀ ਕਰਹਿ ਲੇਹੁ ਪ੍ਰਭੂ ਲੜਿ ਲਾਇ॥* ਪੰਨਾ - 135

ਗੁਰੂ ਜੀ ਪ੍ਰਭੂ ਪ੍ਰੇਮ ਨੂੰ ਅਵਿਨਾਸ਼ੀ ਦਸਦੇ ਹਨ। ਪ੍ਰਭੂ ਹੀ ਜੀਵ ਦਾ ਰਖਵਾਲਾ ਹੈ। ਇਸ ਲਈ ਜੀਵ ਪ੍ਰਤਿ ਉਪਦੇਸ਼ ਹੈ ਕਿ ਐਸੇ ਰਖਿਅਕ ਪ੍ਰਭੂ ਦੀ ਸ਼ਰਨ ਵਿਚ ਜਾਣਾ ਚਾਹੀਦਾ ਹੈ। ਪ੍ਰਭੂ ਸ਼ਰਨ ਵਿਚ ਜਾਣ ਵਾਲੀ ਜਗਿਆਸੂ ਜੀਵ ਇਸਤਰੀ ਹੀ ਸੁਖ ਵਿਚ ਵਸਦੀ ਹੈ। ਪ੍ਰਭੂ ਸ਼ਰਨ ਦਾ ਸੁਖ ਹੀ ਸਦੀਵੀ ਸੁਖ ਹੈ। ਪ੍ਰਭੂ ਦਇਆ ਦੇ ਪਾਤਰ ਬਣਨ ਲਈ ਜੀਵ ਨੂੰ ਆਪਾ ਭਾਵ ਤਿਆਗ ਕੇ ਪ੍ਰਭੂ ਸ਼ਰਨ ਵਿਚ ਜਾਣਾ ਚਾਹੀਦਾ ਹੈ। ਆਪਾ ਤਿਆਗ ਤੇ ਸ਼ਰਨੀ ਜਾਣ ਦਾ ਰਸਤਾ ਸੰਤਾਂ, ਮਹਾਂਪੁਰਸ਼ਾਂ ਦੀ ਸੰਗਤ ਤੋਂ ਪ੍ਰਾਪਤ ਹੁੰਦਾ ਹੈ। ਗੁਰੂ ਕਥਨ ਹੈ -

*ਮੈ ਦਸਿਹੁ ਮਾਰਗੁ ਸੰਤਹੋ ਕਿਉ ਪ੍ਰਭੂ ਮਿਲਾਈਆ॥*
*ਮਨੁ ਅਰਪਿਹੁ ਹਉਮੈ ਤਜਹੁ ਇਤੁ ਪੰਥਿ ਜੁਲਾਈਆ॥* ਪੰਨਾ - 1098

## ਸੰਪਾਦਕੀ

ਧਰਮ ਅਸਲ ਵਿਚ ਅਮਲੀ (practical) ਜੀਵਨ ਦਾ ਨਾਂ ਹੈ। ਮਨੁੱਖ, ਸੰਸਾਰ ਨੂੰ ਧਾਰਨ ਕਰਨ ਵਾਲੀ ਸ਼ਕਤੀ ਪ੍ਰਤਿ ਵਿਸ਼ਵਾਸ਼ ਬਣਾ ਕੇ ਆਪਣੇ ਜੀਵਨ ਵਿਵਹਾਰ ਰਾਹੀਂ ਪ੍ਰਗਟ ਕਰਦਾ ਹੈ। ਜੀਵਨ ਵਿਵਹਾਰ ਰਾਹੀਂ ਪ੍ਰਗਟ ਹੋਇਆ ਧਰਮ ਦਾ ਬਾਹਰੀ ਰੂਪ ਹੁੰਦਾ ਹੈ। ਗੁਰਬਾਣੀ ਵਿਚ 'ਨਾਮ ਸਿਮਰਨ' ਤੇ 'ਨਿਰਮਲ ਕਰਮ' ਧਰਮ ਦੇ ਦੋ ਮਹੱਤਵਪੂਰਨ ਤੱਤ ਮੰਨੇ ਗਏ ਹਨ। 'ਨਾਮ' 'ਸ਼ਬਦ' ਗੁਰਬਾਣੀ ਵਿਚ ਸ਼ਬਦ ਤੇ ਹੁਕਮ ਦੇ ਸਮਾਨ ਅਰਥੀ ਸ਼ਬਦਾਂ ਵਿਚ ਵਰਤਿਆ ਗਿਆ ਹੈ। ਜੀਵ, ਨਾਮ-ਧਰਮ ਦਾ ਹੁਕਮ ਤਾਂ ਜਨਮ ਸਮੇਂ ਨਾਲ ਹੀ ਲੈ ਕੇ ਆਇਆ।

*ਸਿਮਰਿ ਗੋਵਿੰਦੁ ਮਨਿ ਤਨਿ ਧੁਰਿ ਲਿਖਿਆ॥* *ਪੰਨਾ - 199*

ਧਰਮ ਉਹ ਵਸਤ ਨਹੀਂ ਜਿਹੜੀ ਅਸੀਂ ਧਰਮੀ ਹੋਣ ਲਈ ਦਾਹਵਾ ਕਰਦੇ ਹਾਂ। ਧਰਮੀ ਬੰਦੇ ਨੂੰ ਤਾਂ ਇਹ ਦੱਸਣ ਦੀ ਲੋੜ ਨਹੀਂ ਹੁੰਦੀ, ਉਸਦਾ ਵਿਵਹਾਰ ਹੀ ਧਰਮ ਅਨੁਸਾਰ ਹੁੰਦਾ ਹੈ ਤੇ ਧਰਮ, ਉਸਦੇ ਵਿਵਹਾਰ ਵਿਚੋਂ ਹੀ ਆਪਣੇ ਆਪ ਪ੍ਰਦਰਸ਼ਤ ਹੁੰਦਾ ਹੈ। ਧਰਮ ਦੇ ਇਸ ਬਾਹਰੀ ਰੂਪ ਦੀ ਕੁਵਰਤੋਂ ਇਹ ਹੋਈ ਕਿ ਇਹ ਕਰਮ ਕਾਂਡ ਬਣ ਕੇ ਰਹਿ ਗਿਆ। ਇਸ ਸੀਮਤ ਪੱਖ ਨੇ ਧਰਮ ਨੂੰ ਰਹੁ-ਰੀਤਾਂ, ਧਰਮ ਅਸਥਾਨਾਂ, ਧਰਮ ਗ੍ਰੰਥਾਂ ਤਕ ਹੀ ਕੈਦ ਕਰ ਦਿਤਾ ਜਦ ਕਿ ਧਰਮ ਤਾਂ ਸਾਰੇ ਸੰਸਾਰ ਦੇ ਲੋਕਾਂ ਲਈ ਸਾਂਝਾ, ਤੇ ਸਰਬ-ਪ੍ਰਿਅ ਸੀ। ਇਹ ਸਰਬ ਸਾਂਝਾ ਤੱਤ ਕਿਹੜਾ ਹੈ ਜਿਸਨੇ ਸੰਸਾਰ ਦੇ ਲੋਕਾਂ ਵਿਚ ਇਕਸੁਰਤਾ ਤੇ ਇਕਸਾਰਤਾ ਪੈਦਾ ਕੀਤੀ? ਇਸਨੂੰ ਗੁਰਮਤਿ ਨੇ 'ਪ੍ਰੇਮ' ਕਿਹਾ ਹੈ। ਪ੍ਰੇਮ ਰੱਬ ਦਾ ਹੀ ਦੂਸਰਾ ਨਾਂ ਹੈ, Love is God. ਧਰਮ ਦੇ ਉਪਰੋਕਤ ਬਾਹਰੀ ਰੂਪਾਂ ਨੇ ਮਾਨਵਤਾ ਨੂੰ ਵੰਡ ਦਿਤਾ। ਇਸੇ ਕਰਕੇ ਧਰਮ ਗ੍ਰੰਥਾਂ, ਧਰਮ ਮੰਦਰ ਤੇ ਹੋਰ ਰਹੁ-ਰੀਤਾਂ ਆਪੋ ਆਪਣੀਆਂ ਹੋ ਗਈਆਂ। ਧਰਮ ਦੇ ਸਰਬ ਵਿਆਪਕ ਤੱਤ ਪ੍ਰੇਮ ਨੂੰ ਮੁੜ ਸਰਬ ਪ੍ਰਿਅ ਬਣਾਉਣ ਦੇ ਮੰਤਵ ਨਾਲ - 'ਆਤਮ ਮਾਰਗ' ਸ਼ੁਰੂ ਕੀਤਾ ਗਿਆ ਹੈ। **ਆਤਮ ਮਾਰਗ ਦੇ ਲੇਖ, ਸੰਸਾਰ ਦੇ ਸਾਰੇ ਲੋਕਾਂ ਨੂੰ ਬਿਨਾਂ ਕਿਸੇ ਭੇਦ-ਭਰਮ ਦੇ ਆਪਣੀ ਗਲਵਕੜੀ ਵਿਚ ਲੈ ਕੇ ਪਿਆਰ ਵੰਡਣ ਵਾਲੇ ਹਨ।** ਇਸਦਾ ਮਨੋਰਥ ਇਹੀ ਹੈ -

*ਸਭੇ ਜੀਅ ਸਮਾਲਿ ਅਪਣੀ ਮੇਹਰ ਕਰੁ॥* *ਪੰਨਾ - 1251*

ਧਰਮ ਦੇ ਬਾਹਰੀ ਰੂਪਾਂ ਕਰਕੇ ਅਸੀਂ ਵੰਡੇ ਜਾਂਦੇ ਹਾਂ ਤੇ ਆਪ ਆਪਣੇ ਧਰਮ ਨੂੰ ਦੂਸਰੇ ਤੋਂ ਸ੍ਰੇਸ਼ਟ ਸਿਧ ਕਰਨ ਦਾ ਵਿਅਰਥ ਯਤਨ ਕਰਦੇ ਹਾਂ। ਇਸ ਕੱਟੜਵਾਦ ਨੇ ਮਾਨਵਤਾ ਨੂੰ ਬਹੁਤ ਨੁਕਸਾਨ ਪਹੁੰਚਾਇਆ। ਧਰਮ ਦੇ ਨਾਂ ਉਤੇ ਇਤਨੇ ਖੂਨ ਖਰਾਬੇ ਹੋਏ। ਸੱਚਾ ਧਰਮ ਤਾਂ ਕਿਸੇ ਵੀ ਧਰਮ ਨੂੰ ਨਿੰਦਦਾ ਨਹੀਂ। ਗੁਰਮਤਿ ਨੇ ਕਿਸੇ ਧਰਮ, ਧਰਮ ਗ੍ਰੰਥ ਦੀ ਨਿੰਦਾ ਨਹੀਂ ਕੀਤੀ। ਕੇਵਲ ਧਰਮ ਦੇ ਬਾਹਰੀ ਰੂਪ ਵਿਚ ਆਈਆਂ ਕੁਰੀਤੀਆਂ ਦਾ ਖੰਡਨ ਕਰਕੇ ਉਨ੍ਹਾਂ ਦਾ ਸਮਾਧਾਨ ਦਿਤਾ। ਕਿਸੇ ਧਰਮ ਨੂੰ ਧਰਮ ਦੀ ਸੀਮਤ ਵਿਆਖਿਆ ਤੋਂ ਖਤਰਾ ਹੁੰਦਾ ਹੈ; ਬਾਹਰੋਂ ਨਹੀਂ, ਕੇਵਲ ਅੰਦਰੋਂ ਖਤਰਾ ਹੁੰਦਾ ਹੈ। ਇਹ ਕਸੂਰ, ਧਰਮ ਦਾ ਨਹੀਂ, ਸਗੋਂ ਸੀਮਤ ਲੋਕਾਂ ਦਾ ਹੁੰਦਾ ਹੈ। ਆਤਮ ਮਾਰਗ ਦੀਆਂ ਲੇਖਣੀਆਂ ਦੁਆਰਾ ਇਸ ਸੀਮਤ-ਪਨ ਨੂੰ ਖਤਮ ਕਰਕੇ ਸਾਧਕ ਦੇ ਮਨ ਨੂੰ ਵਿਸ਼ਾਲ ਤੇ ਵਿਸ਼ਵ ਵਿਆਪੀ ਪੱਧਰ ਤਕ ਲਿਜਾਣ ਦਾ ਯਤਨ ਕੀਤਾ ਗਿਆ ਹੈ -

*ਨਾ ਹਮ ਹਿੰਦੂ ਨ ਮੁਸਲਮਾਨ॥ ਅਲਹ ਰਾਮ ਕੇ ਪਿੰਡੁ ਪਰਾਨ॥* *ਪੰਨਾ - 1136*

ਧਰਮ ਦਾ ਅਸਲ ਤੱਤ ਆਤਮ ਵਿਦਿਆ, ਆਤਮ ਗਿਆਨ ਤੇ ਆਤਮ ਸਿਧੀ ਵਿਚ ਹੈ। 'ਸ਼ੁਭ ਉਪਦੇਸ਼', 'ਆਤਮ ਮਾਰਗ ਦਾ ਪ੍ਰਯੋਜਨ' ਆਦਿ ਲੇਖਾਂ ਵਿਚ ਇਸ ਸਿਧਾਂਤ ਦੀ ਪੁਸ਼ਟੀ ਹੋ ਜਾਂਦੀ ਹੈ ਕਿ ਪ੍ਰਭੂ ਨੂੰ ਬਾਹਰ ਢੂੰਡਣ ਦੀ ਬਜਾਏ ਅੰਤਰ ਆਤਮੇ ਖੋਜਣ ਉਪਰੰਤ -

*ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮ॥* *ਪੰਨਾ - 294*

ਵਰਗੇ ਤਤ ਬਚਨ ਜਦੋਂ ਮਨ ਵਿਚ ਪ੍ਰਪੱਕ ਹੋ ਜਾਂਦੇ ਹਨ ਤਾਂ ਸਾਰੇ ਪਾਸੇ ਬ੍ਰਹਮ ਦਾ ਪਸਾਰਾ ਹੀ ਨਜ਼ਰ ਆਉਂਦਾ ਹੈ। ਇਨ੍ਹਾਂ ਵਿਦਵਤਾ ਭਰਪੂਰ ਲੇਖਾਂ ਵਿਚੋਂ ਇਹੀ ਧੁਨੀ ਸੁਣਾਈ ਦਿੰਦੀ ਹੈ -

*ਆਤਮ ਪਸਾਰਾ ਕਰਣਹਾਰਾ॥ ਪ੍ਰਭ ਬਿਨਾ ਨਹੀ ਜਾਣੀਐ॥* *ਪੰਨਾ - 846*

*ਅੰਤਰ ਆਤਮੈ ਬ੍ਰਹਮੁ ਨ ਚੀਨਿਆ ਮਾਇਆ ਕਾ ਮੁਹਤਾਜੁ ਭਇਆ॥* *ਪੰਨਾ - 435*

ਮਨੁੱਖੀ ਚੇਤਨਤਾ ਦੀ ਵਿਲੱਖਣਤਾ ਇਸ ਵਿਚ ਹੀ ਪ੍ਰਗਟ ਹੁੰਦੀ ਹੈ ਕਿ ਸੰਸਾਰ ਦੇ ਸਾਰੇ ਜੀਵਾਂ ਨਾਲੋਂ ਮਨੁੱਖ ਨੂੰ ਤੱਤ ਗਿਆਨ ਦੀ ਸੋਝੀ ਹੋਣ ਕਰਕੇ ਚੰਗੇ-ਮਾੜੇ, ਪਾਪ-ਪੁੰਨ, ਧਰਮ-ਅਧਰਮ ਦੀ ਪਛਾਣ ਹੈ। ਨਰਾਇਣ ਨੇ ਆਪਣੇ ਸਰੂਪ ਤੋਂ ਨਰ (ਮਨੁੱਖ) ਨੂੰ ਬਣਾਇਆ। ਮਨੁੱਖ ਦੀ ਸਾਜਨਾ ਆਪਣੇ ਵਿਚੋਂ ਹੀ ਕਰਕੇ ਆਪਣੇ ਚਿਹਨ-ਚੱਕਰ ਵੀ ਇਸਨੂੰ ਬਖਸ਼ੇ। ਗੁਰਬਾਣੀ ਵਿਚ ਪ੍ਰਭੂ ਦਾ ਸਰੂਪ ਚਿਤਰਨ ਸਮੇਂ ਉਸਨੂੰ 'ਸੋਹਣਾ ਨੱਕ' ਤੇ 'ਲੰਬੜੇ ਵਾਲਾ' ਕਿਹਾ ਹੈ ਪ੍ਰੰਤੂ ਅਸੀਂ ਇਤਨੇ ਅਕ੍ਰਿਤਘਣ ਹਾਂ ਕਿ ਰੱਬ ਵਲੋਂ ਬਣਾਏ ਸਰੂਪ ਅੰਦਰ ਘਾਟ ਮਹਿਸੂਸ ਕਰਕੇ ਸੂਰਤ ਨੂੰ ਵਿਗਾੜ ਦਿੰਦੇ ਹਾਂ। ਸਰੂਪ ਸਿੰਘ ਅਲੱਗ ਨੇ ਲੇਖ ਵਿਚ ਕੇਸਾਂ ਦੀ ਮਹੱਤਤਾ ਦਾ ਜ਼ਿਕਰ ਕਰਦਿਆਂ ਮਨੁੱਖ ਨੂੰ ਸਾਬਤ ਸੂਰਤ ਰਹਿਣ ਦਾ ਚੇਤਾ ਕਰਾਇਆ ਹੈ।

ਅਨੇਕਤਾ ਵਿਚ ਏਕਤਾ ਨੂੰ ਦੇਖਣਾ ਹੀ ਧਰਮ ਹੈ। ਸੰਸਾਰ ਕਦੀ ਵੀ ਬਾਹਰੀ ਰੂਪ ਵਿਚ, ਭਾਵ ਆਰਥਿਕ ਤੌਰ ਤੇ, ਸਮਾਜਿਕ ਪੱਧਰ ਤੇ ਅਤੇ ਰਾਜਨੀਤਿਕ ਤੌਰ ਤੇ ਇਕ ਨਹੀਂ ਹੋ ਸਕਿਆ ਤੇ ਨਾ ਹੀ ਹੋ ਸਕਦਾ ਹੈ, ਪ੍ਰੰਤੂ ਆਤਮਕ ਪੱਧਰ ਤੇ ਸਾਰਾ ਸੰਸਾਰ ਇਕ ਲੜੀ ਵਿਚ ਪਰੋਇਆ ਹੋਇਆ ਸਬਰ, ਸੰਤੋਖ, ਸੰਜਮ, ਪਿਆਰ, ਭਰਾਤਰੀ ਭਾਵ, ਪਰਉਪਕਾਰ, ਸਹਿਨਸ਼ੀਲਤਾ, ਦਇਆ ਆਦਿ ਦੈਵੀ ਗੁਣਾਂ ਦਾ ਨਾਂ ਧਰਮ ਹੈ। ਇਨ੍ਹਾਂ ਗੁਣਾਂ ਨੂੰ ਜੀਵ, ਅਗਿਆਨਤਾ-ਵਸ ਭੁੱਲ ਜਾਂਦਾ ਹੈ। ਸੰਤ ਬਚਨ ਤੇ ਸ਼ੁਭ ਉਪਦੇਸ਼ ਆਦਿ ਲੇਖਾਂ ਰਾਹੀਂ ਸਾਧਕ ਦੇ ਭਰਮ ਦਾ ਨਾਸ਼ ਕਰਕੇ ਪ੍ਰਭੂ ਦੇ ਬਾਹਰੀ ਨਾਵਾਂ ਦੇ ਵਿਖੇਵੇਂ ਤੋਂ ਮੁਕਤ ਕਰਕੇ ਇਹੀ ਦ੍ਰਿੜ੍ਹ ਕਰਾਇਆ ਹੈ ਕਿ -

*ਕਹੁ ਨਾਨਕ ਗੁਰਿ ਖੋਇਓ ਭਰਮ॥ ਏਕੋ ਅਲਹੁ ਪਾਰਬ੍ਰਹਮ॥* ਪੰਨਾ - 897

ਗੁਰੂ, ਏਕਤਾ ਵਿਚ ਵਿਸ਼ਵਾਸ਼ ਰਖਦਾ ਹੈ, ਸਭ ਜੀਵਾਂ ਵਿਚ ਪ੍ਰਭੂ ਅੰਸ ਜਾਣ ਕੇ ਸਭ ਨੂੰ ਪਿਆਰ ਕਰਨ ਦਾ ਉਪਦੇਸ਼ ਦਿੰਦਾ ਹੈ, ਇਸੇ ਵਿਚ ਮੁਕਤੀ ਹੈ। ਗੁਰੂ ਆਪ ਤਾਂ ਸਦਾ ਮੁਕਤ ਹੈ ਪ੍ਰੰਤੂ ਉਹ ਸੰਸਾਰੀ ਜੀਵਾਂ ਦੇ ਕਲਿਆਣ ਹਿਤ ਗੁਰੂ ਜੋਤ ਦੀ ਨਿਰੰਤਰਤਾ ਦਾ ਸਿਧਾਂਤ ਪ੍ਰਗਟ ਕਰਦਾ ਹੈ। ਗੁਰੂ ਜੋਤ ਦੀ ਵਿਚਾਰਧਾਰਾ ਨੇ ਇਹ ਦ੍ਰਿੜ ਕਰਾਇਆ -

*ਏਕਾ ਸੁਰਤਿ ਜੇਤੇ ਹੈ ਜੀਅ॥ ਸੁਰਤਿ ਵਿਹੂਣਾ ਕੋਇ ਨ ਕੀਅ॥* ਪੰਨਾ - 24

ਗੁਰੂ ਦੇ ਪਿਆਰੇ ਸੰਤਾਂ, ਜਿਨ੍ਹਾਂ ਦੇ ਕੰਮ ਪ੍ਰਭੂ ਵਾਂਗ ਹੀ ਮਨੁੱਖਤਾ ਦੀ ਕਲਿਆਣ ਕਰਨਾ ਹੁੰਦਾ ਹੈ, ਸੰਸਾਰ ਦੇ ਲੋਕਾਂ ਤਾਂਈਂ ਪਿਆਰ ਵੰਡਦੇ ਹਨ। ਅੱਜ ਤਕ ਸੰਸਾਰ ਆਰਥਿਕ, ਸਮਾਜਿਕ ਤੇ ਰਾਜਨੀਤਿਕ ਪੱਧਰ ਤੇ ਇਕ ਸਮਾਨ ਨਹੀਂ ਹੋ ਸਕਿਆ। ਜੇਕਰ ਸੰਸਾਰ ਦੇ ਸਾਰੇ ਲੋਕ ਇਕ ਪੱਧਰ ਤੇ ਬਰਾਬਰ ਹੋ ਸਕਦੇ ਹਨ ਤਾਂ ਉਹ ਹੈ - ਆਤਮਕ ਪੱਧਰ (spiritual level)। ਸੰਸਾਰ ਦੇ ਸਾਰੇ ਜੀਵਾਂ ਅੰਦਰ ਇਕੋ ਪ੍ਰਭੂ ਦੀ ਅੰਸ ਹੈ। ਇਹ ਗੱਲ ਕਹਿਣ ਮਾਤਰ ਨਹੀਂ, ਮੰਨਣ ਨਾਲ ਹੀ ਇਕਸਾਰਤਾ ਆ ਸਕਦੀ ਹੈ। ਇਹੀ ਕਾਰਨ ਹੈ ਕਿ 'ਆਤਮ ਮਾਰਗ' ਕੇਵਲ ਪੰਜ ਮਹੀਨਿਆਂ ਅੰਦਰ ਹੀ ਵਿਸ਼ਵ ਭਰ ਦੇ ਲੋਕਾਂ ਵਿਚ ਹਰਮਨ ਪਿਆਰਾ ਬਣਦਾ ਜਾ ਰਿਹਾ ਹੈ। ਸਾਰੇ ਲੋਕ ਇਸਨੂੰ ਪੜ੍ਹਨ ਦੇ ਚਾਹਵਾਨ ਹਨ। ਚਾਹਵਾਨ ਕਿਉਂ ਹਨ? ਇਸਦਾ ਉਤਰ ਅਸੀਂ ਪਾਠਕਾਂ ਵਲੋਂ ਆਈਆਂ ਚਿੱਠੀਆਂ ਦੁਆਰਾ, ਸਨੇਹੀਆਂ ਦੇ ਪੰਨਿਆਂ ਹੇਠ ਦਰਜ ਕਰਦੇ ਰਹਿੰਦੇ ਹਾਂ।

ਅੱਜ ਦੇ ਵਿਗਿਆਨਕ ਯੁਗ ਅੰਦਰ ਜਿਥੇ ਸਾਰਾ ਸੰਸਾਰ ਇਕ ਦੂਸਰੇ ਦੇ ਨੇੜੇ ਆ ਰਿਹਾ ਹੈ, ਉਥੇ ਮਨੁੱਖ ਇਕ ਦੂਸਰੇ ਤੋਂ ਦੂਰ ਜਾ ਰਿਹਾ ਹੈ। ਇਸਦਾ ਕਾਰਨ ਪਦਾਰਥਵਾਦ (materialism) ਦੀ ਅੰਨ੍ਹੀ ਦੌੜ ਹੈ, ਇਸ ਦੌੜ ਨੇ ਮਨੁੱਖ ਨੂੰ ਆਤਮਕ ਪੱਖ ਤੋਂ ਦਿਵਾਲੀਆ ਬਣਾ ਦਿਤਾ ਹੈ। ਪਦਾਰਥਕ ਖੁਸ਼ਹਾਲੀ ਨੇ ਰੂਹਾਨੀ ਅਸੰਤੁਲਤਾ ਪੈਦਾ ਕਰ ਦਿਤੀ ਹੈ। ਆਤਮ ਮਾਰਗ ਦੇ ਸਾਰੇ ਲੇਖਾਂ ਨੂੰ ਜਦੋਂ ਗੰਭੀਰਤਾ ਨਾਲ ਪੜ੍ਹੀਏ ਤਾਂ ਪਤਾ ਲਗਦਾ ਹੈ ਕਿ ਇਹ ਜੀਵ ਨੂੰ ਬਾਹਰੀ ਦੌੜ-ਭੱਜ ਤੋਂ ਮੁਕਤ ਕਰਾ ਕੇ ਨਿਰਗੁਣ ਦੇ ਉਸ ਤੱਤ ਤੇ ਕੇਂਦਰਤ ਕਰਨਾ ਚਾਹੁੰਦੇ ਹਨ, ਜਿਥੋਂ ਸਭ ਲੋਕ ਬਰਾਬਰ ਦਿਸਦੇ ਹਨ -

*ਸਭੇ ਸਾਝੀਵਾਲ ਸਦਾਇਨਿ ਤੂ ਕਿਸੈ ਨ ਦਿਸਹਿ ਬਾਹਰਾ ਜੀਉ॥* ਪੰਨਾ - 97

ਰੱਬ ਨੂੰ ਮਿਲਣ ਵਾਲਾ ਰਸਤਾ ਕੋਈ ਸਿੱਧਾ ਹੈ, ਕੋਈ ਵਲ ਪਾ ਕੇ, ਘੁਮ-ਘੁਮਾ ਕੇ ਉਥੇ ਪਹੁੰਚਦਾ ਹੈ। ਬਾਹਰੀ ਸਾਧਨਾਂ ਨਾਲੋਂ ਅਧਿਆਤਮਕ ਸਾਧਨਾ, ਆਤਮਾ ਤੋਂ ਪਰਮਾਤਮਾਂ ਤਕ ਦਾ ਸਫਰ ਜਿਹੜਾ ਗੁਰਮਤਿ ਨੇ ਸੁਝਾਇਆ ਹੈ, ਉਹ ਸਾਰੇ ਆਹਰਾਂ ਨਾਲੋਂ ਸਰਬ ਸ੍ਰੇਸ਼ਟ ਇਸ ਵਾਸਤੇ ਹੈ ਕਿ ਇਹ ਸਰਲ, ਸਿੱਧਾ ਤੇ ਸੁਖੈਨ ਹੈ, ਸਹਜ ਮਾਰਗ ਹੈ। ਸਹਜ ਮਾਰਗ ਵਿਚ ਦੋਨਾਂ ਅੰਤਾਂ (extremes) ਦਾ ਤਿਆਗ ਹੈ, ਜਿਸਨੂੰ ਗੁਰਮਤਿ ਨੇ ਗਾਡੀ ਰਾਹ (National Highway) ਦਾ ਨਾਂ ਦਿਤਾ ਹੈ। ਇਸ ਮਾਰਗ ਵਿਚ ਸਾਧਕ, ਨਾ ਤਾਂ ਸੰਸਾਰ ਦਾ ਪੂਰਨ ਰੂਪ ਵਿਚ ਤਿਆਗ ਕਰਦਾ ਹੈ ਅਤੇ ਨਾ ਹੀ ਪੂਰਨ ਰੂਪ ਵਿਚ ਸੰਸਾਰ ਵਿਚ ਗਲਤਾਨ ਹੁੰਦਾ ਹੈ। ਇਸ ਆਹਰ ਤੋਂ ਬਿਨਾਂ ਬਾਕੀ ਸਭ ਆਹਰ ਵਿਅਰਥ ਦਸੇ ਹਨ। ਆਤਮ ਮਾਰਗ ਇਸ ਪ੍ਰਕਾਰ ਦੇ ਆਹਰ ਦਾ ਉਪਦੇਸ਼ ਕਰਦਾ ਹੈ -

*ਆਹਰ ਸਭਿ ਕਰਦਾ ਫਿਰੈ ਆਹਰੁ ਇਕੁ ਨ ਹੋਇ॥*
*ਨਾਨਕ ਜਿਤੁ ਆਹਰਿ ਜਗੁ ਉਧਰੈ ਵਿਰਲਾ ਬੂਝੈ ਕੋਇ॥* ਪੰਨਾ - 965

ਇਸ ਸੱਚੇ ਆਹਰ ਤੋਂ ਬਿਨਾਂ ਸੰਸਾਰੀ ਜੀਵ ਅਗਿਆਨਤਾ-ਵਸ ਦੁਖੀ ਹੈ, ਤਿੰਨਾਂ ਤਾਪਾਂ ਦੀ ਲਪੇਟ ਵਿਚ ਹੈ। ਸਾਰਾ ਸੰਸਾਰ ਦੁਖ ਪ੍ਰਤਿ ਜਾਣਦਾ ਹੋਇਆ ਵੀ ਇਸਦੇ ਦਾਰੂ ਨਾਮ ਤੋਂ ਅਗਿਆਤ ਹੈ। 'ਦੁਖ-ਸੁਖ' ਵਾਲੇ ਵਿਦਵਤਾ ਭਰਪੂਰ ਲੇਖ ਵਿਚ ਅਨੁਭਵੀ ਤਜਰਬੇ ਦੇ ਆਧਾਰ ਤੇ ਬਾਬਾ ਜੀ ਨੇ ਇਸ ਪ੍ਰਾਕਰ ਦੇ ਦੁਖ ਦੀ ਭਰਪੂਰ ਤੇ ਬਹੁਪੱਖੀ ਵਿਆਖਿਆ ਕੀਤੀ ਹੈ। ਗੁਰਬਾਣੀ ਕੇਵਲ ਜੀਵਨ ਸਮੱਸਿਆਵਾਂ ਪ੍ਰਤਿ ਜਾਣੂ ਹੀ ਨਹੀਂ ਕਰਾਉਂਦੀ ਸਗੋਂ ਇਨ੍ਹਾਂ ਦਾ ਹੱਲ ਵੀ ਦਸਦੀ ਹੈ। ਪਰਮਾਤਮਾ ਦੇ ਸਾਜੇ ਹੋਏ ਸੰਸਾਰ ਵਿਚ, 'ਮੈਂ' ਨਾਂ ਦੀ ਕੋਈ ਵਸਤ ਨਹੀਂ, ਜੀਵ ਹਉਮੈ ਅਧੀਨ ਜਦੋਂ 'ਮੈਂ-ਮੇਰੀ' ਦੇ ਬੰਧਨ ਵਿਚ ਫਸ ਜਾਂਦਾ ਹੈ ਤਾਂ ਦੁਖੀ ਹੁੰਦਾ ਹੈ।

*ਮੇਰੀ ਮੇਰੀ ਧਾਰਿ ਬੰਧਨਿ ਬੰਧਿਆ॥* ਪੰਨਾ - 761

*ਮੇਰਾ ਤੇਰਾ ਜਾਨਤਾ ਤਬ ਹੀ ਤੇ ਬੰਧਾ॥*
*ਗੁਰਿ ਕਾਟੀ ਅਗਿਆਨਤਾ ਤਬ ਛੁਟਕੇ ਫੰਦਾ॥* ਪੰਨਾ - 400

ਅਨੁਭਵੀ ਤਜ਼ਰਬਿਆਂ ਦੁਆਰਾ ਅੰਕਿਤ ਕੀਤੇ ਗੰਭੀਰ ਚਿੰਤਨ ਵਾਲੇ ਤੇ ਆਤਮ ਗਿਆਨ ਨਾਲ ਭਰਪੂਰ ਲੇਖਾਂ ਬਾਰੇ ਬੁੱਧੀ ਦੇ ਆਧਾਰ ਤੇ ਕੁਝ ਕਹਿਣਾ ਔਖਾ ਲਗਦਾ ਹੈ। ਇਹ ਤਾਂ ਪਰਮ ਪੁਰਖ ਦੀ ਘਾਟੀ ਵਾਂਗ ਹੈ, ਚੜ੍ਹਨ ਤੋਂ ਬਾਦ ਹੀ ਇਸ ਬਾਰੇ ਕੁਝ ਕਿਹਾ ਜਾ ਸਕਦਾ ਹੈ, ਘਾਟੀ ਦੇ ਦਾਮਨ ਵਿਚ ਖੜ੍ਹੇ ਹੋ ਕੇ ਘਾਟੀ ਦੀਆਂ ਆਤਮਕ ਮੰਜ਼ਲਾਂ ਬਾਰੇ ਪੂਰਾ ਇਨਸਾਫ ਕਰਨਾ ਮੁਸ਼ਕਲ ਹੈ। ਹਾਂ ਇਤਨਾ ਜ਼ਰੂਰ ਕਿਹਾ ਜਾ ਸਕਦਾ ਹੈ -

*ਸੰਤ ਸੰਗਿ ਅੰਤਰਿ ਪ੍ਰਭੁ ਡੀਠਾ॥ ਨਾਮੁ ਪ੍ਰਭੂ ਕਾ ਲਾਗਾ ਮੀਠਾ॥* ਪੰਨਾ - 293

ਆਤਮ ਮਾਰਗ ਦੇ ਖਾਸ ਕਰਕੇ ਅਨੁਭਵੀ ਮਹਾਂਪੁਰਸ਼ਾਂ ਦੇ ਲੇਖ ਆਤਮਕ ਜਾਗ੍ਰਤੀ ਪੈਦਾ ਕਰਨ ਵਾਲੇ ਹਨ। ਪਾਠਕ ਦੀ ਆਤਮਾ ਅੰਦਰ ਚੇਤਨਤਾ ਪੈਦਾ ਕਰਨ ਵਾਲੇ ਹਨ, ਬੁਝੀਆਂ ਹੋਈਆਂ ਜੋਤਾਂ ਨੂੰ ਜਗਾਉਣ ਵਾਲੇ ਹਨ, ਆਤਮਾ ਨੂੰ ਟੁੰਬਣ ਵਾਲੇ ਹਨ, ਸ਼ਰਧਾ ਤੇ ਲਗਨ ਨਾਲ ਪੜ੍ਹਨ ਉਪਰੰਤ ਆਤਮਾ ਸਹਜ ਸੁਭਾਏ ਕਹਿ ਉਠਦੀ ਹੈ -

*ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ॥*
*ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ॥* ਪੰਨਾ - 204

# ਸੁਖ-ਦੁਖ

*ਸੰਤ ਵਰਿਆਮ ਸਿੰਘ ਜੀ*
*ਬਾਨੀ ਤੇ ਮੁਖੀ ਵਿ. ਗੁ. ਰੂ. ਮਿਸ਼ਨ।*

ਜਦ ਤੋਂ ਸੰਸਾਰ ਦੀ ਉਤਪਤੀ ਹੋਈ ਹੈ, ਜਾਣੇ-ਅਣਜਾਣੇ ਜਿੰਨੇ ਵੀ ਸਰੀਰਧਾਰੀ ਹਨ, ਭਾਵੇਂ ਉਹ ਛੋਟੇ ਤੋਂ ਛੋਟਾ ਭੁਣ-ਹਣਾਂ ਹੈ ਜਾਂ ਵੱਡੇ ਤੋਂ ਵੱਡਾ ਹਾਥੀ ਆਦਿ ਹੈ। ਹਰ ਇਕ ਦੇ ਅੰਦਰ ਸੁਖ ਦੀ ਪ੍ਰਬਲ ਲੋਚਾ ਲਗੀ ਹੀ ਰਹਿੰਦੀ ਹੈ ਅਤੇ ਸੁਖ ਪ੍ਰਾਪਤੀ ਲਈ ਹਰ ਸਮੇਂ ਯਤਨਸ਼ੀਲ ਰਹਿੰਦਾ ਹੈ। ਇਥੋਂ ਤਕ ਕਿ ਅੱਜ ਦੇ scientific ਜੁਗ ਵਿਚ ਸਿੱਧ ਹੋ ਗਿਆ ਹੈ ਕਿ ਇਕ ਬ੍ਰਿਛ, ਬੂਟਾ ਚਾਹੇ ਉਹ ਛੋਟੇ ਤੋਂ ਛੋਟਾ ਫੁੱਲ ਦੇਣ ਵਾਲਾ ਹੈ ਜਾਂ ਵੱਡੇ ਤੋਂ ਵੱਡੇ ਬਰੋਟੇ ਵਰਗਾ ਬ੍ਰਿਛ ਹੈ, ਉਸਦੇ ਅੰਤਰੀਵ ਵੀ ਸੁਖ ਦੀ ਲੋਚਾ ਲਗੀ ਰਹਿੰਦੀ ਹੈ।

ਭਾਰਤ ਵਰਸ਼ ਦੇ ਇਕ ਬੰਗਾਲੀ ਡਾ. ਸ੍ਰੀ ਬੋਸ ਜੀ ਹੋਏ ਹਨ, ਜੋ ਬੂਟਿਆਂ ਦੇ ਗਹਿਨ ਵਿਗਿਆਨੀ ਸਨ। ਉਨ੍ਹਾਂ ਦੀਆਂ ਖੋਜਾਂ ਤੋਂ ਸਿਧ ਹੋਇਆ ਸੀ ਕਿ ਇਕ ਬ੍ਰਿਛ, ਫੁਲਾਂ ਦਾ ਬੂਟਾ ਜਾਂ ਫਲਾਂ ਵਾਲਾ ਛੋਟਾ ਬ੍ਰਿਛ, ਸੰਗੀਤਕ ਤਰਵਾਂ ਨੂੰ ਭਲੀਭਾਂਤ ਪ੍ਰਸੰਨਤਾ ਪੂਰਬਕ ਗ੍ਰਹਿਣ ਕਰਦਾ ਹੈ ਅਤੇ ਸੁਖ ਅਨੁਭਵ ਕਰਦਾ ਹੈ। ਉਸ ਸੁਖ ਦੇ ਅਨੁਭਵ ਕੀਤੇ ਅਸਰ ਰਾਹੀਂ ਬਹੁਤਾ ਫਲਦਾ ਹੈ, ਵੱਡੇ ਫੁਲ ਦਿੰਦਾ ਹੈ। ਇਸਦੇ ਵਿਪਰੀਤ ਅਮਰੀਕਾ ਵਿਚ (ਇਕ ਟੈਲੀਵੀਜ਼ਨ ਵਿਚ ਵੇਖੀ ਫਿਲਮ ਦੇ ਆਧਾਰ ਤੇ) ਹੋਈ research (ਖੋਜ) ਦੇ ਮੁਤਾਬਿਕ ਜਦੋਂ ਬੰਦਿਆਂ ਦਾ ਇਕ ਸਮੂਹ ਜੜੀ-ਬੂਟੀਆਂ, ਬੂਟਿਆਂ, ਬ੍ਰਿਛਾਂ, ਫਸਲਾਂ ਨੂੰ ਪਾਣੀ ਦੇਣ, ਖਾਦ ਪਾਉਣ ਅਤੇ ਗੁਡਾਈ ਕਰਨ ਦੇ ਇਰਾਦੇ ਨਾਲ ਚਲਦਾ ਹੈ ਤੇ ਜਦੋਂ ਬ੍ਰਿਛਾਂ, ਬੂਟਿਆਂ ਦੇ ਸਨਮੁਖ ਹੁੰਦਾ ਹੈ ਤਾਂ ਉਹ ਬੂਟੇ ਤੇ ਫਸਲਾਂ ਲਹਿਰਾਅ ਮਹਿਸੂਸ ਕਰਦੇ ਹਨ ਅਤੇ ਹੁਲਾਰੇ ਵਿਚ ਆਉਂਦੇ ਹਨ। ਮਨੁੱਖ ਦੇ ਮਨ ਦੀ ਭਾਵਨਾ ਜੋ telepathy (ਪਰਾ ਤੇ ਪਸੰਤੀ ਬਾਣੀ) ਰਾਹੀਂ ਉਸ ਬੂਟੇ ਦੀ ਚੇਤਨ ਹੋਂਦ ਦੇ ਨਾਲ ਸੰਪਰਕ ਕਰਦੀ ਹੈ ਤਾਂ ਉਹ ਭਾਵ ਮਹਿਸੂਸ ਹੁੰਦੇ ਹਨ ਕਿਉਂਕਿ ਇਕੋ ਆਤਮਾ ਤੋਂ ਸਾਰਾ ਪਸਾਰਾ ਹੋਣ ਕਰਕੇ ਸਾਰੀ ਬ੍ਰਹਿਮੰਡਕ ਹੋਂਦ ਦਾ ਅਸਲਾ ਇਕੋ ਹੈ। ਇਸ ਕਰਕੇ ਜ਼ਿੰਦਗੀ ਦੇ ਸਭ ਤੋਂ ਹੇਠਲੇ ਤਲ ਵਿਚ ਇਹ ਸਮਸਤ ਜੀਵਨ ਇਕੋ ਹੀ ਹੈ। ਪਰ ਜਿਉਂ-ਜਿਉਂ ਅਸੀਂ ਉਪਰਲਿਆਂ ਤਲਾਂ (spheres) ਵਿਚੋਂ ਲੰਘਦੇ ਹੋਏ ਸਭ ਤੋਂ ਉਪਰਲੇ ਤਲ ਵਿਚ ਨਿਵਾਸ ਕਰਦੇ ਹਾਂ ਤਾਂ ਅਸੀਂ ਆਪਣੀ ਵਿਕਲੋਤਰਤਾ ਨੂੰ ਗੂੜ੍ਹ ਰੂਪ ਵਿਚ ਅਪਣਾਅ ਲੈਂਦੇ ਹਾਂ ਅਤੇ ਅਸੀਂ ਆਪਣੇ ਚੌਗਿਰਦੇ, ਆਪਣੇ ਹਿਤਾਂ, ਆਪਣੇ ਸਬੰਧਾਂ, ਆਪਣੀਆਂ likes ਅਤੇ dislikes ਦੀ ਬਜਰ ਦੀਵਾਰ ਕਾਇਮ ਕਰ ਲੈਂਦੇ ਹਾਂ ਤਾਂ ਅਸੀਂ ਉਸ ਸਮਸਤ ਜੀਵਨ ਐਨਰਜੀ ਨਾਲੋਂ ਆਪਣੇ ਆਪ ਨੂੰ ਵਖਰਾ ਮਹਿਸੂਸ ਕਰਦੇ ਹਾਂ। ਸਾਰੇ ਜੀਵਧਾਰੀਆਂ ਦੀ ਹੇਠਲੀ ਸੂਝ ਤਹਿ ਇਕੋ ਤਲ ਦੇ ਉਤੇ ਹੋਣ ਕਰਕੇ ਸਮੁੱਚੇ ਜੀਵਨ ਦੀ ਇਕੋ ਯੂਨਿਟ ਬਣਾਉਂਦੀ ਹੈ। ਸੋ ਇਨ੍ਹਾਂ ਦੋਹਾਂ ਤਲਾਂ ਦਾ ਦਿਨ ਅਤੇ ਰਾਤ ਵਰਗਾ ਫਰਕ ਹੋਣ ਕਰਕੇ ਇਹ ਏਕਤਾ ਨੂੰ ਅਨੇਕਤਾ ਵਿਚ ਵੰਡ ਦਿੰਦੀ ਹੈ। ਸੋ ਜੋ ਮੈਂ ਦਰਖਤਾਂ ਦੀ ਗਲ ਕੀਤੀ ਹੈ, ਉਹ ਮਨੁੱਖ ਦੀ ਧੁਰ ਅੰਦਰਲੀ, ਉਸਦੇ ਪਰਾ ਅਤੇ ਪਸੰਤੀ ਭਾਵਾਂ ਵਿਚੋਂ ਨਿਕਲੀ ਪਿਆਰ ਰੌਆਂ ਦਿੰਦੀ ਐਨਰਜੀ, ਦਰਖਤਾਂ ਨੂੰ ਮਹਿਸੂਸ ਹੋਣ ਕਰਕੇ ਉਹ ਸ਼ੁਭ ਭਾਵਨਾ ਦੇ ਨਾਲ ਖੇੜੇ ਵਿਚ ਆ ਜਾਂਦੇ ਹਨ। ਇਸਦੇ ਵਿਪਰੀਤ ਜੇ ਕੁਝ ਬੰਦੇ cutter ਲੈ ਕੇ, ਕੁਹਾੜੇ ਤੇ ਆਰੇ ਲੈ ਕੇ ਉਨ੍ਹਾਂ ਨੂੰ ਕੱਟਣ ਲਈ ਜਾਂਦੇ ਹਨ ਤਾਂ ਉਨ੍ਹਾਂ ਦੀ ਮੰਦ ਭਾਵਨਾ ਵਾਲੀ ਚੇਤਨਾ ਤੋਂ ਪੈਦਾ ਹੋਈ ਐਨਰਜੀ ਉਨ੍ਹਾਂ ਦੇ ਅੰਦਰ ਦੁਖ ਅਤੇ ਭੈ ਦੇ ਸੰਕੇਤ ਪੈਦਾ ਕਰਦੀ ਹੈ। ਐਸੇ ਤਜਰਬੇ ਅੱਜ ਦੇ ਕੰਮਪਿਊਟਰ ਜੁਗ ਵਿਚ ਬਹੁਤ ਬਿਖਮ ਫਿਲਾਸਫੀ ਤੋਂ ਪਰਦੇ ਚੁੱਕ ਕੇ, ਮਨੁੱਖੀ ਮਨ ਦੇ ਅੰਦਰ ਇਕ ਸੰਘਰਸ਼ ਪੈਦਾ ਕਰ ਦਿੰਦੇ ਹਨ। ਸੋ ਜੋ ਭੀ ਜੀਵਧਾਰੀ ਸੰਸਾਰ ਦੇ ਵਿਚ ਹੈ, ਉਹ ਸੁਖ ਦਾ ਜੀਵਨ ਹੀ ਮੰਗਦਾ ਹੈ। ਜਦੋਂ ਅਸੀਂ ਬ੍ਰਿਛਾਂ, ਬੂਟਿਆਂ, ਪੰਛੀਆਂ, ਪਸ਼ੂਆਂ, ਮੱਛੀਆਂ, ਧਰਤੀ ਤੇ ਪੇਟ ਭਾਰ ਚਲਣ ਵਾਲੇ ਜੀਵਾਂ ਦੀ, ਅੰਡਜ, ਜੇਰਜ, ਸੇਤਜ ਦੀ ਦੁਨੀਆਂ ਨੂੰ ਛੱਡ ਕੇ ਮਨੁੱਖੀ ਮੰਡਲ ਵਿਚ ਆਉਂਦੇ ਹਾਂ ਤਾਂ ਅਸੀਂ ਸਾਰੇ ਪ੍ਰਤੱਖ ਅਨੁਭਵ ਕਰਦੇ ਹਾਂ ਅਤੇ ਪੂਰੀ ਤਰ੍ਹਾਂ ਲੋਚਦੇ ਹਾਂ ਕਿ ਜ਼ਿੰਦਗੀ ਦੀ ਚਾਲ ਦੇ ਅੰਦਰ ਦੁਖ, ਬਿਘਨ, ਪਰੇਸ਼ਾਨੀਆਂ, ਔਖਿਆਈਆਂ ਨਾਲ ਵਾਹ ਨਾ ਪਵੇ। ਸੁਖ ਦਾ ਜੀਵਨ ਹੀ ਬਤੀਤ ਹੋਵੇ ਅਤੇ ਜੋ ਕੁਝ ਵੀ ਅਸੀਂ ਚਾਹੀਏ, ਉਹੋ ਹੀ ਸਾਨੂੰ ਮਿਲਦਾ ਰਹੇ। ਸਾਡਾ ਮਾਣ ਹੋਵੇ, ਪੈਸੇ ਵਾਲੇ ਹੋਈਏ, ਵੱਡਾ ਅਹੁਦਾ ਸਾਨੂੰ ਪ੍ਰਾਪਤ ਹੋਵੇ, ਪਰ ਕਿਸੇ ਮੌਕੇ ਤੇ ਵੀ ਅਸੀਂ ਅਸਫਲ ਨਾ ਹੋਈਏ, ਸਦਾ ਸਫਲਤਾ ਅਸਾਡੀ ਜੀਵਨ ਚਾਲ ਵਿਚ ਸਾਥ ਦਿੰਦੀ ਰਹੇ ਅਤੇ ਅਸੀਂ ਜੀਵਨ ਦੇ ਅੰਦਰ ਸੁਖ ਦੇ ਸਾਹ ਲੈਂਦੇ ਜੀਵਨ ਬਤੀਤ ਕਰੀਏ। ਇਹ ਲੋਚਾ ਬਹੁਤ ਹਿਤ-ਪੂਰਵਕ ਹੈ। ਅਸਾਡੇ ਸਾਰੇ ਕਰਮ ਸੁਖ ਦੀ ਪ੍ਰਾਪਤੀ ਲਈ ਹੀ ਹੁੰਦੇ ਹਨ, ਪਰ ਫੇਰ ਵੀ ਅਣ-ਚਾਹਿਆ ਦੁਖ ਕਿਥੋਂ ਆ ਜਾਂਦਾ ਹੈ? ਜਦੋਂ ਤੋਂ ਸ੍ਰਿਸ਼ਟੀ ਹੋਂਦ ਵਿਚ ਆਈ ਹੈ, ਤਦ ਤੋਂ ਹੀ ਸੂਝਵਾਨ ਮਹਾਂਪੁਰਸ਼, ਪੀਰ, ਪੈਗੰਬਰ, ਅਉਲੀਏ, ਰਿਸ਼ੀ-ਮੁਨੀ, ਫਿਲਾਸਫਰ ਇਸ ਗੱਲ ਦੀ ਖੋਜ ਵਿਚ ਲਗੇ ਹੋਏ ਹਨ ਕਿ ਜੀਵਨ ਵਿਚ ਸੁਖ ਤੇ ਦੁਖ ਕਿਥੋਂ ਆ ਰਹੇ ਹਨ ਅਤੇ ਦੁਖ ਦਾ ਵਾਸਤਵਿਕ ਸਰੂਪ ਕੀ ਹੈ? ਦੁਖ ਪੈਦਾ ਹੋਣ ਦਾ ਵਾਸਤਵਿਕ ਕਾਰਣ ਕੀ ਹੈ ਅਤੇ ਦੁਖਾਂ ਦਾ ਨਿਤਾਂਤ ਅਭਾਵ ਕੀ ਹੈ? ਦੁਖਾਂ ਦੀ ਨਿਤਾਂਤ ਨਰਵਿਰਤੀ ਦਾ ਸਾਧਨ ਕੀ ਹੈ? ਦੁਖ ਕਿਸਨੂੰ ਅਨੁਭਵ ਹੁੰਦਾ ਹੈ? ਮਨੁੱਖ ਦੇ ਸੁਭਾਵਿਕ ਜਤਨ, ਸੁਖ ਦੀ ਪ੍ਰਾਪਤੀ ਲਈ ਕਿਉਂ ਹੁੰਦੇ ਹਨ? ਇਨ੍ਹਾਂ ਖੋਜਾਂ ਨੇ ਅੰਤਰੀਵੀ ਖੋਜ ਨੂੰ ਜਨਮ ਦਿਤਾ ਅਤੇ ਪੂਰਾ ਜੀਵਨ ਇਸ ਖੋਜ ਲਈ ਘਾਲ ਕਮਾਈ ਕਰਕੇ ਲਾਉਣ ਉਪਰੰਤ ਆਪਣੇ ਖੋਜ ਅਨੁਭਵ, ਸੰਸਾਰ ਲਈ ਸਾਂਝੇ ਕੀਤੇ।

ਇਨ੍ਹਾਂ ਖੋਜਾਂ ਨੇ - 1. ਵਾਹਿਗੁਰੂ ਦਾ ਸਰੂਪ ਕੀ ਹੈ? ਇਹ ਜੀਵ ਦਾ ਵਾਸਤਵਿਕ ਸਰੂਪ ਕੀ ਹੈ? ਇਹ ਸ੍ਰਿਸ਼ਟੀ ਦਾ ਵਾਸਤਵਿਕ ਸਰੂਪ ਕੀ ਹੈ? ਇਸ ਵਿਚ ਕਿਹੜੇ-ਕਿਹੜੇ ਤੱਤ ਹਨ ਜਿਨ੍ਹਾਂ ਕਰਕੇ ਦੁਖ ਪੈਦਾ ਹੁੰਦੇ ਹਨ ਜਾਂ ਸੁਖਾਂ ਦੀ ਪ੍ਰਾਪਤੀ ਹੁੰਦੀ ਹੈ? ਬਹੁਤ ਗਹਿਨ ਖੋਜਾਂ ਕਰਕੇ ਆਪਣੇ ਅਨੁਭਵ, ਖੋਜ ਪੁਸਤਕਾਂ ਵਿਚ ਦਰਜ ਕੀਤੇ ਅਤੇ ਉਨ੍ਹਾਂ ਨੂੰ ਸੰਸਾਰ ਨੇ ਪ੍ਰਵਾਨ ਕੀਤਾ। ਇਨ੍ਹਾਂ ਨੂੰ ਭਾਰਤੀ ਬੋਲੀ ਵਿਚ ਵਖੋ-ਵਖਰੇ ਸ਼ਾਸ਼ਤਰ ਕਹਿੰਦੇ ਹਨ। ਜਿਵੇਂ ਕਿ ਨਿਆਇ ਸਾਸ਼ਤਰ, ਮੀਮਾਂਸਾ (ਉਤਰ ਮੀਮਾਂਸਾ, ਪੂਰਬ ਮੀਮਾਂਸਾ), ਵੇਦਾਂਤ ਸਾਸ਼ਤਰ, ਵਿਸ਼ੈਸ਼ਕ ਸਾਸ਼ਤਰ, ਸਾਂਖ ਸਾਸ਼ਤਰ, ਯੋਗ ਸਾਸ਼ਤਰ; ਇਹ ਖਟ ਦਰਸ਼ਨ ਵੇਦਾਂ ਦੇ ਉਪਾਂਗ ਅਖਵਾਉਂਦੇ ਹਨ। ਇਨ੍ਹਾਂ ਸਾਰੇ ਸਾਸ਼ਤਰਾਂ ਵਿਚ ਸੁਖ ਦੀ ਅੰਤਿਮ ਸੀਮਾਂ ਨੂੰ **'ਮੋਖਸ਼'** ਆਖਿਆ ਜਾਂਦਾ ਹੈ। ਇਸ ਵਿਚ ਕਿਹੜੇ-ਕਿਹੜੇ ਸਾਧਨ ਕਰਕੇ ਪਹੁੰਚਿਆ ਜਾਵੇ ਅਤੇ ਦੁਖਾਂ ਤੋਂ ਪੂਰੀ ਤਰ੍ਹਾਂ ਨਾਲ ਪਿੱਛਾ ਛੁਡਾ ਕੇ ਪਰਮ ਸੁਖ ਦੀ ਅਵਸਥਾ ਕਿਵੇਂ ਮਾਣੀ ਜਾਵੇ? **ਇਸਨੂੰ 'ਮੋਖਸ਼ ਇੱਛਾ'** ਆਖਦੇ

ਹਨ। ਸਾਰੇ ਸ਼ਾਸ਼ਤਰਾਂ ਦੇ ਆਪੋ-ਆਪਣੇ ਟੀਚੇ ਹਨ। ਕਿਸੇ ਦਾ ਬਹੁਤ ਗਹਿਰਾ ਹੈ, ਕਿਸੇ ਦਾ ਪੇਤਲਾ ਹੈ। ਇਸ ਵਿਸ਼ੇ ਵਿਚ ਮੈਂ ਨਹੀਂ ਪੈਂਦਾ ਕਿਉਂਕਿ ਮੇਰਾ ਵਿਸ਼ਾ ਕੇਵਲ ਦੁਖ ਦਾ ਅਭਾਵ ਅਤੇ ਸੁਖ ਦੀ ਪੂਰਨ ਪ੍ਰਾਪਤੀ ਹੈ। ਇਨ੍ਹਾਂ ਸ਼ਾਸ਼ਤਰਾਂ ਨੇ ਵਖੋ-ਵਖਰੇ ਸਾਧਨ ਪ੍ਰਚਲਤ ਕੀਤੇ ਹਨ, ਜੋ 1. ਕਰਮ, 2. ਉਪਾਸ਼ਨਾ, 3. ਗਿਆਨ ਵਿਚ ਹੀ ਆ ਜਾਂਦੇ ਹਨ। ਇਨ੍ਹਾਂ ਸ਼ਾਸ਼ਤਰਾਂ ਦੇ ਮੁਤਾਬਿਕ ਦੁਖ ਤਿੰਨ ਪਾਸਿਓਂ ਇਨਸਾਨ ਉਪਰ ਆਉਂਦਾ ਹੈ। ਇਕ ਨੂੰ ਅਧਿਆਤਮ ਦੁਖ, ਦੂਜੇ ਨੂੰ ਅਧਿਦੈਵਕ ਦੁਖ ਅਤੇ ਤੀਸਰੇ ਨੂੰ ਅਧਿਭੂਤਕ ਦੁਖ ਆਖਿਆ ਜਾਂਦਾ ਹੈ।

ਗੁਰਮਤਿ ਅਨੁਸਾਰ ਉਪਰਲੀ ਪੱਧਰ ਦੇ ਮਾਨਸਿਕ ਦੁਖਾਂ ਨੂੰ ਚਾਰ ਹਿੱਸਿਆਂ ਵਿਚ ਵੰਡਿਆ ਗਿਆ ਹੈ। ਇਕ ਦੁਖ ਸੰਜੋਗ-ਵਿਜੋਗ ਦੇ ਅਟੱਲ ਨਿਯਮ ਦੇ ਮੁਤਾਬਿਕ ਜੀਵ, ਵਸਤੂ, ਸਬੰਧ ਤੇ ਹਿਤਾਂ ਦੀ ਪੂਰਤੀ ਲਈ ਕੁਝ ਪ੍ਰਾਪਤ ਹੋ ਕੇ ਵਿਛੜ ਜਾਣਾ, ਕਿਸੇ ਪਰਮ ਸਨੇਹੀ ਦੀ ਮਿਰਤੂ ਹੋ ਜਾਣਾ, ਜਾਇਦਾਦ ਨਸ਼ਟ ਹੋ ਜਾਣੀ, ਮਾਨ ਪ੍ਰਾਪਤੀ ਦਾ ਪਤਨ ਹੋ ਜਾਣਾ, ਇਹ ਵਿਛੋੜੇ ਵਿਚ ਆ ਜਾਂਦੇ ਹਨ।

ਦੂਸਰਾ ਦੁਖ ਮਹਾਰਾਜ ਜੀ ਨੇ ਭੁੱਖ ਦਾ ਦਸਿਆ ਹੈ। ਇਸ ਭੁੱਖ ਵਿਚ ਸਰੀਰਕ ਭੁੱਖ, ਭੋਗਾਂ ਦੀ ਭੁੱਖ, ਦਰਸ਼ਨ ਮੇਲਿਆਂ, ਸੈਰਾਂ-ਸਪਾਟਿਆਂ ਦੀ ਭੁੱਖ, ਵੱਡੀਆਂ-ਵੱਡੀਆਂ ਪਦਵੀਆਂ ਪ੍ਰਾਪਤ ਕਰਨ ਦੀ ਭੁੱਖ, ਮਾਨ ਪ੍ਰਾਪਤ ਕਰਨ ਦੀ ਭੁੱਖ ਅਤੇ ਸਭ ਤੋਂ ਵੱਡੀ ਪੈਸਾ, ਟਕਾ, ਜਾਇਦਾਦ ਪ੍ਰਾਪਤ ਕਰਨ ਦੀ ਭੁੱਖ ਹੋਇਆ ਕਰਦੀ ਹੈ। ਇਸ ਭੁੱਖ ਨੂੰ ਮਹਾਰਾਜ ਜੀ ਨੇ ਤ੍ਰਿਸ਼ਨਾ ਦੀ ਭੁੱਖ ਆਖਿਆ ਹੈ। ਜਿਸਨੂੰ ਅਗਨ ਦੇ ਭਾਂਬੜ ਨਾਲ ਤੁਲਨਾ ਦਿਤੀ ਹੈ। ਜੋ ਹਿਰਦੇ ਦੀ ਪ੍ਰਮ ਸ਼ਾਂਤ ਨੂੰ ਹਰ ਵਕਤ ਭੰਗ ਕਰਦੀ ਰਹਿੰਦੀ ਹੈ। ਇਹ ਤ੍ਰਿਸ਼ਨਾ ਕਿਸੇ ਵਿਰਲੇ ਪੁਰਸ਼ ਦੀ ਬੁਝਦੀ ਹੈ, ਨਹੀਂ ਤਾਂ ਸਾਰਾ ਸੰਸਾਰ ਇਸ ਅੱਗ ਦੇ ਭੱਠ ਵਿਚ ਸਭ ਕੁਝ ਹੁੰਦੇ ਹੋਇਆਂ ਸੜ ਕੇ ਪ੍ਰਮ ਦੁਖੀ ਹੋ ਰਿਹਾ ਹੈ -

*ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੇ॥*
*ਕੋਟਿ ਜੋਰੇ ਲਾਖ ਕ੍ਰੋਰੇ ਮਨੁ ਨ ਹੋਰੇ॥*
*ਪਰੈ ਪਰੈ ਹੀ ਕਉ ਲੁਝੀ ਹੇ॥* *ਪੰਨਾ - 213*

ਏਥੋਂ ਤਕ ਗੁਰਮਤਿ ਅਨੁਸਾਰ ਪ੍ਰਗਟ ਹੈ ਕਿ ਸਾਰੀ ਸ੍ਰਿਸ਼ਟੀ ਦਾ ਰਾਜ ਪ੍ਰਾਪਤ ਕਰਨ ਉਪਰੰਤ ਵੀ ਉਸਦੇ ਮਨ ਨੂੰ ਸ਼ਾਂਤੀ ਪ੍ਰਾਪਤ ਨਹੀਂ ਹੁੰਦੀ -

*ਵਡੇ ਵਡੇ ਰਾਜਨ ਅਰੁ ਭੂਮਨ*
*ਤਾ ਕੀ ਤ੍ਰਿਸਨ ਨ ਬੂਝੀ॥*
*ਲਪਟਿ ਰਹੇ ਮਾਇਆ ਰੰਗ ਮਾਤੇ*
*ਲੋਚਨ ਕਛੂ ਨ ਸੂਝੀ॥*
*ਬਿਖਿਆ ਮਹਿ ਕਿਨ ਹੀ ਤ੍ਰਿਪਤਿ ਨ ਪਾਈ॥*
*ਜਿਉ ਪਾਵਕੁ ਈਧਨਿ ਨਹੀ ਧ੍ਰਾਪੈ*
*ਬਿਨੁ ਹਰਿ ਕਹਾ ਅਘਾਈ॥* *ਪੰਨਾ - 672*

ਇਹ ਤ੍ਰਿਸ਼ਨਾ ਦਾ ਵੱਡਾ ਮਾਨਸਿਕ ਰੋਗ ਜੋ ਅਤਿਅੰਤ ਪੀੜਾ ਦਿੰਦਾ ਹੈ, ਇਹ ਮਾਇਆ ਦਾ ਜਾਲ ਪਸਰਿਆ ਹੋਇਆ ਹੋਣ ਕਰਕੇ ਹੈ -

*ਮਾਇਆ ਜਾਲੁ ਪਸਾਰਿਆ ਭੀਤਰਿ ਚੋਗ ਬਣਾਇ॥*
*ਤ੍ਰਿਸਨਾ ਪੰਖੀ ਫਾਸਿਆ ਨਿਕਸੁ ਨ ਪਾਏ ਮਾਇ॥*
*ਪੰਨਾ - 50*

ਅਗਿਆਨ ਦੀ ਭਰੀ ਹੋਈ ਤ੍ਰਿਸ਼ਨਾ ਇਸ ਤਨ ਨੂੰ ਹਰ ਵਕਤ ਜਾਲਦੀ ਰਹਿੰਦੀ ਹੈ। ਇਹ ਜੀਵ ਸਭ ਪ੍ਰਾਪਤੀਆਂ ਦੇ ਹੁੰਦੇ ਹੋਇਆਂ ਭੀ ਤ੍ਰਿਸ਼ਨਾ ਦੇ ਦੁਖ ਵਿਚ ਫਸਿਆ ਜਲਦਾ ਰਹਿੰਦਾ ਹੈ -

*ਅਗਿਆਨੁ ਤ੍ਰਿਸਨਾ ਇਸੁ ਤਨਹਿ ਜਲਾਏ॥*
*ਪੰਨਾ - 1067*

ਸਾਰਾ ਹੀ ਸੰਸਾਰ ਇਸ ਅਗਨ ਵਿਚ ਜਲਣ ਕਰਕੇ ਮਹਾਂ ਦੁਖੀ ਹੋ ਰਿਹਾ ਹੈ ਅਤੇ ਇਸਨੂੰ ਕੁਝ ਵੀ ਨਹੀਂ ਸੁੱਝ ਰਿਹਾ ਕਿਉਂਕਿ ਇਸਦੀ ਦਵਾਈ ਨਾ ਹੀ ਡਾਕਟਰਾਂ ਕੋਲ ਹੈ ਅਤੇ ਨਾ ਹੀ ਵੈਦਾਂ ਕੋਲ ਹੋਇਆ ਕਰਦੀ ਹੈ। ਇਸ ਤ੍ਰਿਸ਼ਨਾ ਦੀ ਅਗਨ ਵਿਚ ਜਲਦੇ, ਸੰਸਾਰ ਦੇ ਵਿਚੋਂ ਆਹਾਂ ਭਰਦਾ ਪ੍ਰਲੋਕ ਦਾ ਦੁਖ ਸਹਾਰਨ ਲਈ ਅਮੁਲ ਮਾਨਸ ਜਨਮ ਨੂੰ ਬਰਬਾਦ ਕਰ ਦਿੰਦਾ ਹੈ -

*ਤ੍ਰਿਸਨਾ ਅਗਨਿ ਜਲੈ ਸੰਸਾਰਾ॥*
*ਜਲਿ ਜਲਿ ਖਪੈ ਬਹੁਤੁ ਵਿਕਾਰਾ॥* *ਪੰਨਾ - 1044*

ਤੀਸਰਾ ਦੁਖ ਮਹਾਰਾਜ ਜੀ ਨੇ ਇਸ ਸੰਸਾਰ ਤੋਂ ਚਲੇ ਜਾਣ ਦਾ, ਯਾਨਿ ਕਿ ਜਮਾਂ ਦੇ ਵਸ ਪੈਣ ਦਾ ਵਰਣਨ ਕੀਤਾ ਹੈ। ਜੀਵ ਸੰਸਾਰ ਵਿਚ ਆਉਂਦਾ ਹੈ; ਜਦੋਂ ਮਾਤਾ ਦੇ ਪੇਟ ਵਿਚ ਹੁੰਦਾ ਹੈ ਤਾਂ ਇਹ ਬਾਰ-ਬਾਰ ਬੇਨਤੀਆਂ ਕਰਦਾ ਹੈ ਕਿ ਹੇ ਪ੍ਰਭੂ! ਮੈਨੂੰ ਇਸ ਕੁੰਭੀ ਨਰਕ ਵਿਚੋਂ ਕੱਢੋ। ਤੇਰਾ ਨਾਮ ਜੋ ਇਸ ਕੁੰਭੀ ਨਰਕ ਵਿਚ ਦੁੱਖ ਦੀ ਲਾਗ ਨਹੀਂ ਲਗਣ ਦੇ ਰਿਹਾ, ਜੋ ਇਕ ਧੁਨ ਦੇ ਰੂਪ ਵਿਚ ਮੈਨੂੰ ਸੰਗੀਤਕ ਤਰਵਾਂ ਦਿੰਦਾ ਜੀਵਤ ਰਖ ਰਿਹਾ ਹੈ, ਇਸ ਨਾਮ ਦੀ ਬਰਕਤ ਨੂੰ ਮੈਂ ਅਨੁਭਵ ਕਰ ਲਿਆ ਅਤੇ ਮੈਂ ਸੰਸਾਰ ਵਿਚ ਜਾਵਾਂਗਾ ਤਾਂ ਇਸ ਨਾਮ ਨੂੰ ਇਕ ਪਲ ਵਾਸਤੇ ਵੀ ਨਹੀਂ ਭੁੱਲਾਂਗਾ। ਇਸ ਬਾਰੇ ਮਹਾਰਾਜ ਜੀ ਸੰਕੇਤ ਦਿੰਦੇ ਹਨ -

*ਗਰਭ ਕੁੰਟ ਮਹਿ ਉਰਧ ਤਪ ਕਰਤੇ॥*
*ਸਾਸਿ ਸਾਸਿ ਸਿਮਰਤ ਪ੍ਰਭੁ ਰਹਤੇ॥* *ਪੰਨਾ - 251*

ਜਦੋਂ ਮਾਤਾ ਦੇ ਪੇਟ ਵਿਚੋਂ ਬਾਹਰ ਆ ਜਾਂਦਾ ਹੈ ਤਾਂ ਉਹ ਜੀਵ ਉਸ ਸ਼ਬਦ ਨੂੰ ਇਕ ਦਮ ਭੁੱਲ ਕੇ ਮਾਇਆ ਵਿਚ ਪਰਵਿਰਤ ਹੋ ਜਾਂਦਾ ਹੈ। ਪਹਿਲਾਂ ਇਸਨੂੰ ਦੁੱਧ ਨਾਲ ਪਿਆਰ ਪੈਂਦਾ ਹੈ। ਫੇਰ ਮਾਤਾ-ਪਿਤਾ ਦੇ ਸਬੰਧ ਨੂੰ ਕਲਪਿਤ ਕਰਦਾ ਹੈ। ਉਨ੍ਹਾਂ ਦੇ ਮੋਹ ਵਿਚ ਗ੍ਰਸਤ ਹੁੰਦਾ ਹੈ। ਫੇਰ ਆਪਣੇ ਭਾਈ, ਭੈਣ ਆਦਿ ਸਬੰਧੀਆਂ ਦੀ ਸਿਮ੍ਰਤੀ ਨੂੰ ਅੰਤਸ਼ਕਰਣ ਵਿਚ ਸਥਿਤ ਕਰਦਾ ਹੈ। ਫਿਰ ਵੱਡਾ ਹੋਣ ਤੇ ਖੇਡਾਂ ਨਾਲ ਪਿਆਰ ਪੈ ਜਾਂਦਾ ਹੈ ਅਤੇ ਇਸਤੋਂ ਅੱਗੇ ਖਾਣ ਪੀਣ ਦੇ ਰਸਾਂ, ਕੁ-ਰਸਾਂ ਵਿਚ ਪੂਰੀ ਤਰ੍ਹਾਂ ਨਾਲ ਗ੍ਰਸਤ ਹੋ ਜਾਂਦਾ ਹੈ। ਮਾਸ, ਮੱਛੀ, ਮਧਰਾ ਆਦਿ ਤਮੋ ਗੁਣੀ ਭੋਜਨਾਂ ਦੇ ਵਿਚ ਗੁਲਤਾਨ ਹੋ ਕੇ ਸਤੋ ਗੁਣੀ ਸੂਝ ਨੂੰ ਗਵਾ ਬੈਠਦਾ ਹੈ ਅਤੇ ਉਨ੍ਹਾਂ ਖਾਣਿਆਂ ਦੇ ਰਸਾਂ ਵਿਚ ਗੁਲਤਾਨ ਹੋਇਆ ਪ੍ਰਭੂ ਦੀ ਯਾਦ ਨੂੰ ਵਿਸਿਮਰਨ ਕਰ ਦਿੰਦਾ ਹੈ। ਇਸ ਤੋਂ ਅੱਗੇ ਭਰ ਜਵਾਨੀ ਦੇ, ਉਚੀਆਂ ਲਹਿਰਾਂ ਮਾਰਦੇ ਉਛਾਲੇ, ਇਸਨੂੰ ਭੋਗਾਂ ਦੀ ਰੁਚੀਆਂ ਵਿਚ ਗੁਲਤਾਨ ਕਰ ਦਿੰਦੇ ਹਨ ਅਤੇ ਇਹ ਵਿਸ਼ੇ ਭੋਗਾਂ ਵਿਚੋਂ ਅਨੰਦ ਦੀ ਪ੍ਰਾਪਤੀ ਲਈ ਯਤਨਸ਼ੀਲ ਹੁੰਦਾ ਹੈ ਅਤੇ ਭੋਗਾਂ ਦੀ ਅਧਿਕਤਾ ਦੇ ਕਾਰਨ ਆਪਣੇ ਸਰੀਰ ਦਾ ਨਾਸ਼ ਕਰਕੇ ਦੁਖਾਂ ਦੇ ਡੂੰਘੇ ਖੂਹ ਵਿਚ ਧੱਕਿਆ ਜਾਂਦਾ ਹੈ ਅਤੇ ਇਸ ਵਿਚ ਗਿਰਕੇ AIDS (ਏਡਜ਼) ਵਰਗੇ ਭੈੜੇ ਦੁਖਾਂ ਨੂੰ ਅਤੇ ਇਸਤੋਂ ਭੈੜੇ ਸਰੀਰਕ ਰੋਗਾਂ ਵਿਚ ਫੜਿਆ ਜਾਂਦਾ ਹੈ।

ਇਸ ਤੋਂ ਬਾਦ ਇਸਨੂੰ ਸੋਚ ਫੁਰਦੀ ਹੈ ਕਿ ਮੈਨੂੰ ਬੁਢਾਪੇ ਲਈ, ਖਾਣ ਪੀਣ, ਰਹਿਣ ਲਈ ਮਾਇਆ ਦੀ ਲੋੜ ਹੈ, ਫੇਰ ਜਾਇਜ਼-ਨਜ਼ਾਇਜ਼ ਤਰੀਕਿਆਂ ਦੇ ਨਾਲ ਮਾਇਆ ਇਕੱਠੀ ਕਰਨ ਲਈ ਜਤਨਸ਼ੀਲ ਹੁੰਦਾ ਹੈ। ਇਹ ਮਾਇਆ ਪਾਪਾਂ ਤੋਂ ਬਗੈਰ ਇਕੱਠੀ ਹੋਣੀ

ਕਿਸੇ ਵਿਰਲੇ ਦੇ ਹਿੱਸੇ ਵਿਚ ਹੀ ਆਉਂਦੀ ਹੈ। ਇਸ ਮਾਇਆ ਨੂੰ ਇਕੱਤਰ ਕਰਨ ਲਈ ਕੀਤੇ ਦੋਸ਼ ਇਸਦੇ ਅੰਤਸ਼ਕਰਣ ਵਿਚ ਦੁਰਗੰਧੀ ਮਾਰਦੀ ਮੈਲ ਦੇ ਰੂਪ ਵਿਚ ਜਮ੍ਹਾਂ ਹੋ ਜਾਂਦੇ ਹਨ। ਇਸ ਤੋਂ ਉਪਰੰਤ ਜਿਸ ਪਰਵਾਰ ਲਈ ਇਸਨੇ ਪਾਪਾਂ ਤੇ ਭੋਗਾਂ ਦੀ ਜ਼ਿੰਦਗੀ ਨੂੰ ਅਪਣਾਇਆ, ਉਹ ਇਸਦੀ ਇਕ ਰੱਤੀ ਭਰ ਵੀ ਕਦਰ ਨਹੀਂ ਕਰਦੇ ਅਤੇ ਨਾ ਹੀ ਇਸਦਾ ਕਹਿਣਾ ਮੰਨਦੇ ਹਨ। ਅਜਿਹੀ ਅਵਸਥਾ ਵਿਚ ਇਹ ਆਪਣੇ ਸਰੀਰ ਨੂੰ ਕ੍ਰੋਧ ਦੇ ਵਿਸਫੋਟ ਕਰ-ਕਰਕੇ ਗਾਲ ਦਿੰਦਾ ਹੈ ਅਤੇ ਅੰਤ ਦੁਖਾਂ ਭਰਿਆ ਸਮਾਂ, ਉਭੇ ਸਾਹ ਲੈ ਕੇ ਲੰਘਾਉਂਦਾ ਹੋਇਆ, ਇਸ ਸੰਸਾਰ ਤੋਂ ਜਦੋਂ ਜਾਣ ਲਗਦਾ ਹੈ ਤਾਂ ਇਸਦੀਆਂ ਬਾਹਾਂ ਮਹਾਂਭਿਆਨਕ ਜਮਦੂਤਾਂ ਦੇ ਹੱਥ ਵਿਚ ਫੜੀਆਂ ਹੋਣ ਕਰਕੇ ਇਹ ਬਹੁਤ ਹੀ ਦੁਖ ਮਹਿਸੂਸ ਕਰਦਾ ਹੈ। ਇਸ ਦੀ ਐਸੀ ਅਵਸਥਾ ਨੂੰ ਗੁਰੂ ਮਹਾਰਾਜ ਜੀ ਨੇ ਦਰਸਾਉਂਦਿਆਂ ਫੁਰਮਾਇਆ ਹੈ ਕਿ –

*ਆਪੀਨੈ ਭੋਗ ਭੋਗਿ ਕੈ*
*ਹੋਇ ਭਸਮੜਿ ਭਉਰੁ ਸਿਧਾਇਆ॥*
*ਵਡਾ ਹੋਆ ਦੁਨੀਦਾਰੁ*
*ਗਲਿ ਸੰਗਲੁ ਘਤਿ ਚਲਾਇਆ॥*
*ਅਗੈ ਕਰਣੀ ਕੀਰਤਿ ਵਾਚੀਐ*
*ਬਹਿ ਲੇਖਾ ਕਰਿ ਸਮਝਾਇਆ॥*
*ਥਾਉ ਨ ਹੋਵੀ ਪਉਦੀਈ*
*ਹੁਣਿ ਸੁਣੀਐ ਕਿਆ ਰੂਆਇਆ॥*
*ਮਨਿ ਅੰਧੈ ਜਨਮੁ ਗਵਾਇਆ॥* ***ਪੰਨਾ - 464***

ਇਸ ਅਵਸਥਾ ਨੂੰ *'ਪਹਿਲੈ ਪਿਆਰਿ ਲਗਾ ਥਣ ਦੁਧਿ॥' (ਪੰਨਾ – 137)* ਵਾਲੇ ਸ਼ਬਦ ਵਿਚ ਪੂਰੀ ਤਰ੍ਹਾਂ ਦਰਸਾਇਆ ਹੈ।

ਸੋ ਇਹ ਅੰਤ ਸਮੇਂ ਦਾ ਜਮਦੂਤਾਂ ਦਾ ਦੁਖ ਬਹੁਤ ਹੀ ਭਿਆਨਕ ਹੈ। ਇਸ ਤੋਂ ਅੱਗੇ ਗੁਰੂ ਮਹਾਰਾਜ ਜੀ ਸਰੀਰਕ ਦੁਖਾਂ ਦੀ ਗਿਣਤੀ ਕਰਦੇ ਹਨ। ਸਰੀਰਕ ਦੁਖ ਪ੍ਰਮੇਸ਼ਰ ਨੂੰ ਭੁੱਲ ਕੇ, ਭੋਗਾਂ ਵਿਚ ਪ੍ਰਵਿਰਤ ਹੋਣ ਨਾਲ, Tension (ਤਣਾਉ) ਵੱਧਣ ਨਾਲ, ਬੇ-ਨਿਯਮੀਆਂ ਕਰਨ ਦੇ ਨਾਲ, ਆਚਾਰ, ਵਿਹਾਰ, ਵਿਚਾਰ ਸ਼ੁਧ ਨਾ ਰੱਖਣ ਦੇ ਕਾਰਨ ਸਾਰੀਆਂ ਮਰਿਯਾਦਾਵਾਂ ਭੰਗ ਕਰਨ ਕਰਕੇ ਆ ਜਾਇਆ ਕਰਦੇ ਹਨ। ਇਨ੍ਹਾਂ ਵਿਚੋਂ ਐਸੇ ਦੁਖ ਵੀ ਹੁੰਦੇ ਹਨ ਜਿਨ੍ਹਾਂ ਲਈ ਹਕੀਮਾਂ, ਵੈਦਾਂ, ਡਾਕਟਰਾਂ ਦੇ ਪਾਸ ਕੋਈ ਦਾਰੂ ਨਹੀਂ ਹੋਇਆ ਕਰਦਾ।

ਇਨ੍ਹਾਂ ਦੁਖਾਂ ਤੋਂ ਇਲਾਵਾ ਗੁਰੂ ਮਹਾਰਾਜ ਜੀ ਨੇ ਸਭ ਤੋਂ ਵੱਡਾ ਦੁੱਖ, ਜਿਸਦਾ ਇਲਾਜ ਕਰੋੜਾਂ ਸਾਲਾਂ ਵਿਚ ਵੀ ਸਧਾਰਨ ਹਾਲਤ ਵਿਚ, ਬਿਨਾਂ ਗੁਰੂ ਦੇ ਮਿਲਿਆਂ, ਹੋਣਾ ਅਸੰਭਵ ਹੈ। ਇਸ ਦੁਖ ਦੇ ਕਾਰਣ ਇਹ ਜੀਵ ਸਦਾ ਹੀ ਜੰਮਦਾ ਤੇ ਮਰਦਾ ਰਹਿੰਦਾ ਹੈ। ਅਨੇਕਾਂ ਜਨਮਾਂ-ਜਨਮਾਂਤਰਾਂ ਵਿਚ ਅਨੇਕ ਤਰ੍ਹਾਂ ਦੀਆਂ ਦੇਹਾਂ ਦੇ ਵਿਚ ਇਹ ਜੀਵ ਆਤਮਾ ਪ੍ਰਵੇਸ਼ ਕਰਕੇ ਅਤਿਅੰਤ ਦੁਖੀ ਹੁੰਦੀ ਹੈ ਜਿਵੇਂ ਕਿ ਫੁਰਮਾਨ ਹੈ –

*ਕਈ ਜਨਮ ਭਏ ਕੀਟ ਪਤੰਗਾ॥*
*ਕਈ ਜਨਮ ਗਜ ਮੀਨ ਕੁਰੰਗਾ॥*
*ਕਈ ਜਨਮ ਪੰਖੀ ਸਰਪ ਹੋਇਓ॥*
*ਕਈ ਜਨਮ ਹੈਵਰ ਬ੍ਰਿਖ ਜੋਇਓ॥* ***ਪੰਨਾ - 176***

ਉਪਰ ਕਥੇ ਦੁਖਾਂ ਤੋਂ ਇਲਾਵਾ ਵਾਸ਼ਨਾਵਾਂ ਦੀ ਪੂਰਤੀ ਦਾ ਦੁਖ ਵੀ ਮਹਾਨ ਭਿਆਨਕ ਹੈ। ਵਾਸ਼ਨਾ ਆਦਮੀ ਦੇ ਅੰਦਰ ਸਦਾ ਹੀ ਇਸਦੀ ਸ਼ਾਂਤੀ ਨੂੰ ਮਧਾਣੀ ਵਾਂਗੂੰ ਰਿੜਕਦੀ ਰਹਿੰਦੀ ਹੈ। ਧਨ ਵਾਸ਼ਨਾ ਦੀ ਪੂਰਤੀ ਲਈ ਔਖੇ ਤੋਂ ਔਖੇ ਥਾਵਾਂ ਤੇ ਜਿਵੇਂ ਕਿ ਗਹਿਰੀਆਂ ਅੰਧਕਾਰਮਈ ਕਾਨ੍ਹਾਂ ਵਿਚ ਆਪਣੇ ਜੀਵਨ ਦੀ ਬਾਜ਼ੀ ਲਾ ਕੇ, ਸਮੁੰਦਰ ਦੀਆਂ ਭਿਆਨਕ ਗਹਿਰਾਈਆਂ ਵਿਚ ਗੋਤੇ ਲਾ ਕੇ, ਸ਼ਾਰਕਾਂ ਨਾਲ ਮੁਕਾਬਲਾ ਕਰਦਿਆਂ, ਅਸਮਾਨਾਂ ਵਿਚ ਉਡਾਰੀਆਂ ਮਾਰ ਕੇ ਧਨ ਪ੍ਰਾਪਤੀ ਲਈ ਸੰਘਰਸ਼ ਕਰਦਿਆਂ ਅਤੇ ਜੀਵਨ ਦੇ ਅਨੇਕ ਬਿਖੜੇ ਜੀਵਨ ਹੂਲ ਦੇਣ ਵਾਲੇ ਕਰਤੱਵ ਕਰਦਿਆਂ, ਧਨ ਦੀ ਵਾਸ਼ਨਾ ਦੀ ਪੂਰਤੀ ਲਈ ਕੰਮ ਕਰਦਾ, ਸਦਾ ਹੀ ਪ੍ਰਮੇਸ਼ਰ ਨੂੰ ਭੁੱਲਿਆ ਰਹਿੰਦਾ ਹੈ। ਇਸ ਤੋਂ ਇਲਾਵਾ ਜ਼ੋਰ-ਜ਼ਬਰ ਕਰਕੇ, ਛਲ ਕਪਟ ਕਰਕੇ, ਮਿਲਾਵਟਾਂ ਕਰਕੇ, drugs ਦੀ ਸਮਗਲਿੰਗ ਕਰਕੇ, hoarding ਕਰਕੇ; ਮਾਇਆ ਪ੍ਰਾਪਤੀ ਲਈ ਅਨੇਕ ਕਿਸਮ ਦੇ ਪਾਪਾਂ ਵਿਚ ਪ੍ਰਵਿਰਤ ਹੋ ਕੇ, ਧਨ ਦੀ ਵਾਸ਼ਨਾ ਦੀ ਪੂਰਤੀ ਲਈ ਲੇਖਾ ਮੰਗਣ ਵਾਲੀ ਦਰਗਾਹ ਨੂੰ ਪੂਰੀ ਤਰ੍ਹਾਂ ਨਾਲ ਭੁੱਲ ਕੇ ਕਰਮ ਕਰਦਾ ਹੈ। ਜਿਸ ਤਰ੍ਹਾਂ ਫੁਰਮਾਨ ਹੈ –

*ਬਹੁ ਪਰਪੰਚ ਕਰਿ ਪਰ ਧਨੁ ਲਿਆਵੈ॥*
*ਸੁਤ ਦਾਰਾ ਪਹਿ ਆਨਿ ਲੁਟਾਵੈ॥*
*ਮਨ ਮੇਰੇ ਭੂਲੇ ਕਪਟੁ ਨ ਕੀਜੈ॥*
*ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ॥* ***ਪੰਨਾ - 656***

ਅਜਿਹੇ ਦੂਸ਼ਿਤ ਕਰਮ, ਜਿਵੇਂ ਕਿ ਧੋਖੇ ਦੇ ਕੇ ਲੋਕਾਂ ਨੂੰ ਮਾਰਨ ਦੇ, ਬਿਗਾਨਾ ਧਨ ਖੋਹਣ ਦੇ, ਅਨੇਕ ਕਿਸਮ ਦੇ ਨਿੰਦਨੀ ਕਰਮਾਂ ਵਿਚ ਪ੍ਰਵੇਸ਼ ਹੋ ਕੇ ਮਨੁੱਖਤਾ ਦੇ ਸੁਨਿਹਰੀ ਆਦਰਸ਼ ਨੂੰ ਜੜ੍ਹ ਤੋਂ ਕੱਟ ਦਿਆ ਕਰਦੇ ਹਨ। ਵੱਡੇ-ਵੱਡੇ ਰਾਜੇ ਜਿਵੇਂ ਕਿ ਮਹਿਮੂਦ ਗਜ਼ਨਵੀ, ਚੰਗੇਜ਼ ਖਾਨ, ਹੂਨ ਤੇ ਸ਼ੱਕ ਆਦਿ ਰਾਜਿਆਂ ਨੇ ਲੱਖਾਂ ਬੰਦਿਆਂ ਨੂੰ ਕਤਲ ਕਰਕੇ, ਉਨ੍ਹਾਂ ਦਾ ਧਨ ਲੁਟ ਕੇ ਸੁਖਾਂ ਦੀਆਂ ਇਛਾਵਾਂ ਕੀਤੀਆਂ, ਪਰ ਹੁੰਦਾ ਕੀ ਹੈ? ਇਉਂ ਫੁਰਮਾਨ ਹੈ –

*ਲੈ ਫਾਹੇ ਰਾਤੀ ਤੁਰਹਿ ਪ੍ਰਭੁ ਜਾਣੈ ਪ੍ਰਾਣੀ॥*
*ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ॥*
*ਸੰਨ੍ਹੀ ਦੇਨ੍ਹਿ ਵਿਖੰਮ ਥਾਇ ਮਿਠਾ ਮਦੁ ਮਾਣੀ॥*
*ਕਰਮੀ ਆਪੋ ਆਪਣੀ ਆਪੇ ਪਛੁਤਾਣੀ॥*
*ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ॥* ***ਪੰਨਾ - 315***

ਸੋ ਧਨ ਇਕੱਤਰ ਕਰਨ ਦੀ ਵਾਸ਼ਨਾ ਐਸੀ ਪ੍ਰਬਲ ਹੋ ਜਾਂਦੀ ਹੈ ਕਿ ਆਦਮੀ ਪਾਗਲਾਂ ਦੀ ਹੱਦ ਨੂੰ ਵੀ ਪਾਰ ਕਰ ਜਾਇਆ ਕਰਦਾ ਹੈ।

ਗੁਰੂ ਨਾਨਕ ਪਾਤਸ਼ਾਹ ਦੇ ਜੀਵਨ ਵਿਚ ਜ਼ਿਕਰ ਆਉਂਦਾ ਹੈ ਕਿ ਕਾਰੂੰ ਬਾਦਸ਼ਾਹ ਨੇ 40 ਗੰਜ ਧਨ ਦੇ ਜੋੜ ਲਏ ਸਨ, ਪਰ ਪਰਜਾ ਦੇ ਸੁਖ ਲਈ ਇਕ ਪੈਸਾ ਵੀ ਭੁੱਲ ਕੇ ਨਹੀਂ ਲਾਇਆ ਕਰਦਾ ਸੀ। ਇਕ ਵਾਰੀ ਉਸਦੇ ਮਨ ਵਿਚ ਆਇਆ ਕਿ ਮੈਂ ਦੇਖਾਂ ਕਿ ਕਿਸੇ ਕੋਲ ਲੁਕਿਆ-ਛਿਪਿਆ ਧਨ ਸਿੱਕੇ, ਸੋਨੇ, ਚਾਂਦੀ ਦੇ ਰੂਪ ਵਿਚ ਤਾਂ ਨਹੀਂ ਪਿਆ? ਉਸ ਨੇ ਇਸ ਮੰਤਵ ਲਈ ਆਪਣੀ ਲੜਕੀ ਨੂੰ ਬੱਘੀ ਵਿਚ ਬਿਠਾ ਕੇ ਅੱਗੇ-ਅੱਗੇ ਐਲਾਨ ਕਰਵਾ ਦਿਤਾ ਕਿ ਜੋ ਕੋਈ ਇਕ ਰੁਪਈਆ ਲਿਆ ਕੇ ਦੇਵੇਗਾ, ਉਸ ਦੀ ਸ਼ਾਦੀ ਬੱਘੀ ਵਿਚ ਬੈਠੀ ਰਾਜਕੁਮਾਰੀ ਨਾਲ ਕਰ ਦਿਤੀ ਜਾਵੇਗੀ। ਇਕ ਲੜਕਾ ਰਾਜਕੁਮਾਰੀ ਦਾ ਰੂਪ ਦੇਖ ਕੇ ਮੋਹਿਆ ਗਿਆ ਅਤੇ ਇਕ ਰੁਪਿਆ ਆਪਣੀ ਮਾਂ ਤੋਂ ਜੀਵਨ ਤੇ ਮਰਨ ਦੀ ਬਾਜ਼ੀ ਲਾ ਕੇ ਉਸਨੇ ਮੰਗਿਆ ਤਾਂ ਉਸ ਦੀ ਮਾਂ ਨੇ ਕਿਹਾ, ਜਦੋਂ ਤੇਰੇ ਪਿਤਾ ਦੇ ਮ੍ਰਿਤਕ ਸਰੀਰ ਨੂੰ ਕਬਰਸਥਾਨ ਵਿਚ ਦਫਨਾ ਰਹੇ ਸੀ ਤਾਂ ਉਸ ਵੇਲੇ

ਉਸਦੇ ਮੂੰਹ ਵਿਚ ਇਕ ਰੁਪਿਆ ਪਾਇਆ ਸੀ। ਜਾਹ! ਆਪਣੇ ਪਿਤਾ ਦੀ ਕਬਰ ਪੁੱਟ ਕੇ ਉਸਦੇ ਪਿੰਜਰ ਹੋਏ ਸਰੀਰ ਵਿਚੋਂ ਰੁਪਿਆ ਕੱਢ ਲੈ। ਇਸ ਗੱਲ ਦਾ ਜਦੋਂ ਕਾਰੂੰ ਨੂੰ ਪਤਾ ਲਗਿਆ ਤਾਂ ਉਸਨੇ ਸਾਰੇ ਕਬਰਸਥਾਨ ਪੁੱਟ ਕੇ ਰੁਪਏ ਕੱਢ ਲਏ। ਗੁਰੂ ਨਾਨਕ ਪਾਤਸ਼ਾਹ ਨੇ ਉਸ ਦੇਸ਼ ਦੀ ਰਿਆਇਆ ਦੀ ਦੁਰਦਸ਼ਾ ਦੇਖ ਕੇ ਉਸਨੂੰ ਸਮਝਾਇਆ ਕਿ –

*ਦਮੜਾ ਤਿਸੀ ਕਾ ਜੋ ਖਰਚੈ ਅਰ ਖਾਇ॥*
*ਦੇਵੈ ਦਿਲਾਵੈ ਰਜਾਵੈ ਖੁਦਾਇ॥*
*ਹੋਤਾ ਨ ਰਾਖੈ ਅਕੇਲਾ ਨ ਖਾਇ॥*
*ਤਹਕੀਕ ਦਿਲ ਦਾਨੀ ਵਹੀ ਭਿਸਤਜਾਇ॥*

*(ਨਸੀਹਤਨਾਮਾ)*

ਉਸ ਰਾਜੇ ਨੂੰ ਸੁਮੱਤ ਦਿਤੀ ਅਤੇ ਧਨ ਵਾਸ਼ਨਾ 'ਚੋਂ ਕੱਢ ਕੇ ਉਸਨੂੰ ਇਨਸਾਨ ਬਣਾਇਆ।

ਮਹਿਮੂਦ ਗਜ਼ਨਵੀ ਜਦੋਂ ਮਰਨ ਲੱਗਿਆ, ਉਸ ਸਮੇਂ ਅਧਰੰਗ ਦਾ ਮਰੀਜ਼ ਸੀ। ਲੁਟੇ ਹੋਏ ਧਨ ਦੀ ਪ੍ਰਬਲ ਵਾਸ਼ਨਾ ਉਸਨੂੰ ਸੂਏ ਚੋਭ ਰਹੀ ਸੀ। ਉਸਨੇ ਹੁਕਮ ਕੀਤਾ ਕਿ ਜੋ ਧਨ ਮੈਂ ਸੰਸਾਰ ਵਿਚੋਂ ਲੁੱਟ ਕੇ ਲਿਆਇਆ ਹਾਂ, ਉਸਦੀਆਂ ਮੀਲਾਂ ਵਿਚ ਢੇਰੀਆਂ ਲਾ ਕੇ ਲਿਖ ਦਿਤਾ ਜਾਵੇ ਕਿ ਕਿਸ-ਕਿਸ ਦਿਨ, ਕਿਸ-ਕਿਸ ਦੇਸ਼ ਤੋਂ ਇਹ ਧਨ ਲਿਆਂਦਾ ਹੈ ਅਤੇ ਇਸ ਦੀ ਪ੍ਰਾਪਤੀ ਲਈ ਕਿੰਨੇ ਬੰਦੇ ਮੌਤ ਦੇ ਘਾਟ ਉਤਾਰੇ ਗਏ ਸਨ। ਉਸਨੂੰ ਇਕ wheel chair ਤੇ ਬਿਠਾ ਕੇ, ਉਸਦਾ ਲੁਟਿਆ ਧਨ ਦਿਖਾਇਆ ਗਿਆ। ਉਸ ਵੇਲੇ ਉਸਦੇ ਦੁਆਲੇ ਅੰਧਕਾਰ ਛਾ ਗਿਆ, ਲੱਖਾਂ ਰੂਹਾਂ ਦੀ ਹਾਹਾਕਾਰ ਉਸਦੇ ਕੰਨਾਂ ਵਿਚ ਗੂੰਜ ਰਹੀ ਸੀ ਤੇ ਬੁਰੀ ਤਰ੍ਹਾਂ ਕਤਲ ਕੀਤੇ ਬੰਦਿਆਂ ਦੀਆਂ ਸੂਰਤਾਂ ਉਸਨੂੰ ਡਰਾ ਰਹੀਆਂ ਸਨ ਅਤੇ ਉਸ ਤੋਂ ਲੇਖਾ ਲੈਣ ਲਈ ਤਤਪਰ ਸਨ। ਉਹ ਡਰ ਗਿਆ ਅਤੇ ਅੰਧਕਾਰ ਦੇ ਖੂਹ ਵਿਚ ਆਪਣੇ ਆਪ ਨੂੰ ਗਿਰਿਆ ਮਹਿਸੂਸ ਕੀਤਾ। ਹੋਸ਼ ਪਰਤੀ ਤਾਂ ਬਹੁਤ ਰੋਇਆ। ਕਹਿਣ ਲੱਗਿਆ, ਕਿ ਇਸ ਧਨ ਨੇ ਹੁਣ ਮੇਰੇ ਨਾਲ ਨਹੀਂ ਜਾਣਾ। ਜਿਸ ਤਰ੍ਹਾਂ ਕਿ ਬਾਣੀ ਵਿਚ ਫੁਰਮਾਨ ਹੈ –

*ਕਬੀਰ ਇਹੁ ਤਨੁ ਜਾਹਿਗਾ ਸਕਹੁ ਤ ਲੇਹੁ ਬਹੋਰਿ॥*
*ਨਾਗੇ ਪਾਵਹੁ ਤੇ ਗਏ ਜਿਨ ਕੇ ਲਾਖ ਕਰੋਰਿ॥*

*ਪੰਨਾ - 1365*

ਉਸਦੀ ਹੋਸ਼ ਪਰਤੀ, ਆਪਣੇ ਆਪ ਨੂੰ ਪਾਪਾਂ ਦੀਆਂ ਬੇੜੀਆਂ ਵਿਚ ਜਕੜਿਆ ਹੋਇਆ ਪਾਇਆ, ਬਹੁਤ ਰੋਇਆ, ਰੋ-ਰੋ ਕੇ ਕਿਹਾ ਕਿ ਮੇਰੇ ਪੰਧਨਾਮੇ ਵਿਚ ਲਿਖ ਦੇਵੋ ਕਿ ਮਹਿਮੂਦ ਨੇ ਜ਼ਿੰਦਗੀ ਭਰ ਧਨ ਪ੍ਰਾਪਤੀ ਲਈ ਲੁੱਟ ਮਾਰ ਕੀਤੀ ਪਰ ਅੰਤ ਸਮੇਂ ਉਸਦੇ ਨਾਲ ਧਨ ਨੇ ਤਾਂ ਜਾਣਾ ਹੀ ਨਹੀਂ ਸੀ, ਉਸਦੀ ਥਾਂ ਕੀਤੇ ਹੋਏ ਪਾਪਾਂ ਦਾ ਸਮੂੰਹ, ਦਰਗਾਹ ਵਿਚ ਲੇਖਾ ਲੈਣ ਲਈ ਨਾਲ ਜਾ ਰਿਹਾ ਹੈ। ਮੇਰੇ ਹੱਥ, ਮੇਰੇ ਪੈਰ ਨੰਗੇ ਕਰਕੇ ਅਰਥੀ ਵਿਚ ਲਟਕਾ ਦਿਓ ਤਾਂ ਕਿ ਮੇਰੀ ਬੇ-ਵਸੀ ਨੂੰ ਤੱਕ ਕੇ, ਮੈਨੂੰ ਖਾਲੀ ਹੱਥ ਜਾਂਦਾ ਦੇਖ ਕੇ ਕੋਈ ਹੋਰ ਐਸੀ ਗਲਤੀ ਨਾ ਕਰੇ।

ਸੋ ਧਨ ਦੀ ਵਾਸ਼ਨਾ ਕਦੇ ਵੀ ਸੁਖ ਨਹੀਂ ਦਿਆ ਕਰਦੀ। ਇਸੇ ਤਰ੍ਹਾਂ ਦੇ ਨਾਲ ਜੀਵਨ ਦੀਆਂ ਅਨੇਕ ਵਾਸ਼ਨਾਵਾਂ ਹਨ ਜੋ ਇਸਨੂੰ ਸਦਾ ਹੀ ਛਲ ਕੇ ਦੁਖਾਂ ਵਿਚ ਪ੍ਰਵਿਰਤ ਰੱਖਦੀਆਂ ਹਨ। ਆਮ ਬੰਦਾ ਇਹ ਸਮਝਦਾ ਹੈ ਕਿ ਜੇ ਮੇਰੇ ਪਾਸ ਪੈਸਾ ਹੋ ਜਾਏ, ਜਾਇਦਾਦ ਹੋ ਜਾਵੇ, ਮੇਰੀ ਨੌਕਰੀ ਵਿਚ ਤਰੱਕੀ ਹੋ ਜਾਵੇ, ਮੇਰਾ ਵਪਾਰ ਆਪਣੀ ਸੀਮਾਂ ਤੋਂ ਕਈ ਗੁਣਾਂ ਵੱਧ ਲੰਘ ਜਾਵੇ, ਦੇਸ਼-ਪ੍ਰਦੇਸ਼ ਵਿਚ ਮੇਰੇ ਨਾਮ ਦੀ ਧਾਂਕ ਪੈ ਜਾਵੇ, ਮੇਰੇ ਪਾਸ ਸਭ ਪ੍ਰਾਪਤੀਆਂ ਹੋਣ ਅਤੇ ਕਿਤੇ ਵੀ ਮੈਂ ਅਸੰਤੁਸ਼ਟਤਾ ਮਹਿਸੂਸ ਨਾ ਕਰਾਂ ਤਾਂ ਮੈਂ ਸੁਖੀ ਹੋ ਜਾਵਾਂਗਾ, ਪਰ ਨਹੀਂ ਹੋਇਆ ਕਰਦਾ। ਐਸਾ ਫੁਰਮਾਨ ਹੈ –

*ਬਹੁ ਰੰਗ ਮਾਇਆ ਬਹੁ ਬਿਧਿ ਪੇਖੀ॥* *ਪੰਨਾ - 179*

## ਮਾਇਆ ਪ੍ਰਾਪਤੀ ਤੇ ਸੁਖ

ਬੇਅੰਤ ਕਿਸਮ ਦੀ ਮਾਇਆ ਬਹੁਤ ਹੀ ਤਰੀਕਿਆਂ ਨਾਲ ਆਈ ਹੋਈ ਮੈਂ ਦੇਖੀ, ਵੱਡਾ ਲਿਖਾਰੀ ਹੋ ਕੇ ਮੈਂ ਬਹੁਤ Scientific theory, Ecnomic ਸਿਧਾਤਾਂ, Political ਸੋਧਾਂ ਤੇ ਆਮ ਜ਼ਿੰਦਗੀ ਬਾਰੇ ਦਰਜਨਾਂ ਪੁਸਤਕਾਂ ਲਿਖੀਆਂ, ਵੱਡਾ ਅਫਸਰ ਹੋ ਕੇ ਵੀ ਮੈਂ ਦੇਖਿਆ, ਪਰ ਅੰਤ ਵਿਚ ਮਹਿਸੂਸ ਕੀਤਾ ਕਿ ਸੁਖ – ਜਿਸ ਦੀ ਨਿਸ਼ਾਨੀ ਮਨ ਦੀ ਸ਼ਾਂਤੀ ਹੈ, ਉਹ ਪ੍ਰਾਪਤ ਨਾ ਹੋਈ –

*ਬਹੁ ਰੰਗ ਮਾਇਆ ਬਹੁ ਬਿਧਿ ਪੇਖੀ॥*
*ਕਲਮ ਕਾਗਦ ਸਿਆਨਪ ਲੇਖੀ॥*
*ਮਹਰ ਮਲੂਕ ਹੋਇ ਦੇਖਿਆ ਖਾਨ॥*
*ਤਾ ਤੇ ਨਾਹੀ ਮਨੁ ਤ੍ਰਿਪਤਾਨ॥* *ਪੰਨਾ - 179*

ਮਨ ਵਿਚ ਤ੍ਰਿਪਤੀ ਪੈਦਾ ਨਾ ਹੋਣ ਕਰਕੇ ਮਹਿਸੂਸ ਹੁੰਦਾ ਰਿਹਾ ਕਿ ਕੁਝ ਘਾਟ ਹੈ। ਮਨ ਚਾਹੀਆਂ ਨਵੀਆਂ ਤੋਂ ਨਵੀਆਂ ਸਵਾਰੀਆਂ ਦਾ ਅਨੰਦ ਮਾਣਿਆ, ਸੁੰਦਰ ਨਾਰੀਆਂ ਦੇ ਭੋਗਾਂ ਵਿਚ ਪ੍ਰਵਿਰਤ ਹੋਇਆ, ਨਾਟਕ, ਅਖਾੜੇ ਮਨ ਭਾਉਂਦੇ ਵੇਖੇ ਅਤੇ ਅਨੇਕ ਕਿਸਮ ਦੇ ਗੀਤ ਸੁਣੇ, ਗਾਏ; ਪਰ ਮਨ ਵਿਚ ਸਾਂਤੀ ਨਾ ਆ ਸਕੀ। ਜਿਉਂ-ਜਿਉਂ ਇਨ੍ਹਾਂ ਚੀਜ਼ਾਂ ਦੇ ਵਿਚ ਪ੍ਰਵਿਰਤ ਹੋਇਆ, ਤਿਉਂ-ਤਿਉਂ ਹੋਰ-ਹੋਰ ਦੀ ਵਾਸ਼ਨਾ ਅੰਦਰ ਲਗੀ ਰਹੀ। ਹਰ ਕਿਸਮ ਦੇ ਭੋਗ ਭੋਗੇ, ਸੁੰਦਰ ਬਗੀਚਿਆਂ ਦੀ ਪ੍ਰਾਪਤੀ ਹੋਈ, ਮਨ ਭਾਉਂਦੇ ਮੇਵੇ ਖਾਧੇ, ਪਰ ਮਨ ਉਸੇ ਤਰ੍ਹਾਂ ਜਲਦਾ ਬਲਦਾ ਰਿਹਾ –

*ਅਸੁ ਪਵਨ ਹਸਤਿ ਅਸਵਾਰੀ॥*
*ਚੋਆ ਚੰਦਨੁ ਸੇਜ ਸੁੰਦਰਿ ਨਾਰੀ॥*
*ਨਟ ਨਾਟਿਕ ਆਖਾਰੇ ਗਾਇਆ॥*
*ਤਾ ਮਹਿ ਮਨਿ ਸੰਤੋਖੁ ਨ ਪਾਇਆ॥*
*ਤਖਤੁ ਸਭਾ ਮੰਡਨ ਦੋਲੀਚੇ॥*
*ਸਗਲ ਮੇਵੇ ਸੁੰਦਰ ਬਾਗੀਚੇ॥*
*ਆਖੇੜ ਬਿਰਤਿ ਰਾਜਨ ਕੀ ਲੀਲਾ॥*
*ਮਨੁ ਨ ਸੁਹੇਲਾ ਪਰਪੰਚੁ ਹੀਲਾ॥* *ਪੰਨਾ - 179*

ਸੋ ਇਸ ਤੋਂ ਸਿੱਧ ਹੋਇਆ ਕਿ ਦੁਨੀਆਂ ਦਾ ਫਰਦੋ-ਬਸ਼ਰ (ਦੇਹਧਾਰੀ) ਸੁਖ ਦੇ ਜਤਨ ਕਰਦਾ ਹੈ ਅਤੇ ਮਾਇਆ ਦੀਆਂ ਵੱਡੀਆਂ ਤੋਂ ਵੱਡੀਆਂ ਪ੍ਰਾਪਤੀਆਂ ਵਾਸਤੇ ਸਦਾ ਜਤਨਸ਼ੀਲ ਰਹਿੰਦਾ ਹੈ, ਏਥੋਂ ਤਕ ਮਹਾਂਪੁਰਸ਼ ਦਸਦੇ ਹਨ ਕਿ ਸਵਰਗ ਲੋਕ ਦਾ ਰਾਜਾ ਇੰਦਰ ਵੀ, ਜਿਸਦੇ ਸੁਖਾਂ ਦੀ ਕੋਈ ਗਿਣਤੀ ਨਹੀਂ।

ਦੁਨੀਆਂ ਦੇ ਚਕ੍ਰਵਰਤੀ ਬਾਦਸ਼ਾਹ – ਜਿਸਦੇ ਰਾਜ ਵਿਚ ਕਦੇ ਵੀ ਵਿਦਰੋਹ ਨਾ ਹੋਵੇ, ਜਿਸਦਾ ਖਜ਼ਾਨਾ ਸਦਾ ਭਰਿਆ ਰਹੇ, ਜੋ ਕਦੇ ਬੁੱਢਾ ਨਾ ਹੋਵੇ, ਕਿਸੇ ਵੀ ਭੋਗੇ ਹੋਏ ਭੋਗ ਦਾ ਉਸਦੀ ਸਿਹਤ ਉਤੇ ਅਸਰ ਨਾ ਪਵੇ, ਜਿਸਦੀ ਪਰਜਾ ਉਸਨੂੰ ਰੱਬ ਵਾਂਗ ਪੂਜਦੀ ਹੋਵੇ, ਜਿਸਤੇ ਕੋਈ ਦੁਸ਼ਮਨ ਭਾਰੂ ਨਾ ਹੋਵੇ, ਫੌਜ ਸਰਬ ਸ਼ਕਤੀਮਾਨ ਹੋਵੇ, ਜਿਸ ਰਾਜ ਵਿਚ ਅਨਾਜ, ਫਲ, ਦੁੱਧ ਆਦਿ ਖਾਦ ਵਸਤੂਆਂ ਦੀ ਕਦੇ ਥੁੜ ਨਾ ਆਵੇ; ਐਸਾ ਰਾਜਾ ਸੁਖੀ ਮੰਨਿਆ

ਜਾਂਦਾ ਹੈ। ਇਸਨੂੰ ਸੁਖ ਦੀ ਸਿਰਫ ਇਕ ਯੂਨਿਟ ਮੰਨ ਲਓ, ਇਸ ਤੋਂ ਸੌ ਗੁਣਾਂ ਵੱਧ ਸੁਖ ਗੰਧਰਬ ਲੋਕ ਵਿਚ ਅਤੇ ਇਸ ਤੋਂ ਸੌ ਗੁਣਾਂ ਸੁਖ ਦੇਵ ਗੰਧਰਬ ਲੋਕ ਵਿਚ ਹੋਇਆ ਕਰਦਾ ਹੈ। ਦੇਵ ਗੰਧਰਬ ਨਾਲੋਂ ਸੌ ਗੁਣਾਂ ਸੁਖ ਪਿਤਰ ਲੋਕ ਵਿਚ, ਪਿੱਤਰ ਲੋਕ ਤੋਂ ਸੌ ਗੁਣਾਂ ਸੁਖ ਸਵਰਗ ਲੋਕ ਵਿਚ, ਅਤੇ ਇਸ ਤੋਂ ਵੀ ਸੌ ਗੁਣਾਂ ਸੁਖ ਇੰਦਰ ਲੋਕ ਵਿਚ ਹੋਇਆ ਕਰਦਾ ਹੈ। ਇਸੇ ਤਰ੍ਹਾਂ ਦੇ ਨਾਲ ਸਿਆਣੇ ਵਿਚਾਰਵਾਨਾਂ ਨੇ ਸਵਰਗ ਲੋਕਾਂ ਦੀਆਂ ਗਿਣਤੀਆਂ ਕੀਤੀਆਂ ਹਨ। ਪਰਜਾਪਤ ਲੋਕ, ਕਰਮਦੇਵ ਲੋਕ, ਅਜਾਨ ਦੇਵ ਲੋਕ, ਬ੍ਰਹਮ ਲੋਕ, ਸ਼ਿਵ ਲੋਕ ਅਤੇ ਇਸ ਪ੍ਰਾਕ੍ਰਿਤਕ ਸੰਸਾਰ ਦੀ ਅੰਤਿਮ ਸੀਮਾ ਬੈਕੁੰਠ ਧਾਮ ਹੈ। ਬੈਕੁੰਠ ਧਾਮ ਦੇ ਸਾਰੇ ਸੁਖਾਂ ਨੂੰ ਸੁੱਖ ਦੀ ਇਕ ਬੂੰਦ ਮੰਨ ਲਓ, ਇਸਦੇ ਮੁਕਾਬਲੇ ਬ੍ਰਹਮ ਲੋਕ ਦੇ ਸੁਖਾਂ ਦੀ ਤੁਲਨਾ ਇਕ ਬੂੰਦ ਅਤੇ ਸਾਗਰ ਦੇ ਮੁਤਾਬਿਕ ਗਿਣੀ ਜਾਂਦੀ ਹੈ। ਸਭ ਤੋਂ ਜ਼ਿਆਦਾ ਸੁਖ ਸਾਧੂ, ਸੰਤ, ਬ੍ਰਹਮਗਿਆਨੀ, ਗੁਰਮੁਖ, ਆਰਫ, ਜੀਵਨ ਮੁਕਤ ਦੇ ਹਿੱਸੇ ਆਇਆ ਕਰਦਾ ਹੈ। ਸੋ ਇਹ ਸੁਖਾਂ ਦੀਆਂ ਗਿਣਤੀਆਂ ਪ੍ਰਚਲਤ ਹਨ। ਇੰਦਰ ਲੋਕ ਦਾ ਸੁਖ, ਪ੍ਰਿਥਵੀ ਦੇ ਰਾਜੇ ਨਾਲੋਂ ਦਸ ਅਰਬ ਗੁਣਾਂ ਜ਼ਿਆਦਾ ਹੋਇਆ ਕਰਦਾ ਹੈ। ਉਸਨੇ ਇਕ ਸਮੇਂ ਆਪਣੇ ਗੁਰੂ ਨੂੰ ਪੁਛਿਆ ਕਿ ਮੇਰੇ ਮਨ ਵਿਚ ਕਿਸ ਚੀਜ਼ ਦੀ ਘਾਟ ਹੈ ਜਦੋਂ ਕਿ ਮੇਰੇ ਪਾਸ ਸੁਖਾਂ ਅਤੇ ਭੋਗਾਂ ਦੀ ਕੋਈ ਗਿਣਤੀ ਨਹੀਂ ਹੈ ਤਾਂ ਉਸਦੇ ਗੁਰੂ ਨੇ ਕਿਹਾ ਕਿ ਇੰਦਰ! ਸਵਰਗ ਲੋਕਾਂ ਦੇ ਵਿਚ ਕੇਵਲ ਭੋਗਾਂ ਦਾ ਸੁਖ ਹੋਇਆ ਕਰਦਾ ਹੈ। ਭੋਗਾਂ ਦੇ ਸੁਖਾਂ ਵਿਚ ਕਦੇ ਤ੍ਰਿਪਤੀ ਨਹੀਂ ਹੋਇਆ ਕਰਦੀ ਅਤੇ ਮਨ ਭਟਕਦਾ ਰਹਿੰਦਾ ਹੈ। ਜਿਵੇਂ ਕਿ -

*ਗੋਤਮੁ ਤਪਾ ਅਹਿਲਿਆ ਇਸਤ੍ਰੀ*
*ਤਿਸੁ ਦੇਖਿ ਇੰਦ੍ਰੁ ਲੁਭਾਇਆ॥*
*ਸਹਸ ਸਰੀਰ ਚਿਹਨ ਭਗ ਹੂਏ*
*ਤਾ ਮਨਿ ਪਛੋਤਾਇਆ॥* ਪੰਨਾ - 1343

ਆਦਿ ਮਹਾਂਵਾਕਾਂ ਤੋਂ ਸਪਸ਼ਟ ਹੈ। ਭੋਗਾਂ ਬਾਰੇ ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ -

*ਜੇ ਲਖ ਇਸਤਰੀਆ ਭੋਗ ਕਰਹਿ*
*ਨਵ ਖੰਡ ਰਾਜੁ ਕਮਾਹਿ॥*
*ਬਿਨੁ ਸਤਗੁਰ ਸੁਖੁ ਨ ਪਾਵਈ*
*ਫਿਰਿ ਫਿਰਿ ਜੋਨੀ ਪਾਹਿ॥* ਪੰਨਾ - 26

ਇੰਦਰ ਨੂੰ ਉਸਦੇ ਗੁਰੂ ਨੇ ਕਿਹਾ ਕਿ ਮਾਤ ਲੋਕ ਵਿਚ ਕਿਸੇ ਤੱਤ ਵੇਤੇ ਮਹਾਂਪੁਰਖ ਦੀ ਢੂੰਢ ਕਰਕੇ ਉਸਤੋਂ ਆਪਣੇ ਪ੍ਰਸ਼ਨ ਦਾ ਉਤਰ ਪੁੱਛ। ਕਿਉਂਕਿ ਜੋ ਸੁਖ ਉਸਨੂੰ ਪ੍ਰਾਪਤ ਹੈ, ਉਸ ਸੁਖ ਦੀ ਤੁਲਨਾ ਸੰਸਾਰ ਦੇ ਕੋਈ ਦੇਵਤਾ, ਅਦੇਵ, ਗੰਧਰਬ, ਜੱਛ, ਕਿਨਰ, ਪਿਸਾਚ ਨਹੀਂ ਕਰ ਸਕਦੇ। ਇਸ ਖੋਜ ਵਿਚ ਇੰਦ੍ਰ, ਸੰਤਾਂ ਨੂੰ ਮਿਲਿਆ ਅਤੇ ਸੰਤਾਂ ਨੇ ਦਸਿਆ -

*ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ॥*
*ਗ੍ਰਿਹ ਸੋਇਨ ਚੰਦਨ ਸੁਗੰਧ ਲਾਇ ਮੋਤੀ ਹੀਰੇ॥*
*ਮਨ ਇਛੇ ਸੁਖ ਮਾਣਦਾ ਕਿਛੁ ਨਾਹਿ ਵਿਸੂਰੇ॥*
*ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ॥*
*ਬਿਨੁ ਹਰਿ ਨਾਮ ਨ ਸਾਂਤਿ ਹੋਇ*
*ਕਿਤੁ ਬਿਧਿ ਮਨੁ ਧੀਰੇ॥* ਪੰਨਾ - 707

ਸਾਰੇ ਸੁਖਾਂ ਦਾ ਮੂਲ ਪ੍ਰਮੇਸ਼ਰ ਦੇ ਨਾਮ ਵਿਚ ਹੈ। ਜਿਸ ਹਿਰਦੇ ਵਿਚੋਂ ਪ੍ਰਮੇਸ਼ਰ ਭੁੱਲਿਆ ਹੋਇਆ ਹੈ, ਉਸ ਬੰਦੇ ਦੀ ਤੁਲਨਾ ਵਿਸ਼ਟਾ ਦੇ ਕੀੜੇ ਨਾਲੋਂ ਵੱਧ ਕਿਸੇ ਹਾਲਤ ਵਿਚ ਵੀ ਨਹੀਂ ਕੀਤੀ ਜਾ ਸਕਦੀ, ਕਿਉਂਕਿ ਨਾਮ ਦੀ ਪ੍ਰਾਪਤੀ ਤੋਂ ਬਗੈਰ ਸੁਖ ਕਦੇ ਵੀ ਨਹੀਂ ਹੋ ਸਕਦਾ। ਸੁਖ ਦਾ ਸਬੰਧ ਮਾਇਕ ਪ੍ਰਾਪਤੀਆਂ ਨਾਲ ਕਦਾਚਿਤ ਵੀ ਨਹੀਂ, ਸੁਖ ਦਾ ਸਬੰਧ ਨਾਮ ਦੀ ਪ੍ਰਾਪਤੀ ਨਾਲ ਹੈ ਕਿਉਂਕਿ ਨਾਮ ਸਾਰੇ ਸੰਸਾਰ ਦੇ ਸੁਖਾਂ ਨੂੰ ਦੇਣਹਾਰਾ ਹੈ, ਨਾਮ ਨਾਲ ਰੰਗਿਆ ਹੋਇਆ ਪ੍ਰਾਣੀ ਦੁਨੀਆਂ ਦੀਆਂ ਪ੍ਰਾਪਤੀਆਂ ਤੋਂ ਹੀਣਾ ਰਹਿ ਕੇ ਵੀ ਸਾਰੀ ਸ੍ਰਿਸ਼ਟੀ ਦਾ ਰਾਜਾ ਹੋਇਆ ਕਰਦਾ ਹੈ -

*ਬਸਤਾ ਤੂਟੀ ਝੁੰਪੜੀ ਚੀਰ ਸਭਿ ਛਿੰਨਾ॥*
*ਜਾਤਿ ਨ ਪਤਿ ਨ ਆਦਰੋ ਉਦਿਆਨ ਭ੍ਰਮਿੰਨਾ॥*
*ਮਿਤ੍ਰ ਨ ਇਠ ਧਨ ਰੂਪਹੀਣ ਕਿਛੁ ਸਾਕੁ ਨ ਸਿੰਨਾ॥*
*ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ॥*
*ਤਿਸ ਕੀ ਧੂੜਿ ਮਨੁ ਉਧਰੈ ਪ੍ਰਭੁ ਹੋਇ ਸੁਪ੍ਰਸੰਨਾ॥*
ਪੰਨਾ- 707

ਜਦੋਂ ਅਸੀਂ ਗੁਰਬਾਣੀ ਦੀ ਵਿਚਾਰ ਕਰਦੇ ਹਾਂ ਤਾਂ ਸਿਧਾਂਤ ਸਾਮ੍ਹਣੇ ਆਉਂਦਾ ਹੈ ਕਿ ਸਾਰਾ ਸੰਸਾਰ ਸੁਖ ਮੰਗਦਾ ਹੈ, ਦੁਖ ਕੋਈ ਨਹੀਂ ਮੰਗਦਾ, ਪਰ ਹਰ ਸੁਖ ਦੀ ਤਹਿ ਵਿਚ ਸੁਖ ਨਾਲੋਂ ਕਈ ਗੁਣਾਂ ਵੱਧ ਦੁਖ ਛੁਪਿਆ ਹੁੰਦਾ ਹੈ ਕਿਉਂਕਿ ਸਾਨੂੰ ਅਜੇ ਤਕ ਸਮਝ ਨਹੀਂ ਆਈ ਕਿ ਅਸੀਂ ਪ੍ਰਮ ਸੁਖ ਨੂੰ ਕਿਵੇਂ ਮਾਣ ਸਕਦੇ ਹਾਂ। ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ ਕਿ ਅਸੀਂ ਖੋਜ-ਖੋਜ ਕੇ ਜੋ ਤੱਤ ਕੱਢਿਆ ਹੈ, ਉਸ ਤੋਂ ਤੁਹਾਨੂੰ ਜਾਣੂ ਕਰਾਉਂਦੇ ਹੋਏ ਦਸਦੇ ਹਾਂ ਕਿ ਦੁਨੀਆਂ ਦੇ ਵਿਚ ਇਕ ਐਸਾ ਸੁਖ ਹੈ ਜਿਸਦਾ ਕੋਈ ਨਾਪ ਤੋਲ ਨਹੀਂ, ਜਿਸਦਾ ਕਦੇ ਵੀ ਨਾਸ਼ ਨਹੀਂ ਹੁੰਦਾ, ਕਦੇ ਕਿਸੇ ਦੇ ਖੋਹਣ ਤੇ ਖੋਹਿਆ ਨਹੀਂ ਜਾਂਦਾ। ਉਹ ਹੈ -

*ਖੋਜਤ ਖੋਜਤ ਤਤੁ ਬੀਚਾਰਿਓ*
*ਦਾਸ ਗੋਵਿੰਦ ਪਰਾਇਣ॥*
*ਅਬਿਨਾਸੀ ਖੇਮ ਚਾਹਹਿ ਜੇ ਨਾਨਕ*
*ਸਦਾ ਸਿਮਰਿ ਨਾਰਾਇਣ॥* ਪੰਨਾ - 714

ਫੇਰ ਆਪ ਫੁਰਮਾਉਂਦੇ ਹਨ -

*ਡਿਠਾ ਸਭੁ ਸੰਸਾਰੁ ਸੁਖੁ ਨ ਨਾਮ ਬਿਨੁ॥*
*ਤਨੁ ਧਨੁ ਹੋਸੀ ਛਾਰੁ ਜਾਣੈ ਕੋਇ ਜਨੁ॥* ਪੰਨਾ - 322

## ਦੁਖ ਕਿਉਂ ਆਇਆ?

ਦੁਖ ਨੂੰ ਸੰਸਾਰ ਵਿਚ ਕੋਈ ਨਹੀਂ ਚਾਹੁੰਦਾ ਪਰ ਦੁਖ ਆ ਹੀ ਜਾਇਆ ਕਰਦਾ ਹੈ। ਉਸਦਾ ਕਾਰਨ ਕੀ ਹੈ? ਗੁਰੂ ਨਾਨਕ ਪਾਤਸ਼ਾਹ ਜਦੋਂ ਸੁਮੇਰ ਪਰਬਤ ਤੇ ਸਿਧਾਂ ਨਾਲ (ਸੂਰਜ ਪ੍ਰਕਾਸ਼ ਦੇ ਮੁਤਾਬਿਕ) ਬਹੁਤ ਗਹਿਰੀ ਫਿਲਾਸਫੀ ਉਤੇ ਵਿਚਾਰ ਕਰ ਰਹੇ ਸਨ ਤਾਂ ਗੁਰੂ ਨਾਨਕ ਪਾਤਸ਼ਾਹ ਨੇ ਆਪਣਾ ਮਤ ਪ੍ਰਗਟ ਕਰਦਿਆਂ ਇਸ ਸਾਰੇ ਸੰਸਾਰ ਨੂੰ ਵਾਹਿਗੁਰੂ ਦੇ ਰੂਪ ਵਿਚ ਹੀ ਪ੍ਰਗਟ ਕਰਿਆ ਤਾਂ ਸਿਧਾਂ ਨੇ ਕਿਹਾ, ਕਿ ਹੇ ਨਾਨਕ! ਫਿਰ ਜਗਤ ਦੀ ਉਤਪਤੀ ਕਿਵੇਂ ਅਤੇ ਕਿਉਂ ਹੋ ਗਈ ਜਦੋਂ ਕਿ ਇਕੋ ਹੀ ਪ੍ਰਮੇਸ਼ਰ ਆਪਣੀ ਮੌਜ ਵਿਚ ਆਪੇ ਹੀ ਖੇਲ ਰਿਹਾ ਸੀ? ਜਿਵੇਂ ਫੁਰਮਾਨ ਹੈ -

*ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ॥*
*ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥*
*ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ॥*
*ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ॥*
*ਕਰਿ ਆਸਣੁ ਡਿਠੋ ਚਾਉ॥* ਪੰਨਾ - 463

ਤਾਂ ਗੁਰੂ ਨਾਨਕ ਪਾਤਸ਼ਾਹ ਨੇ ਫੁਰਮਾਨ ਕੀਤਾ ਕਿ ਸਿਧੋ! ਜਿਸ ਪ੍ਰਮੇਸ਼ਰ ਨੇ ਅਨੇਕ ਰੂਪਾਂ-ਰੰਗਾਂ ਵਿਚ ਆਪਣੇ ਆਪ ਤੋਂ ਅਨੇਕ ਰੂਪ ਧਾਰ ਕੇ ਵੱਖ-ਵੱਖ ਰਚਨਾ ਦੀਆਂ ਧਾਰਾਂ ਪ੍ਰਗਟ ਕਰੀਆਂ ਹਨ, ਉਸਨੇ ਇਕ ਤੱਤ, ਜਿਸਨੂੰ 'ਹਉਮੈ' ਤੱਤ ਕਿਹਾ ਜਾਂਦਾ ਹੈ, ਨੂੰ ਸੰਸਾਰ ਵਿਚ ਪ੍ਰਗਟ ਕਰਿਆ ਜਿਸ ਦੇ ਅਸਰ ਹੇਠ ਅਖੰਡ ਬ੍ਰਹਮ ਤਿੰਨ ਹਿੱਸਿਆਂ ਵਿਚ ਪ੍ਰਤੀਤ ਦੇਣ ਲਗਿਆ - ਇਕ ਈਸ਼ਵਰ, ਦੂਜਾ ਸੰਸਾਰ ਅਤੇ ਤੀਜਾ ਜੀਵ। ਭਾਵੇਂ ਪ੍ਰਭੂ ਦੀ ਅਖੰਡਤਾ ਕਿਸੇ ਪ੍ਰਕਾਰ ਵੀ ਨਹੀਂ ਟੁਟਦੀ, ਇਨ੍ਹਾਂ ਸਾਰੀਆਂ ਪ੍ਰਾਕ੍ਰਿਤਕ ਰਚਨਾਵਾਂ ਦੇ ਅੰਤਮ ਤਲ ਵਿਚ ਉਹ ਆਪੇ ਹੀ ਆਪ ਹੈ ਜਾਂ ਇਉਂ ਕਹੋ ਕਿ ਆਤਮਾ ਹੋ ਕੇ ਸੰਸਾਰ ਦੇ ਉਤਪਤ ਕਰਨ ਵਾਲਾ ਹੈ ਅਤੇ ਆਪਣੀ ਅਖੰਡਤਾ ਕਿਸੇ ਤਰ੍ਹਾਂ ਵੀ ਭੰਗ ਨਹੀਂ ਹੋਣ ਦਿੰਦਾ; ਪਰ ਪ੍ਰਾਕ੍ਰਿਤੀ ਅਤੇ ਚੇਤਨ ਤੱਤ ਦੇ ਮਿਲਾਪ ਵਿਚੋਂ ਉਪਜਿਆ ਜੀਵ ਤੱਤ, ਹਉਮੈ ਦੇ ਅਸਰ ਅਧੀਨ ਆਇਆ, ਆਪਣੀ ਸੁਰਤ ਮੂਲ ਤੱਤ ਨਾਲੋਂ ਤੋੜ ਕੇ ਦ੍ਰਿਸ਼ਟਮਾਨ ਵਿਚ ਪਰਚ ਗਿਆ ਅਤੇ ਇਸ ਸਿਧਾਂਤ ਨੂੰ -

*ਸੋਧਤ ਸੋਧਤ ਸੋਧਤ ਸੀਝਿਆ॥*
*ਗੁਰ ਪ੍ਰਸਾਦਿ ਤਤੁ ਸਭੁ ਬੂਝਿਆ॥*
*ਜਬ ਦੇਖਉ ਤਬ ਸਭੁ ਕਿਛੁ ਮੂਲੁ॥*
*ਨਾਨਕ ਸੋ ਸੂਖਮੁ ਸੋਈ ਅਸਥੂਲੁ॥* *ਪੰਨਾ - 281*

ਭੁੱਲ ਗਿਆ ਅਤੇ ਹਉਮੈ ਦੇ ਅਧੀਨ ਏਕਤਾ ਨੂੰ ਅਨੇਕਤਾ ਵਿਚ ਅਨੁਭਵ ਕੀਤਾ, ਜਿਸ ਕਰਕੇ ਪ੍ਰਮ energy ਨਾਲੋਂ ਟੁੱਟ ਕੇ ਅਨੇਕਤਾ ਦੇ ਭਾਵ ਨੂੰ ਪਕੜ ਕੇ ਆਪ ਇਕ ਨਿਮਾਣਾ, ਨਿਤਾਣਾ ਬੇ-ਵਸ, ਕਰਮਾਂ ਦਾ ਫਾਹਿਆ ਹੋਇਆ, ਦੁਖਾਂ ਦਾ ਮਾਰਿਆ ਹੋਇਆ, ਨਾਮ ਧੁਨ ਤੋਂ ਹੀਣਾ, ਅਗਿਆਨ ਵਿਚ ਫਸਿਆ ਹੋਇਆ ਜੀਵ ਬਣ ਗਿਆ ਕਿਉਂਕਿ ਪ੍ਰਾਕ੍ਰਿਤੀ ਦੇ ਤਿੰਨੇ ਗੁਣ - ਰਜੋ ਗੁਣ, ਤਮੋ ਗੁਣ, ਸਤੋ ਗੁਣ; ਦੁਖਾਂ ਦੇ ਮੂਲ ਹਨ। ਸੋ ਇਸ ਜੀਵ ਦੀ ਸੁਰਤ ਪ੍ਰਾਕ੍ਰਿਤੀ ਵਿਚ ਪੂਰੀ ਤਰ੍ਹਾਂ ਨਾਲ ਫਸ ਕੇ ਮਹਾਨ ਦੁੱਖ ਦਾ ਅਨੁਭਵ ਕਰਨ ਲਗੀ ਅਤੇ ਏਕਤਾ ਤੋਂ ਅਨੇਕਤਾ ਵਿਚ ਪ੍ਰਵੇਸ਼ ਕੀਤਾ ਹੋਇਆ ਇਹ ਜੀਵ ਦੁਖਾਂ ਦੇ ਭਾਰ ਨੂੰ ਨਾ ਸਹਿਨ ਕਰਦਾ ਹੋਇਆ ਸਾਹੋ-ਸਾਹ ਹੋਇਆ, ਦਰ-ਦਰ ਭਟਕ ਰਿਹਾ ਹੈ। ਇਹ ਸਾਰਾ ਪਰਿਵਰਤਨ ਮਹਾਨ ਸੁੱਖ ਵਿਚੋਂ ਕੱਢ ਕੇ ਦੁਖ ਵਿਚ ਪ੍ਰਵੇਸ਼ ਹੋਣ ਦਾ, ਹਉਮੈ ਦੇ ਅਸਰ ਅਧੀਨ ਹੈ। ਗੁਰੂ ਮਹਾਰਾਜ ਦਾ ਸਿਧਾਂਤ ਸੰਖੇਪ ਵਿਚ ਇਸ ਤਰ੍ਹਾਂ ਪ੍ਰਗਟ ਹੋਇਆ -

*ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ*
*ਕਿਤੁ ਕਿਤੁ ਦੁਖਿ ਬਿਨਸਿ ਜਾਈ॥*
*ਹਉਮੈ ਵਿਚਿ ਜਗੁ ਉਪਜੈ ਪੁਰਖਾ*
*ਨਾਮਿ ਵਿਸਰਿਐ ਦੁਖੁ ਪਾਈ॥* *ਪੰਨਾ - 946*

ਇਸ ਦਾ ਤਾਤਪ੍ਰਜ ਇਹ ਹੋਇਆ ਕਿ ਜੇ ਇਹ ਜੀਵ ਨਾਮ ਦੇ ਗਹਿਰੇ ਤਲ (sphere) ਵਿਚੋਂ ਮਾਇਆ ਦੇ ਨਾਲ ਮਿਲ ਕੇ, ਅੰਦਰਲੇ ਨਾਮ ਤੱਤ ਨੂੰ ਭੁੱਲ ਜਾਵੇ ਤਾਂ ਇਹ ਮਾਇਕ ਜੜ੍ਹ ਰੂਪ ਪ੍ਰਾਕ੍ਰਿਤੀ ਦੇ ਅਸਰ ਵਿਚ ਜੋ ਸਾਰੇ ਦੁਖਾਂ ਦਾ ਮੂਲ ਹੈ, ਫਸਿਆ ਹੋਇਆ ਦੁਖੀ ਹੋ ਜਾਇਆ ਕਰਦਾ ਹੈ ਅਤੇ ਜੇ ਇਹ ਆਪਣੇ ਹੀ ਅੰਦਰ ਸਮਰੱਥ ਗੁਰੂ ਤੋਂ ਪ੍ਰਾਪਤ ਕੀਤੇ ਹੋਏ ਸ਼ਬਦ ਦੇ ਬਲ ਨਾਲ ਆਪਣੇ ਅਸਲੇ ਵਲ ਨੂੰ ਮੋੜ ਖਾ ਕੇ ਨਾਮ ਐਨਰਜੀ ਦੇ ਤਲ ਤੇ ਪਹੁੰਚ ਕੇ ਆਤਮ ਸਤਾ, ਜੋ ਕਿ ਇਸਦਾ ਆਪਣਾ ਮੌਲਿਕ ਸਰੂਪ ਹੈ, ਵਿਚ ਲੀਨ ਹੋ ਜਾਵੇ ਤਾਂ ਇਸਨੂੰ ਸਦਾ-ਸਦਾ ਦਾ ਸੁਖ ਪ੍ਰਾਪਤ ਹੋ ਜਾਇਆ ਕਰਦਾ ਹੈ।

## ਸੁਖ ਦੀ ਭਾਲ ਕਿਉਂ?

ਇਸ ਜੀਵ ਦਾ ਅਸਲਾ ਸਤਿ, ਚਿੱਤ, ਅਨੰਦ ਹੈ ਪਰ ਇਹ ਮਾਇਆ - ਜੋ ਸਦੀਵ ਹੀ ਜੜ੍ਹ ਤੱਤਵ ਹੈ ਅਤੇ ਦੁਖਾਂ ਦਾ ਮੂਲ ਹੈ, ਵਿਚ ਫਸ ਗਿਆ ਕਿਉਂਕਿ ਮਾਇਆ ਦੇ ਨਾਮ ਅਤੇ ਰੂਪ ਜੋ ਦ੍ਰਿਸ਼ਟਮਾਨ ਵਜੂਦ ਹਨ, ਉਹ ਇਸ ਜੀਵ ਦੀ ਹੋਸ਼ ਨੂੰ, ਸੁਰਤ ਨੂੰ ਮੋਹ ਲਿਆ ਕਰਦੇ ਹਨ। ਜਿਸਦਾ ਅਸਰ - ਇਹ ਹੌਲੀ-ਹੌਲੀ ਨਾਮ ਤਲ ਤੋਂ ਦੂਰੀਆਂ ਤੇ ਚਲਿਆ ਜਾਂਦਾ ਹੈ ਅਤੇ ਦੁਖਾਂ ਦੇ ਮੰਡਲ ਵਿਚ ਪ੍ਰਵੇਸ਼ ਕਰਕੇ ਸਦਾ ਲਈ ਦੁਖੀ ਹੋ ਜਾਂਦਾ ਹੈ। ਇਸ ਤਰ੍ਹਾਂ ਫੁਰਮਾਨ ਹੈ ਕਿ -

*ਕਬੀਰ ਨਿਰਮਲ ਬੂੰਦ ਅਕਾਸ ਕੀ*
*ਪਰਿ ਗਈ ਭੂਮਿ ਬਿਕਾਰ॥*
*ਬਿਨੁ ਸੰਗਤਿ ਇਉ ਮਾਂਨਈ*
*ਹੋਇ ਗਈ ਭਠ ਛਾਰ॥* *ਪੰਨਾ - 1375*

*ਕਬੀਰ ਨਿਰਮਲ ਬੂੰਦ ਅਕਾਸ ਕੀ*
*ਲੀਨੀ ਭੂਮਿ ਮਿਲਾਇ॥*
*ਅਨਿਕ ਸਿਆਨੇ ਪਚਿ ਗਏ*
*ਨਾ ਨਿਰਵਾਰੀ ਜਾਇ॥* *ਪੰਨਾ - 1375*

ਇਹ ਜੀਵ ਹੁਕਮ ਵਿਚ ਹੋਂਦ ਵਿਚ ਆਇਆ ਹੈ। ਇਸਦਾ ਅਸਲਾ ਪਾਰਬ੍ਰਹਮ ਪ੍ਰਮੇਸ਼ਰ, ਪਰਮ ਚੇਤਨ ਤੱਤ ਜੋ ਨਿਰਾ ਸਤਿ, ਚਿੱਤ, ਅਨੰਦ ਅਤੇ ਪ੍ਰਿਮ ਹੈ, ਹੋਣ ਕਰਕੇ ਇਸ ਦੀ ਸਿਮ੍ਰਿਤੀ ਵਿਚੋਂ ਸੁਖ ਦੀ ਲੋਚਾ ਦਾ ਕਦੇ ਵੀ ਅਭਾਵ ਨਹੀਂ ਹੁੰਦਾ। ਇਸ ਕਰਕੇ ਸਾਰੀ ਹੀ ਸ੍ਰਿਸ਼ਟੀ ਅਨੇਕਾਂ ਰੰਗਾਂ, ਰੂਪਾਂ ਵਿਚ ਆਪਣੇ ਅਸਲੇ ਦੀ ਪ੍ਰੇਰਿਤ ਕੀਤੀ ਹੋਈ, ਆਪਣੀ ਸੋਚ ਦੀ ਧੁਰੀ ਨੂੰ ਸਦਾ ਹੀ ਸੁਖ ਵਲ ਲਾ ਕੇ ਰਖਦੀ ਹੈ। ਇਸ ਲਈ ਜਾਣੇ ਅਣਜਾਣੇ ਸਾਰੀ ਸ੍ਰਿਸ਼ਟੀ ਦਾ ਚੇਤਨ ਤੱਤ ਆਪਣੇ ਅਸਲੇ ਵਲ ਨੂੰ ਝੁਕਿਆ ਰਹਿੰਦਾ ਹੈ ਪਰ ਅਗਿਆਨ ਵਸ ਪ੍ਰਾਕ੍ਰਿਤੀ ਦਾ ਮੋਹਿਆ ਹੋਇਆ ਦੁਖਾਂ ਵਿਚ ਪਿਆ ਜੀਵ ਵਿਰਲਾਪ ਕਰ ਰਿਹਾ ਹੈ।

*ਪੰਖੀ ਬਿਰਖ ਸੁਹਾਵੜੇ ਊਡਹਿ ਚਹੁ ਦਿਸਿ ਜਾਹਿ॥*
*ਜੇਤਾ ਊਡਹਿ ਦੁਖ ਘਣੇ ਨਿਤ ਦਾਝਹਿ ਤੈ ਬਿਲਲਾਹਿ॥*
*ਪੰਨਾ - 66*

## ਸੁਖ ਦੀ ਪ੍ਰਾਪਤੀ ਦਾ ਸਾਧਨ ਕੀ ਹੈ?

ਫੁਰਮਾਨ ਹੈ -

*ਜਉ ਸੁਖ ਕਉ ਚਾਹੈ ਸਦਾ ਸਰਨਿ ਰਾਮ ਕੀ ਲੇਹ॥*
*ਪੰਨਾ - 1427*

*ਜੇ ਲੋੜਹਿ ਸਦਾ ਸੁਖੁ ਭਾਈ॥*
*ਸਾਧੂ ਸੰਗਤਿ ਗੁਰਹਿ ਬਤਾਈ॥* *ਪੰਨਾ - 1182*

ਅਤੇ

*ਜਨ ਨਾਨਕ ਕਉ ਹਰਿ ਦਰਸੁ ਦਿਖਾਇਆ॥*
*ਆਤਮੁ ਚੀਨਿ ਪਰਮ ਸੁਖੁ ਪਾਇਆ॥* *ਪੰਨਾ - 375*

ਆਤਮਾ ਦਾ ਸੁਭਾਵਿਕ ਗੁਣ ਸਤਿ, ਚਿਤ, ਅਨੰਦ ਹੈ। ਮਾਇਆ ਇਸਦੇ ਵਿਪਰੀਤ ਦੁਖ ਦੀ ਹੇਤੂ ਹੈ। ਜੜ੍ਹ ਅਤੇ ਚੇਤਨ ਦਾ ਅਵਿਵੇਕ ਪੂਰਨ ਸੰਜੋਗ ਹੀ ਦੁਖ ਦਾ ਵਾਸਤਵਿਕ ਰੂਪ ਹੈ। ਜੜ੍ਹ ਤੱਤਵ ਅਤੇ ਚੇਤਨ ਦਾ ਅਵਿਵੇਕ ਅਰਥਾਤ ਮਿਥਿਆ ਗਿਆਨ

ਹੀ ਦੁਖ ਦਾ ਵਾਸਤਵਿਕ ਸਰੂਪ ਹੈ ਅਤੇ ਅਵਿਦਿਆ ਰੂਪੀ ਕਲੇਸ਼, ਦੁਖ ਦਾ ਕਾਰਣ ਹੈ। ਚੇਤਨ ਅਤੇ ਜੜ੍ਹ ਦਾ ਵਿਵੇਕ ਪੂਰਨ ਗਿਆਨ, ਦੁਖ ਨਵਿਰਤੀ ਦਾ ਮੁਖ ਸਾਧਨ ਹੈ।

ਵਾਹਿਗੁਰੂ ਜੀ ਪ੍ਰਮ ਚੇਤਨ ਤੱਤਵ ਜਿਸ ਵਿਚ ਪੂਰਨ ਗਿਆਨ, ਸਰਬੱਗਤਾ, ਸਰਬ-ਵਿਆਪਕਤਾ, ਸਰਬ ਸ਼ਕਤੀਮਾਨਤਾ ਹੈ; ਜਿਸ ਵਿਚ ਦੁਖ, ਜੜ੍ਹਤਾ ਅਤੇ ਅਗਿਆਨ ਦਾ ਨਿਤਾਂਤ ਅਭਾਵ ਹੈ, ਜੀਵ ਆਤਮਾ ਦਾ ਇਸ ਲਕਸ਼ ਨੂੰ ਪ੍ਰਾਪਤ ਕਰਨਾ ਅੰਤਮ ਧੇਅ ਹੈ। ਜਿਥੇ ਗਿਆਨ ਦਾ ਪੂਰਨ ਭੰਡਾਰ ਹੈ, ਉਥੋਂ ਗਿਆਨ ਪ੍ਰਾਪਤ ਕਰਕੇ ਜੀਵ ਆਤਮਾ, ਜੜ੍ਹ ਚੇਤਨ ਵਿਵੇਕ ਪ੍ਰਾਪਤ ਕਰਦੀ ਹੈ। ਅਵਿਦਿਕ ਬੰਧਨਾਂ ਨੂੰ ਤੋੜ ਕੇ ਦੁਖਾਂ ਤੋਂ ਪੂਰਨ ਰੂਪ ਵਿਚ ਮੁਕਤ ਹੋ ਜਾਇਆ ਕਰਦੀ ਹੈ। ਇਸ ਲਈ ਸਮਰਥ ਗੁਰੂ ਦੇ ਮਿਲਾਪ ਤੇ ਕ੍ਰਿਪਾ ਦੀ ਪ੍ਰਮ ਅਵਸ਼ਕਤਾ ਹੈ। ਤਿੰਨ ਸਾਧਨ - ਕਰਮ, ਉਪਾਸ਼ਨਾ, ਗਿਆਨ ਗੁਰੂ ਦੀ ਸਹਾਇਤਾ ਨਾਲ ਪੂਰਨ ਰੂਪ ਵਿਚ ਪ੍ਰਾਪਤ ਕਰਕੇ ਆਪਣੇ ਧੇਅ ਵਿਚ ਪਹੁੰਚਣਾ ਪੈਂਦਾ ਹੈ।

**ਨਿਸ਼ਕਾਮ ਕਰਮ** - ਅੰਤਸ਼ਕਰਣ ਵਿਚ ਪਈ ਜਨਮਾਂ-ਜਨਮਾਤਰਾਂ ਦੀ ਮੈਲ ਨੂੰ ਦੂਰ ਕਰਨ ਦੀ ਸਮਰਥਾ ਰਖਦੇ ਹਨ। ਇਨ੍ਹਾਂ ਵਿਚ ਸਰਵ ਸ੍ਰੇਸ਼ਟ ਸਿਮਰਨ ਅਤੇ ਕੀਰਤਨ ਮੁਖ ਸਾਧਨ ਹਨ ਅਤੇ ਨਿਸ਼ਕਾਮ ਸੇਵਾ ਅੰਤਸ਼ਕਰਣ ਨੂੰ ਨਿਰਮਲਤਾਈ ਬਖਸ਼ਦੀ ਹੈ।

**ਉਪਾਸ਼ਨਾ** - ਮਨ ਦੀਆਂ ਬਿਰਤੀਆਂ ਸਭ ਪਾਸਿਆਂ ਤੋਂ ਰੋਕ ਕੇ ਕੇਵਲ ਪਾਰਬ੍ਰਹਮ ਸਤਿ, ਚਿੱਤ, ਅਨੰਦ ਦੀ ਪ੍ਰਮ ਹੋਂਦ ਤੇ ਕੇਂਦ੍ਰਿਤ ਕਰਕੇ ਲਕਸ਼ ਦੀ ਪ੍ਰਾਪਤੀ ਲਈ ਠਹਿਰਾਉਣ ਦਾ ਨਾਮ ਉਪਾਸ਼ਨਾ ਹੈ। ਉਪਾਸ਼ਨਾ ਦੇ ਅੰਤਮ ਲਕਸ਼ ਦੀ ਪ੍ਰਾਪਤੀ ਲਈ ਜਿਥੇ ਧਿਆਤਾ, ਧਿਆਨ ਅਤੇ ਧੇਅ ਦੀ ਤ੍ਰਿਕੁਟੀ ਦਾ ਅਭਾਵ ਹੋ ਜਾਇਆ ਕਰਦਾ ਹੈ, ਸਮਰਥ ਅਨੁਭਵੀ ਗੁਰੂ ਜਾਂ ਇਉਂ ਕਹੋ ਕਿ ਗੁਰੂ ਘਰ ਵਿਚ ਪੂਰਨ ਗੁਰਮੁਖ ਪਦ ਨੂੰ ਪ੍ਰਾਪਤ ਕੀਤੇ ਬ੍ਰਹਮ ਨੇਸ਼ਟੀ, ਬ੍ਰਹਮ ਸ੍ਰੋਤਰੀ, ਬ੍ਰਹਮ ਬਕਤਾ ਮਹਾਂਪੁਰਸ਼ਾਂ ਦੀ ਅਤਿਅੰਤ ਲੋੜ ਹੈ, ਜਿਸ ਨੂੰ ਭਾਵੇਂ ਪੂਰਨ ਗੁਰਸਿਖ ਕਹਿ ਲਵੋ ਜਾਂ ਸੰਤ, ਸਾਧੂ ਦੀ ਬਿਆਧੀ ਨਾਲ ਸੰਬੋਧਨ ਕਰ ਲਵੋ; ਗੱਲ ਵਿਚ ਬਹੁਤਾ ਫਰਕ ਨਹੀਂ ਹੈ।

**ਗਿਆਨ** - ਜਦੋਂ ਮਨ ਦਾ ਠਹਿਰਾਓ ਇਕ ਲਕਸ਼ ਉਪਰ ਹੋ ਗਿਆ ਤਾਂ ਗੁਰੂ ਦੀ ਕ੍ਰਿਪਾ ਨਾਲ ਇਸਦੇ ਪੰਜ ਭਰਮਾਂ ਦਾ ਪੂਰੀ ਤਰ੍ਹਾਂ ਨਾਲ ਨਾਸ਼ ਹੋ ਕੇ ਆਪਣੇ ਵਜੂਦ ਨੂੰ, ਵਖਰਾ ਜਾਣਨ ਦੀ ਮਿਥਿਆ ਸੁਰਤ ਦਾ ਨਾਸ਼ ਹੋ ਕੇ ਅਭੇਦ ਅਵਸਥਾ ਪ੍ਰਾਪਤ ਕਰਕੇ, ਜੀਵ ਅਤੇ ਬ੍ਰਹਮ ਦਾ ਭੇਦ ਮਿਟ ਕੇ, ਇਕੋ ਪ੍ਰਭੂ ਹੀ ਹਰ ਥਾਂ ਉਤੇ ਸੁਰਤ ਵਿਚ ਸਮਾ ਜਾਇਆ ਕਰਦਾ ਹੈ। ਜਿਵੇਂ ਕਿ -

*ਏਕ ਅਨੇਕ ਬਿਆਪਕ ਪੂਰਕ*
*ਜਤ ਦੇਖਉ ਤਤ ਸੋਈ॥*
*ਮਾਇਆ ਚਿਤ੍ਰ ਬਚਿਤ੍ਰ ਬਿਮੋਹਿਤ*
*ਬਿਰਲਾ ਬੂਝੈ ਕੋਈ॥*
*ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ॥*
*ਗੋਬਿੰਦ ਬਿਨੁ ਨਹੀ ਕੋਈ॥*
*ਸੂਤੁ ਏਕੁ ਮਣਿ ਸਤ ਸਹੰਸ ਜੈਸੇ*
*ਓਤਿ ਪੋਤਿ ਪ੍ਰਭੁ ਸੋਈ॥* *ਪੰਨਾ - 485*

ਹੁਣ ਪ੍ਰਸ਼ਨ ਇਹ ਹੁੰਦਾ ਹੈ ਕਿ ਹਰ ਬੰਦਾ ਇਸ ਸੁਖ ਦੀ ਪ੍ਰਾਪਤੀ ਲਈ ਨਾ ਤਾਂ ਪੂਰੀ ਹੋਸ਼ ਨਾਲ ਇਸ ਸੂਤਰ ਨੂੰ ਸਮਝ ਹੀ ਸਕਦਾ ਹੈ ਅਤੇ ਨਾ ਹੀ ਮਾਇਆ ਦੀਆਂ ਹਥਕੜੀਆਂ, ਬੇੜੀਆਂ ਵਿਚ ਬੁਰੀ ਤਰ੍ਹਾਂ ਜਕੜਿਆ ਹੋਇਆ ਇਕ ਕਦਮ ਹੀ ਪੁਟ ਸਕਦਾ ਹੈ। ਮੋਹ ਦੀਆਂ, ਹਿਤਾਂ ਦੀਆਂ, ਈਰਖਾ, ਦ੍ਵੈਸ਼, ਵੈਰ ਭਾਵ, ਨਿੰਦਿਆ, ਚੁਗਲੀ, ਪੰਜ ਚੋਰਾਂ ਦੇ ਜ਼ਬਰਦਸਤ ਬੰਧਨਾਂ ਵਿਚ, ਪੰਜ ਵਿਸ਼ਿਆਂ - ਸ਼ਬਦ, ਸਪਰਸ਼, ਰੂਪ, ਰਸ, ਗੰਧ ਵਿਚ ਡੁੱਬਿਆ ਹੋਇਆ, ਚਾਰ ਅਗਨੀਆਂ - ਹੰਸ, ਹੇਤ, ਕੋਪ, ਲੋਭ ਵਿਚ ਜਲ ਰਿਹਾ ਅਤੇ ਪੰਜ ਠੱਗਾਂ - ਰਾਜ, ਮਾਲ, ਰੂਪ, ਜਾਤ, ਜੋਬਨ ਅਤੇ ਹੋਰ ਅਨੇਕ ਦੁਰ-ਭਾਵਨਾ ਦੇ ਬੰਧਨਾਂ ਵਿਚ ਬੁਰੀ ਤਰ੍ਹਾਂ ਕਸਿਆ ਹੋਇਆ, ਫਾਥਾ ਹੋਇਆ ਇਹ ਜੀਵ ਕੰਨਾਂ ਨਾਲ ਸਭ ਕੁਛ ਸੁਣਦਾ ਹੋਇਆ, ਓਪਰੀ-ਓਪਰੀ ਸੁਰਤ ਨਾਲ ਵਿਚਾਰਦਾ ਹੋਇਆ ਜੀਵਨ ਭਰ ਵਿਚ ਇਕ ਕਦਮ ਵੀ ਨਹੀਂ ਪੁਟ ਸਕਦਾ। ਇਸਦਾ ਇਲਾਜ ਪੂਰਨ ਮਹਾਂਪੁਰਸ਼ਾਂ ਦੀ ਸੰਗਤ ਹੀ ਦੱਸਿਆ ਹੈ। ਉਸ ਸੰਗਤ ਵਿਚ ਜਾ ਕੇ ਹੌਲੀ-ਹੌਲੀ ਇਸਦੇ ਬੰਨ੍ਹਣਹਾਰ ਠੱਗ, ਚੋਰ ਆਦਿ ਅਨੇਕ ਵਿਸ਼ੇ ਇਸਨੂੰ ਛੱਡਣਾ ਸ਼ੁਰੂ ਕਰ ਦਿੰਦੇ ਹਨ। ਕਿਉਂਕਿ *'ਸਾਧਸੰਗਿ ਓਇ ਦੁਸਟ ਵਸਿ ਹੋਤੇ॥'* *(ਪੰਨਾ - 182)* ਦੇ ਫੁਰਮਾਨ ਮੁਤਾਬਿਕ ਉਹ ਡਰਦੇ ਹੋਏ ਭੱਜ ਜਾਇਆ ਕਰਦੇ ਹਨ ਅਤੇ ਇਸ ਜੀਵ ਦੀ ਸੁਰਤ ਜਾਗਣੀ ਸ਼ੁਰੂ ਹੋ ਜਾਂਦੀ ਹੈ ਅਤੇ ਮਨ ਵਿਚ ਪਾਇਆ ਹੋਇਆ ਹਨ੍ਹੇਰਾ ਸੰਤਾਂ ਦੇ ਦਰਸ਼ਨ, ਸੰਤਾਂ ਦੀ ਸੇਵਾ ਕਰਨ ਨਾਲ ਦੂਰ ਹੋਣ ਲਗ ਜਾਂਦਾ ਹੈ ਜਿਵੇਂ ਕਿ -

*ਪੂਰਬ ਕਰਮ ਅੰਕੁਰ ਜਬ ਪ੍ਰਗਟੇ*
*ਭੇਟਿਓ ਪੁਰਖੁ ਰਸਿਕ ਬੈਰਾਗੀ॥*
*ਮਿਟਿਓ ਅੰਧੇਰੁ ਮਿਲਤ ਹਰਿ ਨਾਨਕ*
*ਜਨਮ ਜਨਮ ਕੀ ਸੋਈ ਜਾਗੀ॥* *ਪੰਨਾ - 204*

*ਕਰਿ ਕਿਰਪਾ ਸੰਤਨ ਸਚੁ ਕਹਿਆ॥*
*ਸਰਬ ਸੂਖ ਇਹੁ ਆਨੰਦੁ ਲਹਿਆ॥*
*ਸਾਧਸੰਗਿ ਹਰਿ ਕੀਰਤਨੁ ਗਾਈਐ॥*
*ਕਹੁ ਨਾਨਕ ਵਡਭਾਗੀ ਪਾਈਐ॥* *ਪੰਨਾ - 179*

## ਕੀ ਦੁਖ ਸਚਮੁਚ ਹੀ ਬੁਰਾ ਹੈ?

ਗੁਰਮਤਿ ਸਿਧਾਂਤ ਮੁਤਾਬਿਕ ਦੁਖ ਨੂੰ ਮਹਾਰਾਜ ਜੀ ਨੇ ਨਫਰਤ ਕਰਨਾ ਨਹੀਂ ਸਿਖਾਇਆ। ਸਗਮਾਂ ਦੁਖ ਨੂੰ ਸੁਖਾਂ ਦਾ ਜਨਮਦਾਤਾ ਕਹਿ ਕੇ ਮਾਣ ਦਿਤਾ ਹੈ -

*ਦੁਖੁ ਦਾਰੂ ਸੁਖੁ ਰੋਗੁ ਭਇਆ*
*ਜਾ ਸੁਖੁ ਤਾਮਿ ਨ ਹੋਈ॥* *ਪੰਨਾ - 469*

ਦੁਖ ਨੂੰ ਦਾਰੂ ਕਰਕੇ ਦੱਸਿਆ ਹੈ ਅਤੇ ਇਕ ਥਾਂ ਐਸਾ ਵੀ ਫੁਰਮਾਨ ਕੀਤਾ ਹੈ -

*ਨਾਨਕ ਸਿਫਤੀ ਰਤਿਆ ਮਨੁ ਤਨੁ ਹਰਿਆ ਹੋਇ॥*
*ਦੁਖ ਕੀਆ ਅਗੀ ਮਾਰੀਅਹਿ ਭੀ ਦੁਖੁ ਦਾਰੂ ਹੋਇ॥*
*ਪੰਨਾ - 124*

ਇਥੋਂ ਤਕ ਆਪਣੇ ਫੁਰਮਾਨ ਕੀਤਾ ਹੈ ਕਿ ਵਾਹਿਗੁਰੂ ਦਾ ਦਰਵਾਜ਼ਾ ਦੁਖ ਦਾ ਹੈ ਅਤੇ ਉਸਦਾ ਰਖਵਾਲਾ ਕ੍ਰੋਧ ਹੈ। ਆਸਾ ਤੇ ਅੰਦੇਸਾ ਦੋਇ ਪਟ ਜੜੇ ਹੋਏ ਹਨ। ਜਦੋਂ ਤਕ ਇਹ ਜੀਵ ਦੁਖ ਨੂੰ ਸੁਖ ਕਰਕੇ ਨਹੀਂ ਮੰਨਦਾ, ਦੁਖ ਨਾਲ ਸਮਝੌਤਾ ਨਾ ਹੋਣ ਕਰਕੇ, ਉਸ ਦਰਵਾਜ਼ੇ ਵਿਚੋਂ ਲੰਘ ਨਹੀਂ ਸਕਿਆ ਕਰਦਾ। ਇਸ ਕਰਕੇ ਦੁਖ ਨੂੰ ਆਪਣੇ ਜੀਵਨ ਵਿਚ ਪਰਮ ਸੁਖਾਂ ਦੀ ਪ੍ਰਾਪਤੀ ਕਰਨ ਲਈ ਅਪਨਾਉਣਾ

ਪੈਂਦਾ ਹੈ। ਜਿਵੇਂ ਕਿ ਗੁਰੂ ਮਹਾਰਾਜ ਗੁਰੂ ਨਾਨਕ ਸਾਹਿਬ ਜੀ ਦੇ ਜੀਵਨ ਵਿਚ ਆਉਂਦਾ ਹੈ -

*ਪਹਿਲਾਂ ਬਾਬੇ ਪਾਯਾ ਬਖਸ਼ ਦਰ,*
*ਪਿੱਛੋਂ ਦੇ ਫਿਰ ਘਾਲ ਕਮਾਈ।*
*ਰੇਤ ਅੱਕ ਆਹਾਰ ਕਰਿ,*
*ਰੋੜਾਂ ਦੀ ਗੁਰ ਕਰੀ ਵਿਛਾਈ।*
*ਭਾਰੀ ਕਰੀ ਤਪਸਿਆ,*
*ਬਡੇ ਭਾਗ ਹਰਿ ਸਿਉ ਬਣਿ ਆਈ।*

*ਭਾਈ ਗੁਰਦਾਸ ਜੀ, ਵਾਰ 1/24*

ਦੁਖ ਪ੍ਰਮੇਸ਼ਰ ਦੇ ਵਿਛੜਨ ਕਰਕੇ ਆਉਂਦਾ ਹੈ। ਜਦੋਂ ਅੰਮ੍ਰਿਤ ਵੇਲੇ ਜਾਗ ਕੇ ਸਖਤ ਘਾਲ ਕਮਾਈ ਕਰਦਾ ਹੈ ਤਾਂ ਇਹੋ ਦੁਖ ਸਹਾਇਕ ਹੋ ਜਾਇਆ ਕਰਦਾ ਹੈ। ਗੁਰਮਤਿ ਵਿਚ ਜੀਵਨ ਮੁਕਤ ਪੁਰਸ਼ ਦੀ ਜੋ ਅਵਸਥਾ ਹੈ, ਉਸ ਬਾਰੇ ਸੰਕੇਤ ਹੈ -

*ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ॥*
*ਸੁਖ ਸਨੇਹੁ ਅਰੁ ਭੈ ਨਹੀ ਜਾ ਕੈ*
*ਕੰਚਨ ਮਾਟੀ ਮਾਨੈ॥* *ਪੰਨਾ - 633*

ਇਸ ਕਰਕੇ ਦੁਖ ਕੀ ਹੈ? ਇਹ ਸੁਖ ਦੀ minimum (ਹੇਠਲੀ) ਅਵਸਥਾ ਹੈ। ਇਹ ਸੁਖ ਹੀ ਦੁਖ ਰੂਪ ਬਦਲ ਕੇ ਦੁਖ ਕਹਾਉਣ ਲਗ ਜਾਂਦਾ ਹੈ ਪਰ ਨਾਮ ਜਪਦਿਆਂ, ਸੇਵਾ ਸਿਮਰਨ ਕਰਦਿਆਂ, ਪੂਰਨ ਮਹਾਂਪੁਰਖਾਂ ਦੀ ਸੰਗਤ ਕਰਦਿਆਂ ਜਦੋਂ ਇਸ ਜੀਵ ਦੀ ਸੁਰਤੀ ਆਪਣੇ ਮੂਲ ਤੱਤ ਨਾਲ ਛੋਹ ਜਾਂਦੀ ਹੈ ਤਾਂ ਇਹ ਦੁਖ ਦੀ ਪਰਿਭਾਸ਼ਾ ਬਿਲਕੁਲ ਖਤਮ ਹੋ ਜਾਇਆ ਕਰਦੀ ਹੈ -

*ਦੁਖੁ ਨਾਹੀ ਸਭੁ ਸੁਖੁ ਹੀ ਹੈ ਰੇ ਏਕੈ ਏਕੀ ਨੇਤੈ॥*
*ਬੁਰ ਨਹੀ ਸਭੁ ਭਲਾ ਹੀ ਹੈ ਰੇ ਹਾਰ ਨਹੀ ਸਭ ਜੇਤੈ॥*

*ਪੰਨਾ - 1302*

ਦੁਖ ਝੱਲ ਕੇ ਹੀ ਪਰਮ ਸੁਖ ਦੀ ਪ੍ਰਾਪਤੀ ਹੋਇਆ ਕਰਦੀ ਹੈ। ਭਾਈ ਮਨੀ ਸਿੰਘ ਜੀ ਦੇ ਬੰਦ-ਬੰਦ ਕੱਟਣ ਦੀ ਜਦੋਂ ਤਿਆਰੀ ਹੋ ਗਈ ਤਾਂ ਜਲਾਦ ਨੇ ਵੇਖਿਆ ਕਿ ਇਸਦੇ ਚਿਹਰੇ ਉਤੇ, ਬਾਵਜੂਦ ਅੰਤਮ ਸਮਾਂ ਸਾਮ੍ਹਣੇ ਹੋਣ ਤੇ ਭੀ ਰੌਣਕ ਤੇ ਪਰਮ ਸ਼ਾਂਤੀ ਦੇ ਚਿੰਨ੍ਹ ਕਿਉਂ ਹਨ? ਪੁੱਛਣ ਤੇ ਆਪ ਜੀ ਨੇ ਫੁਰਮਾਇਆ ਕਿ ਜਲਾਦ! ਅਸਾਡੇ ਬੁਲਾਂ ਨੂੰ ਗੁਰੂ ਨੇ ਨਾਮ ਪਿਆਲੇ ਦੇ ਨਾਲ ਛੋਹ ਬਖਸ਼ੀ ਅਤੇ ਉਸ ਨਾਮ ਦਾ ਹੁਲਾਰਾ, ਉਸ ਨਾਮ ਦੀ ਖੁਮਾਰੀ, ਉਸ ਨਾਮ ਦਾ ਪ੍ਰਕਾਸ਼ ਸਰੀਰ ਵਿਚ ਐਨਾ ਗਹਿਰਾ ਪ੍ਰਵੇਸ਼ ਕਰ ਗਿਆ ਕਿ ਹੁਣ ਸਾਨੂੰ ਦੁਖ ਤੇ ਸੁਖ ਦੇ ਵਿਚ ਪਹਿਚਾਣ ਖਤਮ ਹੋ ਕੇ ਹੁਕਮ ਮੰਨਣ ਦਾ ਅਨੰਦ ਹੀ ਪ੍ਰਤੀਤ ਦਿੰਦਾ, ਖੁਮਾਰੀ ਦੇ ਰੂਪ ਵਿਚ ਝੂਮਣੀਆਂ ਦੇ ਰਿਹਾ ਹੈ। ਇਸ ਅੰਤਰੀਵੀ ਮਹਾਨ ਨਸ਼ੇ ਰਾਹੀਂ ਚੜ੍ਹਿਆ ਹੋਇਆ ਰੰਗ ਕਿਸੇ ਤਰ੍ਹਾਂ ਨਾਲ ਭੀ ਨਾ ਲਾਹਿਆ ਜਾ ਸਕਦਾ ਹੈ, ਨਾ ਮੈਲਾ ਕੀਤਾ ਜਾ ਸਕਦਾ ਹੈ। ਜਿਵੇਂ ਕਿ -

*ਪੋਸਤ ਮਦੁ ਅਫੀਮ ਭੰਗ ਉਤਰ ਜਾਇ ਪਰਭਾਤਿ॥*
*ਨਾਮ ਖੁਮਾਰੀ ਨਾਨਕਾ ਚੜ੍ਹੀ ਰਹੇ ਦਿਨ ਰਾਤ॥*

*(ਜਨਮਸਾਖੀ)*

*ਸਤਸੰਗਤਿ ਪ੍ਰੀਤਿ ਸਾਧ ਅਤਿ ਗੂੜੀ*
*ਜਿਉ ਰੰਗੁ ਮਜੀਠ ਬਹੁ ਲਾਗਾ॥*
*ਕਾਇਆ ਕਾਪਰੁ ਚੀਰ ਬਹੁ ਫਾਰੇ*
*ਹਰਿ ਰੰਗੁ ਨ ਲਹੈ ਸਭਾਗਾ॥* *ਪੰਨਾ - 985*

*ਨਾ ਮੈਲਾ ਨਾ ਧੁੰਧਲਾ ਨਾ ਭਗਵਾ ਨਾ ਕਚੁ॥*
*ਨਾਨਕ ਲਾਲੋ ਲਾਲੁ ਹੈ ਸਚੈ ਰਤਾ ਸਚੁ॥*

*ਪੰਨਾ - 1089*

ਇਸ ਅਵਸਥਾ ਵਿਚ ਪਹੁੰਚੇ ਹੋਏ, ਹਉਮੈ ਦੇ ਮੰਡਲ ਨੂੰ ਪਾਰ ਕਰਕੇ ਸਦਾ ਦੇ ਜੀਵਨ ਨੂੰ ਪ੍ਰਾਪਤ ਕੀਤੇ ਹੋਏ ਗੁਰਮੁਖ ਪਿਆਰਿਆਂ ਨੇ ਬੰਦ-ਬੰਦ ਕਟਵਾ ਕੇ, ਖੋਪਰੀਆਂ ਲੁਹਾ ਕੇ, ਚਰਖੜੀਆਂ ਤੇ ਚੜ੍ਹ ਕੇ, ਅੱਗਾਂ ਨਾਲ ਜਿਉਂਦੇ ਸਾੜੇ ਜਾਣ ਤੇ, ਦੁਖ ਦੀ ਥਾਂ ਤੇ ਅਨੰਦ ਹੀ ਪ੍ਰਤੀਤ ਕੀਤਾ। ਇਹ ਇਕ ਅਵਸਥਾ ਹੈ ਜਿਥੇ ਜਾ ਕੇ -

*ਸਗਲੇ ਦੂਖ ਪਾਣੀ ਕਰਿ ਪੀਵਾ ਧਰਤੀ ਹਾਕ ਚਲਾਈ॥*

*ਪੰਨਾ - 147*

ਦੀ ਅਵਸਥਾ ਪ੍ਰਾਪਤ ਹੋ ਜਾਇਆ ਕਰਦੀ ਹੈ।

ਅੰਤ ਵਿਚ ਇਸ ਰਹੱਸ ਨੂੰ ਪ੍ਰਗਟ ਕਰਦਿਆਂ ਸੰਸਾਰ ਦੇ ਅੰਧ ਅਗਿਆਨ ਵਿਚ ਲਿਪਤ ਹੋਏ ਬੁਧੀਜੀਵੀਆਂ, ਸਾਇੰਸਦਾਨਾਂ, ਫਿਲਾਸਫਰਾਂ, ਮਾਇਆਧਾਰੀਆਂ, ਰਾਜਨੀਤਗਾਂ ਅਤੇ ਹੋਰ ਸਮੂੰਹ ਸੁਖ ਦੇ ਤਰੱਦਦ ਕਰਦਿਆਂ ਨੂੰ ਬੇਨਤੀ ਹੈ ਕਿ ਉਹ ਗੁਰਮਤਿ ਦੇ ਸਿਧਾਂਤ ਨੂੰ ਅਪਨਾਅ ਲੈਣ ਤਾਂ ਵਿਨਾਸ਼ਕਾਰੀ, ਐਟਮਬੰਬਾਂ, ਡੁੱਬਕਣੀਆਂ, ਗੈਸਾਂ ਤੇ chemical ਸਸ਼ਤਰਾਂ ਦੀ ਕੋਈ ਵੀ ਲੋੜ ਨਹੀਂ ਰਹਿ ਜਾਂਦੀ ਅਤੇ ਨਾ ਹੀ ਦੁਨੀਆਂ ਵਿਚ ਲਗੀ ਹੋਈ ਵਪਾਰਿਕ ਅਤੇ ਨਿੱਜ ਪ੍ਰਾਪਤੀ ਲਈ ਸਾਹੋ-ਸਾਹ ਹੋਣ ਦੀ ਕੋਈ ਲੋੜ ਹੈ। ਇਸ ਤਰ੍ਹਾਂ ਦੇ ਕਰਤੱਵ ਕਰਦਿਆਂ ਕਦੇ ਵੀ ਸੁਖ ਦਾ ਮੂੰਹ ਨਹੀਂ ਦੇਖਿਆ ਜਾ ਸਕਦਾ ਅਤੇ ਨਾ ਹੀ ਕਦੇ ਦੁਖਾਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। ਸਾਰੇ ਸੁਖਾਂ ਦਾ ਸੋਮਾ ਪ੍ਰਭੂ ਦਾ ਨਾਮ ਹੈ। ਉਹ ਨਾਮ ਸ਼ਕਤੀ ਸਾਰੀ ਸ੍ਰਿਸ਼ਟੀ ਦੀ ਆਦਿ ਹੈ, ਉਹ ਨਾਮ ਸ਼ਕਤੀ ਆਦਮੀ ਦੇ ਅੰਦਰ ਪ੍ਰਭੂ ਨੇ ਉਸ ਥਾਂ ਉਪਰ ਰੱਖੀ ਹੋਈ ਹੈ, ਜਿਥੇ ਆਤਮਕ ਧੁਨੀਆਂ ਦੇ ਸੰਗੀਤਕ ਵਾਜੇ ਅਖੰਡ ਰੂਪ ਵਿਚ ਵਜ ਰਹੇ ਹਨ ਅਤੇ ਅਕਹਿ ਵਿਸਮਾਦ ਦੀਆਂ ਝੂਮਣੀਆਂ ਮਹਾਨ ਅਨੰਦ ਵਿਚ ਪ੍ਰਵੇਸ਼ ਕਰ ਰਹੀਆਂ ਹਨ। ਉਸਦੀ ਖੋਜ ਆਪਣੇ ਧੁਰ ਅੰਦਰੋਂ ਹੀ ਕੀਤੀ ਜਾਵੇ-

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ॥*
*ਸੁੰਨ ਸਮਾਧਿ ਅਨਹਤ ਤਹ ਨਾਦ॥*
*ਕਹਨੁ ਨ ਜਾਈ ਅਚਰਜ ਬਿਸਮਾਦ॥*
*ਤਿਨਿ ਦੇਖਿਆ ਜਿਸੁ ਆਪਿ ਦਿਖਾਏ॥*
*ਨਾਨਕ ਤਿਸੁ ਜਨ ਸੋਝੀ ਪਾਏ॥* *ਪੰਨਾ - 293*

ਇਹ ਅਵਸਥਾ ਦੀ ਸੋਝੀ ਉਸੇ ਨੂੰ ਹੁੰਦੀ ਹੈ ਜਿਸ ਤੇ ਗੁਰੂ ਕ੍ਰਿਪਾ ਕਰਕੇ ਆਪ ਅਨੁਭਵ ਕਰਾ ਦੇਵੇ। ਜਦੋਂ ਸੁਰਤ ਜਾਗ ਗਈ, ਬੁੱਧੀ ਬਦਲ ਕੇ ਸਿਧ ਅਤੇ ਸੁਧ ਦਾ ਰੂਪ ਧਾਰਨ ਕਰ ਗਈ ਤੇ ਆਦਮੀ ਦੇ ਅੰਦਰਲੀਆਂ ਦਿਬ ਅੱਖੀਆਂ ਪ੍ਰਕਾਸ਼ਿਤ ਹੋ ਗਈਆਂ, ਫਿਰ ਇਹੋ ਸੰਸਾਰ ਇਕੋ ਪ੍ਰਮੇਸ਼ਰ ਦੀ ਅਖੰਡ ਜੋਤ ਦੇ ਰੂਪ ਵਿਚ ਪ੍ਰਤੱਖ ਭਾਸਦਾ ਹੈ ਅਤੇ ਭੁੱਲ ਕੇ ਭੀ ਦੂਜਾ ਨਜ਼ਰ ਨਹੀਂ ਆਉਂਦਾ ਪਰ ਇਸ ਵਿਚ ਗੁਰੂ ਦੀ ਕ੍ਰਿਪਾ ਦੀ ਆਵਸ਼ਕਤਾ ਹੈ -

*ਸੋ ਅੰਤਰਿ ਸੋ ਬਾਹਰਿ ਅਨੰਤ॥*
*ਘਟਿ ਘਟਿ ਬਿਆਪਿ ਰਹਿਆ ਭਗਵੰਤ॥*
*ਧਰਨਿ ਮਾਹਿ ਆਕਾਸ ਪਇਆਲ॥*
*ਸਰਬ ਲੋਕ ਪੂਰਨ ਪ੍ਰਤਿਪਾਲ॥*

*(ਬਾਕੀ ਸਫਾ 23 ਤੇ)*

# ਕੇਸ ਪਰਸੰਗ

## (ਕੇਸ ਵਿਸ਼ੇਸ਼ ਸਭਨ ਤੇ ਜਾਨ)

ਕਹਿੰਦੇ ਹਨ ਕਿ ਅਕਾਲ ਪੁਰਖ ਨੇ ਮਨੁੱਖ ਦੀ ਸਿਰਜਣਾ ਬੜੀ ਰੀਝ ਨਾਲ ਕੀਤੀ ਹੈ। ਜਿਸ ਮਿੱਟੀ ਨਾਲ ਇਸਨੂੰ ਘੜਿਆ ਹੈ, ਉਹ 200 ਸਾਲ ਗੁੰਨ੍ਹ ਕੇ ਰਖੀ ਗਈ ਤੇ ਫਿਰ 280 ਸਾਲ ਹੋਰ ਮਨੁੱਖ ਦੀ ਘਾੜਤ ਤੇ ਸਰਫ ਕੀਤੇ ਗਏ ਤਾਂ ਜੋ ਅਜਿਹਾ ਮਨੁੱਖ ਸਿਰਜਿਆ ਜਾਵੇ ਜਿਹੜਾ ਹਰ ਲਿਹਾਜ਼ ਨਾਲ ਬੇਹੱਦ ਪਿਆਰਾ ਲਗੇ। ਸਾਰਾ ਕੁਝ ਬਹੁਤ ਚਾਅ ਤੇ ਸੁਚੇਤ ਤਰਦਦਾਂ ਨਾਲ ਹੋਇਆ। ਯਹੂਦੀ ਤੇ ਈਸਾਈ ਧਰਮਾਂ ਦੀਆਂ ਲਿਖਤਾਂ ਵਿਚ ਇਹ ਹਵਾਲੇ ਵੀ ਮਿਲਦੇ ਹਨ ਕਿ ਅਕਾਲ ਪੁਰਖ ਨੇ ਮਨੁੱਖ ਨੂੰ ਆਪਣੀ ਸ਼ਕਲ ਸੂਰਤ ਤੇ ਹੀ ਘੜਿਆ ਅਤੇ ਸਿਰਜਿਆ ਹੈ ਅਤੇ ਇਸ ਵਿਚ ਆਪਣੀ ਆਤਮਾ ਦਾ ਵਾਸ ਕੀਤਾ ਹੈ। ਇਸ ਸਭ ਕੁਝ ਦੇ ਆਧਾਰ ਤੇ ਇਹ ਸਹਿਜੇ ਹੀ ਕਿਹਾ ਜਾ ਸਕਦਾ ਹੈ ਕਿ ਪਰਮਾਤਮਾ ਨੇ ਮਨੁੱਖ ਦੇ ਸਰੀਰ ਤੇ ਕੇਸਾਂ ਸਮੇਤ ਕੋਈ ਵੀ ਚੀਜ਼ ਅਜਿਹੀ ਨਹੀਂ ਲਗਾਈ ਜਿਹੜੀ ਫ਼ਜ਼ੂਲ ਹੋਵੇ। ਇਸ ਲਈ ਕੇਸ ਕਟਵਾਣਾ ਵਾਹਿਗੁਰੂ ਵਲੋਂ ਮਨੁੱਖ ਨੂੰ ਦਿਤੀ ਗਈ ਇਕ ਵਡਮੁੱਲੀ ਦਾਤ ਨੂੰ ਅਪਰਵਾਨ ਕਰਨ ਦੇ ਨਾਲ-ਨਾਲ ਉਸ ਵਲੋਂ ਸਿਰਜੀ ਮਨੁੱਖੀ ਤਸਵੀਰ ਨੂੰ ਬਦਸ਼ਕਲ ਕਰਨ ਦੇ ਤੁੱਲ ਵੀ ਹੋ ਸਕਦਾ ਹੈ। ਦੂਜੇ ਸ਼ਬਦਾਂ ਵਿਚ ਇਸਦੇ ਅਰਥ ਇਹ ਵੀ ਨਿਕਲ ਸਕਦੇ ਹਨ ਕਿ ਕੇਸ ਕਟਵਾ ਕੇ ਮਨੁੱਖ ਅਕਾਲ ਪੁਰਖ ਵਲੋਂ ਸਾਜੇ ਮਨੁੱਖੀ ਸਰੂਪ ਅਤੇ ਉਸ ਵਲੋਂ ਕੀਤੇ ਕੰਮਾਂ ਵਿਚ ਗਲਤੀਆਂ ਕੱਢ ਕੇ ਤੇ ਸੋਧਾਂ ਕਰਕੇ ਅਕਾਲ ਪੁਰਖ ਨਾਲੋਂ ਆਪਣੀ ਅਕਲ ਦੀ ਬਿਹਤਰ ਸ਼ਕਤੀ ਤੇ ਕਾਬਲੀਅਤ ਦੇ ਪਰਦਰਸ਼ਨ ਕਰਨ ਵਿਚ ਪ੍ਰਸੰਨਤਾ ਅਨੁਭਵ ਕਰ ਰਿਹਾ ਹੈ, ਜਾਂ ਇਵੇਂ ਕਹਿ ਲਵੋ ਕਿ ਮਨੁੱਖ ਰੱਬ ਨਾਲ ਸ਼ਿਡੇ ਲੈਣ ਜੋਗਾ ਹੋ ਗਿਆ ਹੈ ਤੇ ਆਪਣੇ ਆਪ ਨੂੰ ਉਸ ਤੋਂ ਵੀ ਵਧੇਰੇ ਸਿਆਣਾ ਸਮਝਦਿਆਂ ਹੋਇਆਂ ਉਸ ਦੇ ਕੀਤੇ ਕੰਮਾਂ ਵਿਚ ਗਲਤੀਆਂ ਕਢਣ ਦੇ ਸਮਰਥ ਸਮਝਣ ਲਗ ਪਿਆ ਹੈ। ਕਮਾਲ ਹੈ, ਕਿਰਤ ਆਪਣੇ ਕਰਤਾ ਤੇ ਹਾਵੀ ਹੋ ਰਹੀ ਹੈ ਤੇ ਇਵੇਂ ਨਾ-ਸ਼ੁਕਰੇਪੁਣੇ ਦਾ ਬੋਲਬਾਲਾ ਹੋ ਰਿਹਾ ਹੈ। ਪਰ ਸੰਤੋਖ ਵਾਲੀ ਗੱਲ ਇਹ ਜ਼ਰੂਰ ਹੈ ਕਿ ਬਾਬਾ ਆਦਮ ਦੀ ਸੰਤਾਨ, ਮਨੁੱਖ ਵਲੋਂ ਇਹ ਗੁਸਤਾਖੀ ਮੁੱਢ ਕਦੀਮਾਂ ਤੋਂ ਨਹੀਂ ਹੋ ਰਹੀ ਸਗੋਂ ਪਿਛਲੀਆਂ ਕੁਝ ਸਦੀਆਂ ਤੋਂ ਹੀ ਅਜਿਹਾ ਹੋ ਰਿਹਾ ਹੈ।

ਇਤਿਹਾਸ ਦੇ ਪੰਨਿਆਂ ਨੂੰ ਵਾਚਣ ਤੋਂ ਪਤਾ ਲਗਦਾ ਹੈ ਕਿ ਸੰਸਾਰ ਭਰ ਵਿਚ ਪੁਰਾਣੇ ਸਮਿਆਂ ਤੋਂ ਹਰ ਕਿਸਮ ਦੇ ਲੋਕੀ ਕੇਸਾਂ ਦਾ ਪੂਰਾ-ਪੂਰਾ ਸਤਿਕਾਰ ਕਰਦੇ ਅਤੇ ਇਨ੍ਹਾਂ ਨੂੰ ਕਟਵਾਉਣਾ ਸ਼ਰਮਨਾਕ ਤੇ ਬੇਇਜ਼ਤੀ ਵਾਲੀ ਹਰਕਤ ਸਮਝਦੇ ਸਨ। ਇਤਿਹਾਸ ਇਸ ਗਲ ਦੀ ਵੀ ਸਾਖੀ ਭਰਦਾ ਹੈ ਕਿ ਵਿਸ਼ਵ ਭਰ ਦੇ ਸਾਰੇ ਰਿਸ਼ੀਆਂ ਮੁਨੀਆਂ ਅਤੇ ਪੀਰਾਂ ਪੈਗੰਬਰਾਂ ਨੇ ਵੀ ਹਰ ਕਾਲ ਵਿਚ ਕੇਸ ਰਖੇ। ਕਹਿੰਦੇ ਹਨ ਕਿ ਮਨੂੰ ਨੇ ਪਹਿਲੀ ਵਾਰ ਬ੍ਰਾਹਮਣਾਂ ਉਤੇ ਇਹ ਸ਼ਰਤ ਲਗਾਈ ਸੀ ਕਿ ਜੇਕਰ ਉਹ ਕੋਈ ਕੁਕਰਮ ਕਰਨ ਤਾਂ ਉਨ੍ਹਾਂ ਨੂੰ ਜਾਨੋਂ ਮਾਰਨ ਦੀ ਥਾਂ ਉਨ੍ਹਾਂ ਦਾ ਸਿਰ ਮੁੰਨ ਦਿਤਾ ਜਾਵੇ ਕਿਉਂਕਿ ਸਮਾਜਕ ਜੀਵਨ ਵਿਚ ਕੇਸਾਂ ਦੇ ਬੇਹਦ ਸਤਿਕਾਰ ਨੂੰ ਦੇਖਦਿਆਂ ਹੋਇਆਂ ਇਹ ਉਨ੍ਹਾਂ ਲਈ ਮੌਤ ਨਾਲੋਂ ਵੀ ਵੱਧ ਤੇ ਬਦਤਰ ਸਜ਼ਾ ਗਿਣੀ ਜਾਂਦੀ ਸੀ ਅਤੇ ਅਜਿਹੀ ਹਾਲਤ ਵਿਚ ਜੀਂਦੇ ਹੋਏ ਮਨੁੱਖ, ਜ਼ਿਲਤ ਤੇ ਸ਼ਰਮਸਾਰੀ ਦੀ ਜ਼ਿੰਦਗੀ ਜੀਂਦੇ ਤੇ ਬੇਸ਼ਰਮੀ ਦੀ ਮੌਤ ਮਰਦੇ ਸਨ। ਮਨੂੰ ਦੇ ਇਹ ਪਰਵਚਨ ਵੀ ਮੌਜੂਦ ਹਨ ਕਿ ਜੇ ਦੋ ਮਨੁੱਖ ਆਪਸ ਵਿਚ ਹਥੋਪਾਈ ਹੋ ਜਾਣ ਤਾਂ ਉਨ੍ਹਾਂ ਨੂੰ ਇਕ-ਦੂਜੇ ਦੇ ਕੇਸਾਂ ਨੂੰ ਹੱਥ ਪਾ ਕੇ ਕੇਸਾਂ ਦੀ ਬੇਅਦਬੀ ਕਰਨ ਦੀ ਕਦਾਚਿਤ ਆਗਿਆ ਨਹੀਂ। ਅਜਿਹਾ ਕਸੂਰ ਕਰਨ ਵਾਲਾ ਸਜ਼ਾ ਦਾ ਭਾਗੀ ਬਣਦਾ ਸੀ। ਇਥੋਂ ਤਕ ਕਿ ਦੁਸ਼ਮਣ ਦੇ ਕੇਸਾਂ ਦਾ ਸਤਿਕਾਰ ਕਰਨ ਦੀ ਵੀ ਸਖਤ ਹਦਾਇਤ ਮੌਜੂਦ ਹੈ। ਉਸ ਸਮੇਂ ਬਾਰੇ ਇਹ ਲਿਖਤ ਵੀ ਉਪਲਬਧ ਹੈ ਕਿ ਜੇ ਕਰ ਜੰਗ ਸਮੇਂ ਕਿਸੇ ਯੋਧੇ ਦੇ ਕੇਸ ਖੁੱਲ੍ਹ ਜਾਂਦੇ ਸਨ ਤਾਂ ਉਸ ਤੇ ਵਾਰ ਕਰਨਾ ਉਸਨੂੰ ਨਾਜਾਇਜ਼ ਕਤਲ ਕਰਨ ਦੇ ਸਮਾਨ ਕਸੂਰ ਮੰਨਿਆ ਜਾਂਦਾ ਸੀ। ਕੇਸਾਂ ਦੇ ਸਤਿਕਾਰ ਬਾਰੇ ਸਿਮਰਤੀਆਂ ਵਿਚ ਬੇਨਜ਼ੀਰ ਤਾਕੀਦਾਂ ਵਿਚੋਂ ਇਕ ਇਹ ਵੀ ਹੈ ਕਿ ਜੇਕਰ ਕੋਈ ਵਿਅਕਤੀ ਹੰਕਾਰ ਤੇ ਆਕੜ ਵਿਚ ਆ ਕੇ ਦੂਜੇ ਨੂੰ ਉਸਦੇ ਕੇਸਾਂ ਤੋਂ ਪਕੜਦਾ ਹੈ ਤਾਂ ਬਿਨਾਂ ਕੁਝ ਹੋਰ ਸੋਚਣ ਸਮਝਣ ਦੇ ਕੇਸਾਂ ਤੋਂ ਪਕੜਨ ਵਾਲੇ ਦੇ ਹੱਥ ਤਲਵਾਰ ਮਾਰ ਕੇ ਕੱਟ ਦਿਤੇ ਜਾਣੇ ਜ਼ਰੂਰੀ ਹਨ। ਇਸ ਸਿਲਸਿਲੇ ਵਿਚ ਹੋਰ ਕੁਝ ਵੀ ਸੋਚਣ ਦੀ ਗੁੰਜਾਇਸ਼ ਨਹੀਂ। ਸੋਚਣ ਦੀ ਗੁੰਜਾਇਸ਼ ਹੋ ਸਕਦੀ ਸੀ ਜੇ ਉਹ ਹੰਕਾਰਿਆ ਵਿਅਕਤੀ ਦੂਜੇ ਵਿਅਕਤੀ ਨੂੰ ਕੇਸਾਂ ਦੀ ਥਾਂ ਸਰੀਰ ਦੇ ਕਿਸੇ ਹੋਰ ਹਿਸੇ ਤੋਂ ਫੜਦਾ। ਉਕਤ ਪਰਮਾਣਾਂ ਤੋਂ ਕਿਤਨੇ ਸਪਸ਼ਟ ਅਰਥ ਨਿਕਲਦੇ ਹਨ ਕਿ ਪੁਰਾਣੇ ਸਮਿਆਂ ਵਿਚ ਹਰ ਕੋਈ ਕੇਸਾਂ ਦੇ ਵਿਸ਼ੇਸ਼ ਸਤਿਕਾਰ ਵਲ ਵਿਸ਼ੇਸ਼ ਸੁਚੇਤ ਸੀ ਸਗੋਂ ਕਾਨੂੰਨੀ ਤੌਰ ਤੇ ਪਾਬੰਦ ਸੀ ਅਤੇ ਇਨ੍ਹਾਂ ਦੀ ਕਿਸੇ ਪ੍ਰਕਾਰ ਦੀ ਬੇਅਦਬੀ ਕਰਨ ਤੋਂ ਪਹਿਲਾਂ ਸੌ ਵਾਰੀ ਇਸ ਬੇਅਦਬੀ ਦਾ ਪ੍ਰਮਾਣ ਸਾਹਮਣੇ ਰਖਦਾ ਸੀ। ਇਹ ਜ਼ਮਾਨਾ ਕੇਸਾਂ ਦੇ ਸਤਿਕਾਰ ਦਾ ਸੁਨਹਿਰੀ ਜ਼ਮਾਨਾ ਕਿਹਾ ਜਾ ਸਕਦਾ ਹੈ ਜਿਸ ਤੇ ਕੇਸ ਪ੍ਰੇਮੀ ਅਜ ਵੀ ਮਾਣ ਕਰਦੇ ਹਨ।

ਪੁਰਾਣੇ ਸੰਸਾਰ ਦੇ ਲਗਭਗ ਸਾਰੇ ਦੇਸਾਂ ਵਿਚ ਲੰਬੇ ਕੇਸ ਰੱਖਣ ਦਾ ਰਿਵਾਜ ਮੌਜੂਦ ਸੀ। ਇਨ੍ਹਾਂ ਵਿਚ ਯੂਨਾਨ ਦੇਸ਼ ਵੀ ਸ਼ਾਮਿਲ ਹੈ ਜਿਹੜਾ ਆਪਣੇ ਆਪ ਨੂੰ ਪੱਛਮੀ ਸੰਸਾਰ ਦਾ ਪ੍ਰਥਮ ਤਹਿਜ਼ੀਬ-ਯਾਫਤਾ ਦੇਸ਼ ਅਖਵਾਉਂਦਾ ਹੈ ਅਤੇ ਉਥੇ ਲੰਬੇ ਕੇਸ ਰੱਖਣ ਵਾਲਿਆਂ ਨੂੰ ਜੇਤੂ ਤੇ ਛੋਟੇ ਪਟੇ ਰੱਖਣ ਵਾਲਿਆਂ ਨੂੰ ਹਾਰਿਆ ਹੋਇਆ ਸਮਝਿਆ ਜਾਂਦਾ ਸੀ। ਇਤਿਹਾਸ ਦੇ ਝਰੋਖੇ ਤੋਂ ਨਜ਼ਰ ਮਾਰਦਿਆਂ ਇਸ ਗੱਲ ਤੋਂ ਵੀ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਮੁਸਲਮਾਨ ਹਾਜੀ, ਹੱਜ ਦਾ ਸਵਾਬ ਲੈਣ ਲਈ ਦਾਹੜੀ ਦਾ ਸਤਿਕਾਰ ਕਰਦੇ ਆ ਰਹੇ ਹਨ। ਔਰੰਗਜ਼ੇਬ ਇਕ ਕੱਟੜ ਸੁੰਨੀ ਮੁਸਲਮਾਨ ਸੀ ਤੇ ਹਾਜੀਆਂ ਪ੍ਰਤੀ ਉਹ ਬਹੁਤ ਸਤਿਕਾਰ ਦੀ ਭਾਵਨਾ ਰੱਖਦਾ ਸੀ। ਇਕ ਵਾਰੀ ਉਸਨੇ ਇਕ ਲੰਬੀ ਦਾਹੜੀ ਵਾਲੇ ਨੂੰ ਹਾਜੀ ਸਮਝ ਕੇ ਬੜੇ ਪਿਆਰ ਨਾਲ ਬੁਲਾਇਆ ਪਰ ਜਦ ਉਸਨੂੰ ਪਤਾ ਲਗਾ ਕਿ ਉਹ ਹਾਜੀ ਨਹੀਂ, ਹਿੰਦੂ ਹੈ ਤਾਂ ਉਸਨੇ ਇਸ ਗੱਲ ਦੀ ਬੰਦਸ਼ ਲਗਾ ਦਿਤੀ ਕਿ ਉਸਦੇ ਰਾਜ ਵਿਚ ਕੋਈ ਵੀ ਹਿੰਦੂ ਨਾ ਤਾਂ ਦਾਹੜੀ ਰੱਖ ਸਕਦਾ ਹੈ ਤੇ ਨਾ ਹੀ ਪੱਗ ਬੰਨ੍ਹ ਸਕਦਾ ਹੈ। ਇਸ ਤੋਂ ਇਲਾਵਾ ਬਹਾਦਰ ਸ਼ਾਹ ਨੇ ਜਦ ਸਿੱਖ ਕੌਮ ਦੇ ਸਰਵਨਾਸ਼ ਕਰਨ ਦੇ ਮਨਸੂਬੇ ਬਣਾਏ ਤੇ ਸਿੱਖਾਂ ਦੇ ਸਿਰਾਂ ਦੇ ਮੁਲ ਪਾਏ ਗਏ, ਤਦ ਹਿੰਦੂਆਂ ਤੇ ਹੋਰ ਗੈਰ-ਸਿਖਾਂ ਨੂੰ ਇਹ ਵਿਸ਼ੇਸ਼ ਹੁਕਮ ਦਿਤਾ ਗਿਆ ਕਿ ਉਹ ਆਪਣੀ ਦਾਹੜੀ ਤੇ ਕੇਸ ਕਤਲ ਕਰਵਾ ਦੇਣ ਤਾਂ ਜੋ ਕਿਸੇ ਸਿੱਖ ਦੇ ਭੁਲੇਖੇ ਵਿਚ ਉਨ੍ਹਾਂ ਦੀ ਜਾਨ ਅਜਾਈਂ ਨਾ ਚਲੀ

ਜਾਵੇ। ਮੁਗਲੀਆ ਰਾਜ ਦੇ ਅਜਿਹੇ ਤੰਗ ਦਿਲੀ ਵਾਲੇ ਆਦੇਸ਼ਾਂ ਨਾਲ ਭਾਰਤ ਵਿਚ ਵਾਲ ਕੱਟਣ ਦਾ ਕਰਮ ਤੇਜ਼ੀ ਨਾਲ ਵਧਿਆ ਜਿਹੜਾ ਅੱਜ ਫੈਸ਼ਨ ਪ੍ਰਸਤੀ ਦਾ ਇਕ ਚਿੰਨ੍ਹ ਬਣ ਗਿਆ ਹੈ। ਪਰ ਭਾਰਤ ਦੇ 1000 ਸਾਲ ਪੁਰਾਣੇ ਜੀਵਨ ਦੀ ਝਲਕ, ਬਦੇਸ਼ੀ ਲੇਖਕ ਅੈਲਬਰੂਨੀ ਨੇ ਆਪਣੀ ਪੁਸਤਕ "ਪਤਰਿਕਾ ਅਲਹਿੰਦ" ਵਿਚ ਦੇਂਦਿਆਂ ਲਿਖਿਆ ਹੈ ਕਿ "ਭਾਰਤ ਵਾਸੀ ਦੇ ਕੇਸ ਪੂਰੀ ਮਾਤਰਾ ਵਿਚ ਰੱਖਦੇ ਸਨ ਤੇ ਵਾਲਾਂ ਦਾ ਜੂੜਾ ਬਣਾ ਕੇ ਗਰਦਨ ਪਿਛੇ ਇਨ੍ਹਾਂ ਨੂੰ ਸੰਭਾਲਦੇ ਸਨ। ਦਾਹੜੀ ਦੇ ਰੋਮਾਂ ਨੂੰ ਵੀ ਕੰਘਾਂ ਕਰਕੇ ਗੁੰਦ ਲੈਂਦੇ ਸਨ ਤਾਂ ਜੋ ਇਹਨਾਂ ਦੀ ਦੇਖਭਾਲ ਠੀਕ ਤਰੀਕੇ ਨਾਲ ਹੋ ਸਕੇ। ਕੇਸ ਉਨ੍ਹਾਂ ਦੇ ਜੀਵਨ ਦਾ ਅਤੀ ਮਹਤਵ-ਪੂਰਨ ਅੰਗ ਹੁੰਦੇ ਸਨ ਜਿਨ੍ਹਾਂ ਤੇ ਉਹ ਭਾਰੀ ਮਾਣ ਕਰਦੇ ਸਨ।

ਉਧਰ ਯੂਰਪ ਵਿਚ ਪੰਦਰਵੀਂ ਸਦੀ ਦੇ ਫ਼ਰਾਂਸੀਸੀ ਲੋਕਾਂ ਦੇ ਜੀਵਨ ਤੋਂ ਇਹ ਪ੍ਰਤੱਖ ਰੂਪ ਵਿਚ ਦਿਸਦਾ ਹੈ ਕਿ ਜਰਮਨਾਂ ਵਾਂਗਰਾਂ ਇਹ ਲੋਕੀ ਵੀ ਕੇਸ ਦਾਹੜੀਆਂ ਰੱਖਦੇ ਸਨ ਕਿਉਂਕਿ ਉਸ ਸਮੇਂ ਦੇ ਫ਼ਰਾਂਸੀਸੀ ਬਾਦਸ਼ਾਹ ਪੀਟਰ-ਦੀ-ਗਰੇਟ ਨੇ ਆਪਣੇ ਖਜ਼ਾਨੇ ਨੂੰ ਸ਼ਕਤੀਸ਼ਾਲੀ ਕਰਨ ਲਈ ਆਪਣੇ ਦੇਸ਼ ਵਾਸੀਆਂ ਦੀਆਂ ਦਾਹੜੀਆਂ ਤੇ ਟੈਕਸ ਲਗਾ ਕੇ ਚੋਖੀ ਰਕਮ ਇਕੱਠੀ ਕੀਤੀ ਸੀ। ਲੋਕੀ ਕੇਸਾਂ ਦੇ ਸਤਿਕਾਰ ਬਦਲੇ ਟੈਕਸ ਦੀ ਅਦਾਇਗੀ ਨੂੰ ਇਕ ਮਾਮੂਲੀ ਗਲ ਸਮਝਦੇ ਸਨ ਪਰ ਕੇਸ ਦਾਹੜੀਆਂ ਨੂੰ ਸਜਾ ਕੇ ਰਖ ਕੇ ਆਪਣੇ ਜੀਵਨ ਦੀ ਸ਼ਾਨ ਨੂੰ ਹੋਰ ਬੁਲੰਦ ਤੇ ਪੁਰਨੂਰ ਰੱਖਣ ਵਿਚ ਬੇਹਦ ਖੁਸ਼ੀ ਮਹਿਸੂਸ ਕਰਦੇ ਸਨ।

### ਕੇਸਾਂ ਬਾਰੇ ਵਿਗਿਆਨਕ ਖੋਜ

ਪੱਛਮ ਵਿਚ 18ਵੀਂ, 19ਵੀਂ ਸਦੀ ਦੌਰਾਨ ਉਦਯੋਗਿਕ ਕ੍ਰਾਂਤੀ ਕਾਰਨ ਰੋਜ਼ਗਾਰ ਦੇ ਮੌਕੇ ਵਧੇ ਪਰ ਫੈਕਟਰੀਆਂ ਵਿਚ ਮਨੁੱਖੀ ਸੁਰਖਿਆ ਦੇ ਮੁਨਾਸਿਬ ਪ੍ਰਬੰਧ ਨਾ ਹੋਣ ਕਾਰਨ ਲੰਬੇ ਕੇਸਾਂ ਕਰਕੇ ਮਾਰੂ ਦੁਰਘਟਨਾਵਾਂ ਹੋਣ ਲਗ ਪਈਆਂ। ਅਜਿਹੀ ਸਥਿਤੀ ਨੂੰ ਰੋਕਣ ਲਈ ਕਾਮਿਆਂ ਨੇ ਨਾ-ਚਾਹੁੰਦੇ ਹੋਏ ਵੀ ਮਜਬੂਰਨ ਦੁਖੀ ਹੋ ਕੇ ਆਪਣੇ ਲੰਬੇ-ਲੰਬੇ ਕੇਸ ਕਟਵਾਣੇ ਅਰੰਭ ਕਰ ਦਿਤੇ ਤੇ ਨਤੀਜੇ ਵਜੋਂ ਸ਼ੈਕਸਪੀਅਰ ਵਰਗੇ ਲੰਬੇ-ਲੰਬੇ ਵਾਲਾਂ ਵਾਲੇ ਮਨੁਖਾਂ ਦੀ ਗਿਣਤੀ ਯੂਰਪ ਵਿਚ ਘਟਣ ਲਗ ਪਈ ਜਿਹੜੀ ਘਟਦੀ ਘਟਦੀ ਅੱਜ ਲਗਭਗ ਬਿਲਕੁਲ ਖ਼ਤਮ ਹੋ ਗਈ ਹੈ। ਪਰ ਇਸ ਮਾਰੂ ਪ੍ਰਭਾਵ ਦੇ ਬਾਵਜੂਦ ਉਥੇ ਇਕ ਗਲ ਜ਼ਰੂਰ ਹੋਈ ਕਿ ਉਨ੍ਹਾਂ ਲੋਕਾਂ ਨੇ ਕੇਸ ਕਟਵਾਣ ਮਗਰੋਂ ਇਸ ਖੇਤਰ ਵਿਚ ਕਾਫੀ ਖੋਜ ਕੀਤੀ ਤਾਂ ਜੋ ਇਹ ਤਾਂ ਪਤਾ ਲਗ ਸਕੇ ਕਿ ਕੇਸ ਰਖਣ ਦੇ ਫਾਇਦੇ ਕੀ ਹਨ ਅਤੇ ਇਨ੍ਹਾਂ ਨੂੰ ਕਟਵਾਣ ਨਾਲ ਮਨੁੱਖੀ ਸਰੀਰ ਤੇ ਸੁਭਾਅ ਆਦਿ ਵਿਚ ਕੀ ਤਰੁਟੀਆਂ ਤੇ ਤਬਦੀਲੀਆਂ ਆਉਂਦੀਆਂ ਹਨ। ਇਸ ਆਸ਼ੇ ਨੂੰ ਮੁਖ ਰਖ ਕੇ ਪੱਛਮ ਵਿਚ ਹੋਈ ਖੋਜ ਅਨੁਸਾਰ ਇਹ ਸਿਟਾ ਨਿਕਲ ਕੇ ਸਾਹਮਣੇ ਆਇਆ ਹੈ ਕਿ ਕੇਸ ਮਨੁੱਖੀ ਸਰੀਰ ਵਿਚ ਵਿਟਾਮਿਨ 'ਡੀ' ਪੈਦਾ ਕਰਨ ਲਈ ਇਕ ਫੈਕਟਰੀ ਦਾ ਕੰਮ ਕਰਦੇ ਹਨ। ਵਿਟਾਮਿਨ 'ਡੀ' ਤਪਦਿਕ ਵਰਗੇ ਖਾਈ ਰੋਗ ਤੋਂ ਮਨੁੱਖ ਨੂੰ ਬਚਾਉਂਦਾ ਹੈ ਅਤੇ ਇਹ ਸਰੀਰ ਦੀਆਂ ਹੱਡੀਆਂ, ਦੰਦਾਂ ਅਤੇ ਨਰਵਸ ਸਿਸਟਮ ਲਈ ਬਹੁਤ ਹੀ ਜ਼ਰੂਰੀ ਤੱਤ ਹੈ ਜਿਹੜਾ ਅਜਕਲ ਦੁਰਲਭ ਜਿਹਾ ਹੋ ਗਿਆ ਹੈ। ਇਸ ਦਾ ਕਾਰਨ ਇਹ ਹੈ ਕਿ ਜਦੋਂ ਤੋਂ ਅਸੀਂ ਸਬਜ਼ੀਆਂ ਅਤੇ ਅਨਾਜ ਨੂੰ ਕੀੜੇ ਮਾਰ ਦਵਾਈਆਂ ਰਾਹੀਂ ਬਚਾਉਣ ਦੇ ਉਪਰਾਲੇ ਸ਼ੁਰੂ ਕੀਤੇ ਹਨ, ਉਦੋਂ ਦਾ ਹੀ ਵਿਟਾਮਿਨ 'ਡੀ' ਵੀ ਇਨ੍ਹਾਂ ਸਬਜ਼ੀਆਂ ਵਿਚੋਂ ਕਾਫੀ ਮਾਤਰਾ ਵਿਚ ਨਸ਼ਟ ਹੁੰਦਾ ਜਾ ਰਿਹਾ ਹੈ ਜਿਸ ਦੇ ਫਲਸਰੂਪ ਸਮੁੱਚੇ ਸੰਸਾਰ ਵਿਚ ਵਿਟਾਮਿਨ 'ਡੀ' ਦੀ ਭਾਰੀ ਕਮੀ ਮਹਿਸੂਸ ਹੋਣ ਲਗ ਪਈ ਹੈ। ਵਿਕਸਿਤ ਦੇਸਾਂ ਨੇ ਇਸ ਕਮੀ ਦੀ ਗੰਭੀਰਤਾ ਨੂੰ ਦੇਖਦਿਆਂ ਹੋਇਆਂ ਬਨਾਵਟੀ ਤੌਰ ਤੇ ਵਿਟਾਮਿਨ "ਡੀ" ਤਿਆਰ ਕਰਕੇ ਬੱਚਿਆਂ ਦੀ ਖੁਰਾਕ ਵਿਚ ਰਲਾਉਣਾ ਸ਼ੁਰੂ ਕਰ ਦਿਤਾ ਹੈ ਤਾਂ ਜੋ ਵਡੇ ਹੋ ਕੇ ਉਹ ਅਜਿਹੀ ਹਸਤੀ ਦੇ ਮਾਲਕ ਨਾ ਬਣਨ ਜਿਹੜੀ ਸਰੀਰ ਦੇ ਪਖੋਂ ਦੁਰਬਲ ਅਤੇ ਮਾਨਸਿਕ ਤੌਰ ਤੇ ਉਖੜੀ ਪੁਖੜੀ ਹੋਵੇ। ਅਮੀਰ ਦੇਸ਼ਾਂ ਦੇ ਉਲਟ, ਗਰੀਬ ਦੇਸ਼ ਥੋੜੀ ਜਿਹੀ ਸਿਆਣਪ ਨਾਲ ਕੇਸ ਰਖ ਕੇ ਆਪਣੇ ਬੱਚਿਆਂ ਦੀ ਇਹ ਕਮੀ ਕੁਦਰਤ ਦੇ ਵਡਮੁਲੇ ਭੰਡਾਰੇ (ਸੂਰਜੀ ਧੁੱਪ) ਵਿਚੋਂ ਵਿਟਾਮਿਨ 'ਡੀ' ਮੁਫਤ ਪ੍ਰਾਪਤ ਕਰਕੇ ਅਸਾਨੀ ਨਾਲ ਪੂਰੀ ਕਰ ਸਕਦੇ ਹਨ। ਇਸ ਮਹਤਵਪੂਰਨ ਖੋਜ ਨੇ ਇਹ ਵੀ ਸਿੱਧ ਕੀਤਾ ਹੈ ਕਿ ਸਿਰ ਦੇ ਵਾਲ ਜਿਤਨੇ ਲੰਮੇ ਹੋਣਗੇ, ਉਨ੍ਹਾਂ ਵਿਚਲਾ ਤੇਲ, ਸੂਰਜੀ ਸ਼ਕਤੀ ਦੇ ਅਮਲ ਨਾਲ ਉਤਨਾ ਹੀ ਵੱਧ ਵਿਟਾਮਿਨ 'ਡੀ' ਪੈਦਾ ਕਰੇਗਾ। ਇਸ ਲਈ ਵਾਲ ਰੱਖਣੇ ਹਰ ਕਿਸੇ ਦੀ ਸਿਹਤ ਅਤੇ ਮਾਨਸਿਕ ਅਵਸਥਾ, ਦੋਹਾਂ ਲਈ ਅਤੀ ਜ਼ਰੂਰੀ ਹਨ। ਤਜਰਬਿਆਂ ਦੇ ਆਧਾਰ ਤੇ ਇਹ ਵੀ ਸਾਬਤ ਕੀਤਾ ਜਾ ਚੁਕਾ ਹੈ ਕਿ ਜੇਕਰ ਕੇਸਾਂ ਨੂੰ ਸਿਰ ਦੀ ਚੋਟੀ ਉਤੇ ਵਲੇਵਾਂ ਦੇ ਕੇ ਜੂੜੇ ਦੀ ਸ਼ਕਲ ਵਿਚ ਸੰਵਾਰਿਆ ਜਾਵੇ ਤਾਂ ਉਹ ਸੂਰਜੀ ਸ਼ਕਤੀ ਨੂੰ ਵੱਧ ਤੋਂ ਵੱਧ ਮਾਤਰਾ ਵਿਚ ਇਵੇਂ ਆਪਣੇ ਵਿਚ ਸਮੇਟਣ ਦੀ ਸਮਰਥਾ ਰੱਖਦੇ ਹਨ ਜਿਸ ਤਰ੍ਹਾਂ ਟੈਲੀਵੀਜ਼ਨ ਦਾ ਐਨਟੀਨਾ ਵਾਤਾਵਰਨ ਵਿਚੋਂ ਚਿਤਰ ਰੇਖਾਵਾਂ ਖਿਚਣ ਦੀ ਸ਼ਕਤੀ ਰਖਦਾ ਹੈ। (ਟੈਸੀਟਸ ਦੇ ਕਥਨ ਅਨੁਸਾਰ ਪ੍ਰਾਚੀਨ ਜਰਮਨ ਵਾਸੀ ਆਪਣੇ ਸਿਰਾਂ ਉਤੇ ਲੰਬੇ ਵਾਲਾਂ ਦਾ ਜੂੜਾ ਕਰਦੇ ਹੁੰਦੇ ਸਨ ਅਤੇ ਹੋ ਸਕਦਾ ਹੈ ਉਹ ਅਜਿਹਾ ਉਕਤ ਲਾਭ ਦੀ ਪ੍ਰਾਪਤੀ ਲਈ ਹੀ ਕਰਦੇ ਹੋਣ)। ਕੁਦਰਤ ਦੀ ਦੁਰਲਭ ਦਾਤ ਵਿਟਾਮਿਨ 'ਡੀ' ਜੇ ਮਨੁੱਖ ਨੂੰ ਕੇਵਲ ਕੇਸ ਰਖ ਕੇ ਕਾਫੀ ਮਾਤਰਾ ਵਿਚ ਮੁਫਤ ਮਿਲ ਸਕਦੀ ਹੈ ਤਾਂ ਸਿਹਤ ਦੇ ਨੁਕਤਾ-ਨਿਗਾਹ ਤੋਂ ਵੀ ਕੇਸ ਰਖਣੇ ਬਹੁਤ ਗੁਣਕਾਰੀ ਤੇ ਲਾਭਦਾਇਕ ਹਨ।

### ਕੇਸ ਕਟਣ ਦੇ ਨੁਕਸਾਨਾਂ ਦਾ ਵੇਰਵਾ

ਜੇਕਰ ਅਸੀਂ ਸਿਰ ਦੇ ਕੇਸਾਂ ਨੂੰ ਨਾ ਕਟੀਏ ਤਾਂ ਉਹ ਇਕ ਖਾਸ ਲੰਬਾਈ ਤੇ ਪਹੁੰਚਣ ਉਪਰੰਤ ਵਧਣੋਂ ਬੰਦ ਹੋ ਜਾਂਦੇ ਹਨ ਅਤੇ ਫਿਰ ਉਨ੍ਹਾਂ ਦੀ ਦੇਖ ਭਾਲ ਲਈ ਉਸ ਪ੍ਰੋਟੀਨ ਦਾ ਅੱਧਾ ਪਰਸੈਂਟ ਰੋਜ਼ ਖਰਚ ਹੁੰਦਾ ਹੈ ਜਿਹੜੀ ਅਸੀਂ ਸਾਰੇ ਦਿਨ ਵਿਚ ਵੱਖ-ਵੱਖ ਖੁਰਾਕ ਖਾ ਕੇ ਸਰੀਰ ਵਿਚ ਲਿਜਾਂਦੇ ਹਾਂ। ਦੂਜੇ ਪਾਸੇ ਵਾਲ ਕਟਣ ਨਾਲ ਸਾਡੀ ਕਈ ਗੁਣਾਂ ਜ਼ਿਆਦਾ ਪ੍ਰੋਟੀਨ (ਖਰਚ) ਹੁੰਦੀ ਹੈ ਕਿਉਂਕਿ ਇਹ ਆਮ ਕਰਕੇ ਨਵੇਂ ਵਾਲ ਉਗਾਣ ਵਿਚ ਹੀ ਨਸ਼ਟ ਹੁੰਦੀ ਰਹਿੰਦੀ ਹੈ। ਜੇਕਰ ਇਕ ਵਾਰੀ ਕੇਸ ਕਟਵਾਉਣ ਨਾਲ ਇਹ ਅਗੇ ਤੋਂ ਵਧਣੇ ਬੰਦ ਹੋ ਜਾਂਦੇ, ਤਦ ਤਾਂ ਪ੍ਰੋਟੀਨ ਦੀ ਖਪਤ ਵਿਚ ਸਰਫਾ ਹੋ ਸਕਦਾ ਸੀ ਪਰ ਪਰਮਾਤਮਾ ਨੇ ਕੇਸਾਂ ਦੀ ਸਰੀਰ ਪ੍ਰਤੀ ਬਹੁ-ਪਖੀ ਮਹਤਤਾ ਨੂੰ ਦੇਖਦਿਆਂ ਹੋਇਆਂ ਇਹਨਾਂ ਦੀ ਉਪਜ ਨੂੰ ਨਿਰਵਿਘਨ ਬਣਾਈ ਰੱਖਣ ਲਈ ਸਰੀਰ ਵਿਚ ਬੜਾ ਸ਼ਕਤੀਸ਼ਾਲੀ ਸਿਸਟਮ ਫਿਟ ਕੀਤਾ ਹੈ ਜਿਹੜਾ ਮਨੁੱਖ ਦੀ ਮੌਤ ਤਕ ਨਿਰਵਿਘਨ ਚਲਦਾ ਰਹਿੰਦਾ ਹੈ ਇਸ ਲਈ ਉਹ ਸਿਸਟਮ ਮਨੁਖ ਵਲੋਂ ਕੇਸ ਕਟਵਾਏ ਜਾਣ ਤੇ ਸਰੀਰ ਵਿਚੋਂ ਹੋਰ ਵਧ ਪ੍ਰੋਟੀਨ ਤੇ ਹੋਰ ਕੀਮਤੀ ਧਾਤਾਂ ਖਰਚ ਕਰਕੇ ਵਧੇਰੇ ਤੇਜ਼ੀ ਨਾਲ ਨਵੇਂ ਕੇਸ ਉਗਾਉਣ ਵਿਚ ਲਗ ਜਾਂਦਾ ਹੈ ਤਾਂ ਜੋ ਮਨੁਖ ਨੂੰ ਕੇਸਾਂ ਤੋਂ ਜੋ ਬਹੁਪਰਕਾਰੀ ਲਾਭ ਪ੍ਰਾਪਤ ਹੁੰਦੇ ਹਨ, ਉਹ ਉਨ੍ਹਾਂ ਤੋਂ ਵਾਂਝਿਆਂ ਨਾ ਰਹਿ ਜਾਵੇ। ਲਗਦਾ ਹੈ, ਅਜੋਕਾ ਮਨੁੱਖ ਕੇਸ ਕਟਵਾਉਣ ਵਿਚ ਤੇ ਰੱਬ ਕੇਸ ਉਗਾਣ ਵਿਚ ਜੁਟੇ ਹੋਏ ਹਨ। ਰੱਬ ਕੇਸਾਂ ਬਾਰੇ ਬਹੁਤ ਗੰਭੀਰ ਹੈ ਤੇ ਮਨੁੱਖ ਬਹੁਤ ਲਾਪਰਵਾਹ। ਦੇਖੋ, ਉਠ ਕਿਸ

ਕਰਵਟ ਬੈਠਦਾ ਹੈ। ਫਿਲ ਹਾਲ ਤਾਂ ਇਹੀ ਕਿਹਾ ਜਾ ਸਕਦਾ ਹੈ -

*"ਵਹੁ ਅਪਨੀ ਖੂ (ਆਦਤ) ਨਾ ਬਦਲੇਂਗੇ*
*ਹਮ ਅਪਨੀ ਵਜ਼ਾ (ਸੁਭਾਅ) ਕਿਉਂ ਬਦਲੇਂ"*

ਪਰ ਯਕੀਨਨ, ਜਿਤ ਰੱਬ ਦੀ ਹੋਣੀ ਹੈ ਕਿਉਂਕਿ ਉਸ ਨੂੰ ਕੇਸਾਂ ਦੀ ਮਹਤਤਾ ਦਾ ਰਹਸ ਪਤਾ ਹੈ ਅਤੇ ਅਸੀਂ ਜਾਣ-ਬੁਝ ਕੇ ਬੇਖਬਰ ਬਣੇ ਹੋਏ ਹਾਂ। ਪਰ ਸਾਨੂੰ ਇਤਨੀ ਗੱਲ ਤਾਂ ਜ਼ਰੂਰ ਸੋਚਣੀ ਚਾਹੀਦੀ ਹੀ ਹੈ ਕਿ ਜੇ ਕਰ ਅਸੀਂ ਆਪਣੇ ਸਰੀਰ ਵਿਚੋਂ ਹੱਥ ਜਾਂ ਪੈਰ ਕਟ ਦੇਈਏ ਤਾਂ ਉਹ ਦੁਬਾਰਾ ਕਦੇ ਨਹੀਂ ਆਉਂਦੇ ਪਰ ਉਸ ਦੇ ਉਲਟ ਰੋਮ ਕਟੀਏ ਤਾਂ ਉਹ ਹਰ ਉਮਰ ਵਿਚ (ਬਹੁਤ ਬਿਰਦ ਉਮਰ ਨੂੰ ਛਡ ਕੇ) ਦੁਬਾਰਾ ਜਲਦੀ ਹੀ ਆ ਜਾਂਦੇ ਹਨ। ਇਸ ਤੋਂ ਇਤਨਾ ਕਿਆਸ ਤਾਂ ਲਗ ਹੀ ਸਕਦਾ ਹੈ ਕਿ ਕੇਸਾਂ ਦੀ ਮਹਤਤਾ, ਹੱਥਾਂ ਜਾਂ ਪੈਰਾਂ ਜਾਂ ਸਰੀਰ ਦੇ ਹੋਰ ਅੰਗਾਂ ਨਾਲੋਂ ਵੱਧ ਤਾਂ ਹੋ ਸਕਦੀ ਹੈ, ਘਟ ਤਾਂ ਬਿਲਕੁਲ ਹੀ ਨਹੀਂ। ਦੇਖਣ ਵਿਚ ਆਉਂਦਾ ਹੈ ਕਿ ਹਿੰਦੂ ਸੱਜਣ ਜਦ ਆਪਣੇ 2-3 ਸਾਲ ਦੇ ਬੱਚੇ ਦਾ ਪਹਿਲਾ ਪੂਰਾ ਮੁੰਡਨ ਕਰਦੇ ਹਨ ਤਾਂ ਉਸਦਾ ਸਿਰ ਬਿਲਕੁਲ ਰੋਡ-ਮੋਡ ਕਰ ਦਿਤਾ ਜਾਂਦਾ ਹੈ। ਉਸ ਬੱਚੇ ਦੇ ਸਿਰ ਤੇ ਇਕ ਮਹੀਨੇ ਮਗਰੋਂ ਅੱਧਾ ਸੈਂਟੀਮੀਟਰ ਵਾਲ ਦੁਬਾਰਾ ਉਗ ਆਉਂਦੇ ਹਨ। ਭਾਵੇਂ ਜਵਾਨ ਮਨੁਖ ਵਿਚ ਕੇਸਾਂ ਦੇ ਦੁਬਾਰਾ ਵੱਧਣ ਦੀ ਗਤੀ ਬੱਚੇ ਨਾਲੋਂ ਕੁਝ ਵੱਧ ਹੁੰਦੀ ਹੈ ਕਿਉਂਕਿ ਉਸਦੇ ਵਾਲ ਤੀਜੇ ਦਿਨ ਇੰਚ ਦਾ ਅੱਠਵਾਂ ਹਿੱਸਾ ਵਧ ਜਾਂਦੇ ਹਨ, ਫਿਰ ਵੀ ਜੇਕਰ ਦੋ ਤਿੰਨ ਸਾਲ ਦੇ ਬੱਚੇ ਨੂੰ ਹੀ ਆਧਾਰ ਬਣਾਈਏ ਤਾਂ ਉਹ ਬੱਚਾ ਇਕ ਮਹੀਨੇ ਵਿਚ ਅੱਧਾ ਸੈਂਟੀਮੀਟਰ ਵਾਲ ਦੁਬਾਰਾ ਆਪਣੇ ਸਿਰ ਤੇ ਵਧਾ ਲੈਂਦਾ ਹੈ। ਆਮ ਮਨੁੱਖ ਦੇ ਸਿਰ ਤੇ 85 ਹਜ਼ਾਰ ਤੋਂ ਲੈ ਕੇ 1 ਲੱਖ 25 ਹਜ਼ਾਰ ਤਕ ਦੇ ਕਰੀਬ ਕੇਸ ਹੁੰਦੇ ਹਨ ਤੇ ਬੱਚੇ ਦੇ ਸਿਰ ਤੇ ਜੇ 1 ਲੱਖ ਕੇਸ ਵੀ ਮੰਨ ਲਏ ਜਾਣ ਤਾਂ ਉਹ ਬੱਚਾ ਆਪਣੇ ਸਰੀਰ ਵਿਚੋਂ ਤਾਕਤ ਦਾ ਇਸਤੇਮਾਲ ਕਰਕੇ ਇਕ ਮਹੀਨੇ ਵਿਚ 50 ਹਜ਼ਾਰ ਸੈਂਟੀਮੀਟਰ (500 ਮੀਟਰ) ਭਾਵ ਅੱਧਾ ਕਿਲੋਮੀਟਰ ਲੰਮਾ ਇਕ ਵਾਲ ਦੋਬਾਰਾ ਉਗਾਂਦਾ ਹੈ ਅਤੇ ਕੇਸ ਕਟਵਾਣ ਦੀ ਆਦਤ ਕਰਕੇ ਇਹ ਕਰਮ ਉਸਦੀ ਸਾਰੀ ਜ਼ਿੰਦਗੀ ਚਲਦੇ ਰਹਿਣ ਨਾਲ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਉਹ ਕੇਸਾਂ ਨੂੰ ਪੈਦਾ ਕਰਨ ਅਤੇ ਫਿਰ ਕਟਵਾਣ ਨਾਲ ਸਰੀਰ ਦੀ ਕਿਤਨੀ ਸ਼ਕਤੀ ਤੇ ਬਹੁਮੁਲੀਆਂ ਧਾਤਾਂ ਆਦਿ ਵਿਅਰਥ ਗਵਾਂਦਾ ਹੈ। ਨਾ-ਸਮਝੀ ਦੀ ਵੀ ਕੋਈ ਹਦ ਹੁੰਦੀ ਹੈ ਪਰ ਗਾਲਬ ਦੇ ਕਥਨ ਅਨੁਸਾਰ "ਸਮਝੇ ਸਮਝਾਏ ਕੋ ਕੋਈ ਸਮਝਾਏ ਕਿਆ।" ਕੇਸ ਕਟਵਾ ਕੇ ਮਨੁਖ ਆਪਣਾ ਬੁਰਾ ਆਪ ਕਰ ਰਿਹਾ ਹੈ।

ਕੇਸ ਕਟਾਉਣ ਦਾ ਇਕ ਨੁਕਸਾਨ ਇਹ ਵੀ ਮੰਨਿਆ ਗਿਆ ਹੈ, ਜਿਹੜੀ ਸ਼ਕਤੀ ਦਿਮਾਗ ਨੂੰ ਸੂਰਜ ਤੋਂ ਕੇਸਾਂ ਦੁਆਰਾ ਪ੍ਰਾਪਤ ਹੋਣੀ ਸੀ, ਕੇਸਾਂ ਨੂੰ ਕਟਵਾ ਕੇ ਅਸੀਂ ਉਸਦਾ ਸਰੋਤ ਹੀ ਬੰਦ ਕਰ ਦਿਤਾ ਹੈ ਜਾਂ ਉਸ ਸਿਸਟਮ ਨੂੰ ਲਗਭਗ ਨਿਕਾਰਾ ਕਰ ਦਿਤਾ ਹੈ। ਇਸ ਤੋਂ ਇਹ ਮਤਲਬ ਨਹੀਂ ਕਿ ਕੇਸ-ਹੀਣ ਸ਼੍ਰੇਣੀਆਂ ਵਿਚ ਦਿਮਾਗੀ ਤੌਰ ਤੇ ਪਰਫੁਲਤ ਵਿਅਕਤੀਆਂ ਦੀ ਘਾਟ ਹੈ ਪਰ ਜੇ ਇਹ ਕੇਸ-ਹੀਣ ਸ਼੍ਰੇਣੀਆਂ ਕੇਸ ਕਟਵਾ ਕੇ ਦਿਮਾਗੀ ਪ੍ਰਫੁਲਤਾ ਦੇ ਖੇਤਰ ਵਿਚ ਵਿਚਰ ਸਕਦੀਆਂ ਹਨ ਤਾਂ ਅਵੱਸ਼ ਹੀ ਕੇਸ ਰਖ ਕੇ ਇਨ੍ਹਾਂ ਦਾ ਦਿਮਾਗੀ ਪੱਧਰ ਹੋਰ ਉਚੇ ਲੈਵਲ ਤਕ ਪਹੁੰਚ ਸਕਦਾ ਹੈ। ਇਸ ਲਈ ਇਸ ਗਲ ਦਾ ਅਫਸੋਸ ਜ਼ਰੂਰ ਮਹਿਸੂਸ ਹੋ ਰਿਹਾ ਹੈ ਕਿ ਉਨ੍ਹਾਂ ਨੇ ਵਿਸਰ ਭੋਲੇ ਹੀ ਉਸ ਸੋਮੇ ਨੂੰ ਬਰਬਾਦ ਕਰ ਦਿਤਾ ਹੈ ਜਿਸ ਨੇ ਦਿਮਾਗ ਵਿਚ ਵਧੇਰੇ ਸ਼ਕਤੀ ਦਾ ਸੰਚਾਰ ਕਰਨਾ ਸੀ। ਹਾਂ ਇਹ ਵੀ ਠੀਕ ਹੈ ਕਿ ਜੇ ਇਸ ਨੁਕਸਾਨ ਨੂੰ ਪੀੜ੍ਹੀਆਂ ਦਰ ਪੀੜ੍ਹੀਆਂ ਦੇ ਹਿਸਾਬ ਨਾਲ ਗਿਣਿਆ ਜਾਵੇ ਤਾਂ ਅਵੱਸ਼ ਹੀ ਅਸੀਂ ਸੰਪੂਰਨ ਦਿਮਾਗੀ ਵਿਕਾਸ ਵਿਚ ਜ਼ਰੂਰ ਵਿਘਨ ਪਾਉਂਦੇ ਆ ਰਹੇ ਹਾਂ। ਸਰਬ ਮਾਨਵਤਾ ਲਈ ਅਵੱਸ਼ ਹੀ ਇਹ ਘਾਟੇ ਵਾਲਾ ਸੌਦਾ ਹੈ ਅਤੇ ਘਾਟੇ ਵਾਲਾ ਸੌਦਾ ਕਰੀ ਜਾਣਾ, ਕਿਥੇ ਦੀ ਸਿਆਣਪ ਹੈ? ਜ਼ਰਾ ਸੋਚੋ ਤੇ ਫਿਰ ਸੰਭਲੋ। ਇਹ ਵਕਤ ਦਾ ਤਕਾਜ਼ਾ ਹੈ, ਮੰਗ ਹੈ।

### ਕੇਸਾਂ ਦਾ ਸੁਭਾਅ

ਵਿਗਿਆਨੀਆਂ ਨੇ ਭਰਵੀਂ ਖੋਜ ਕਰਨ ਉਪਰੰਤ ਇਹ ਨਤੀਜਾ ਵੀ ਕੱਢਿਆ ਹੈ ਕਿ ਕੇਸ ਆਪਣੀ ਪੂਰਨ ਵਿਕਾਸ ਸੀਮਾ ਤਕ ਪਹੁੰਚ ਜਾਣ ਉਪਰੰਤ ਜਦੋਂ ਵਧਣਾ ਬੰਦ ਕਰ ਦੇਂਦੇ ਹਨ ਤਾਂ ਉਹ 2 ਸਾਲ ਤੋਂ ਲੈ ਕੇ 6 ਸਾਲ ਤੱਕ ਸਿਰ ਵਿਚ ਕਾਇਮ ਰਹਿੰਦੇ ਹੋਏ ਆਪਣੀ ਕਿਰਿਆ ਸਰਗਰਮ ਰੂਪ ਵਿਚ ਨਿਭਾ ਕੇ ਕਮਜ਼ੋਰ ਹੋ ਜਾਣ ਉਪਰੰਤ ਝੜ ਜਾਂਦੇ ਹਨ ਤੇ ਕੰਘਾ ਕਰਨ ਨਾਲ ਬਾਹਰ ਆ ਜਾਂਦੇ ਹਨ। ਇਸ ਨੂੰ ਕੇਸਾਂ ਦਾ ਮਰਨਾ ਕਿਹਾ ਜਾ ਸਕਦਾ ਹੈ ਅਤੇ ਮਰੇ ਹੋਏ ਕੇਸ ਸਿਰ ਵਿਚ ਰਖਣ ਦਾ ਕੋਈ ਲਾਭ ਨਹੀਂ ਪਰ ਮਨੁੱਖੀ ਸਰੀਰ ਲਈ ਕੇਸਾਂ ਦੀ ਭਾਰੀ ਅਵਸ਼ਕਤਾ ਨੂੰ ਦੇਖਦਿਆਂ ਹੋਇਆਂ, ਕੁਦਰਤ ਇਨ੍ਹਾਂ ਮਰ ਕੇ ਖਾਰਜ ਹੋਏ ਕੇਸਾਂ ਦੇ ਬਦਲ ਵਿਚ ਬੜੀ ਤੇਜ਼ੀ ਨਾਲ ਨਵੇਂ ਉਗਾਣ ਵਿਚ ਤਤਪਰ ਰਹਿੰਦੀ ਹੈ। ਕੇਸਾਂ ਦੀ ਮਹਤਤਾ ਦਾ ਅੰਦਾਜ਼ਾ ਇਸ ਗਲ ਤੋਂ ਵੀ ਬਾਖੂਬੀ ਲਗਾਇਆ ਜਾ ਸਕਦਾ ਹੈ ਕਿ ਕੇਸਾਂ ਦੇ ਝੜਨ ਨਾਲ ਫੌਰੀ ਤੌਰ ਤੇ ਨਵੇਂ ਕੇਸ ਉਗਾਉਣ ਦਾ ਸਿਲਸਿਲਾ ਵੀ ਪੂਰੀ ਤਾਕਤ ਨਾਲ ਕਰਮਸ਼ੀਲ ਹੋ ਜਾਂਦਾ ਹੈ ਤਾਂ ਜੋ ਮਨੁੱਖੀ ਸਰੀਰ ਤੇ ਕੇਸਾਂ ਦੀ ਕਮੀ ਨਾ ਵਾਪਰੇ। ਇਹ ਤੱਥ ਵੀ ਜ਼ਾਹਿਰ ਕਰਦਾ ਹੈ ਕਿ ਸਿਰ ਵਿਚ ਹਰ ਸਮੇਂ ਨਵੇਂ ਨਰੋਏ ਕੇਸਾਂ ਦੀ ਜ਼ਿੰਦਗੀ ਦੇ ਹਰ ਕਾਲ ਵਿਚ ਅਤਿਅੰਤ ਲੋੜ ਹੈ, ਤਦੇ ਹੀ ਵਾਹਿਗੁਰੂ ਨੇ ਮਨੁੱਖੀ ਜੀਵਨ ਲਈ ਅਜਿਹੀ ਕੇਸ ਪ੍ਰਣਾਲੀ ਵਿਕਸਤ ਕੀਤੀ ਹੈ ਜੋ ਮਨੁੱਖ ਨੂੰ ਉਸਦੀ ਉਮਰ ਦੇ ਬਹੁਤ ਲੰਮੇ ਸਮੇਂ ਤਕ ਨੌ-ਬਰ-ਨੌ ਕੇਸਾਂ ਦੀ ਦਾਤ ਬਖਸ਼ਦੀ ਰਹਿੰਦੀ ਹੈ। ਲਗਾਤਾਰ ਕਟਵਾਉਣ ਦੇ ਬਾਵਜੂਦ ਕੇਸਾਂ ਦੇ ਤੇਜ਼ੀ ਨਾਲ ਦੁਬਾਰਾ ਵਿਕਸਿਤ ਹੋਣ ਦੇ ਕਰਮ ਤੋਂ ਇਹ ਅਰਥ ਵੀ ਕੱਢਿਆ ਜਾ ਸਕਦਾ ਹੈ ਕਿ ਰੱਬ, ਮਨੁੱਖ ਦੀ ਕੇਸ ਕੱਟਣ ਦੀ ਕਾਰਵਾਈ ਨੂੰ ਬਿਲਕੁਲ ਸਵੀਕਾਰ ਨਹੀਂ ਕਰਦਾ ਪਰ ਇਸਦੇ ਬਾਵਜੂਦ ਵੀ ਉਹ ਉਸ ਨਾਲ ਕੇਸ ਕੱਟਣ ਕਾਰਨ ਹਾਲੇ ਨਾਰਾਜ਼ ਨਹੀਂ ਹੋਇਆ। ਇਸਦਾ ਪਰਮਾਣ ਇਸ ਗੱਲ ਤੋਂ ਮਿਲਦਾ ਹੈ ਕਿ ਕਿਸੇ ਵੀ ਧਰਮ ਵਿਚ ਹਾਲੇ ਵੀ ਜੋ ਨਵਾਂ ਬੱਚਾ ਜੰਮਦਾ ਹੈ, ਉਹ ਸੁਹਣੇ ਕੇਸਾਂ ਨਾਲ ਸੁਸਜਤ ਹੁੰਦਾ ਹੈ ਜੋ ਰੱਬ ਉਸਨੂੰ ਤੋਹਫੇ ਵਜੋਂ ਦੇ ਕੇ ਇਸ ਸੰਸਾਰ ਵਿਚ ਭੇਜਦਾ ਹੈ ਪਰ ਇਹ ਗੱਲ ਵੱਖਰੀ ਹੈ ਕਿ ਸਿੱਖ ਤੋਂ ਬਿਨਾਂ ਬਾਕੀ ਸੰਸਾਰ ਦੇ ਲਗਭਗ ਸਾਰੇ ਪੁਰਖ ਵਿਅਕਤੀ ਰੱਬ ਦੀ ਨਾ ਤਾਂ ਰਮਜ਼ ਹੀ ਪਛਾਣਦੇ ਹਨ ਤੇ ਨਾ ਹੀ ਉਸਦੇ ਅਨਮੋਲ ਤੋਹਫੇ ਦਾ ਸਨਮਾਨ ਕਰਨ ਦੇ ਮੂਡ ਵਿਚ ਹੀ ਹਨ। ਉਂਜ ਮਨੁੱਖ ਆਪਣੇ ਆਪ ਨੂੰ ਬਹੁਤ ਸਿਸ਼ਟਾਚਾਰ ਵਾਲਾ ਕਹਿੰਦਾ ਹੈ। ਹਾਂ ਸਿੱਖ ਧਰਮ ਦਾ ਪੈਰੋਕਾਰ ਇਹ ਜ਼ਰੂਰ ਸਮਝਦਾ ਹੈ ਕਿ ਵਾਹਿਗੁਰੂ ਨੇ ਸੁਚੇ ਰੋਮਾਂ ਨਾਲ ਉਸ ਦੇ ਸਰੀਰ ਨੂੰ ਪੋਸ਼ਾਕ ਰੂਪ ਵਿਚ ਸਜਾ ਕੇ ਇਸ ਸੰਸਾਰ ਵਿਚ ਭੇਜਿਆ ਹੈ ਅਤੇ ਮਰਨ ਵੇਲੇ ਵੀ ਕੇਸਾਂ ਦੇ ਰੂਪ ਵਿਚ ਇਹ ਰੇਸ਼ਮੀ ਚੰਦੋਆ ਉਸ ਉਪਰ ਹੁੰਦਾ ਹੈ। ਇਸ ਤਰ੍ਹਾਂ ਗੁਰੂ ਦਾ ਸਿੱਖ ਨਾ ਨੰਗਾ ਆਉਂਦਾ ਹੈ, ਨਾ ਨੰਗਾ ਜਾਂਦਾ ਹੈ ਤੇ ਇਨ੍ਹਾਂ ਰੋਮਾਂ ਦੀ ਬਦੌਲਤ ਹਰ ਸਮੇਂ ਬੇਪਰਤੀਤੀ ਤੋਂ ਬਚਿਆ ਰਹਿੰਦਾ ਹੈ।

'ਚਲਦਾ'

*(ਸਰੂਪ ਸਿੰਘ 'ਅਲੱਗ' ਰਚਿਤ ਪੁਸਤਕ 'ਕੇਸ ਪ੍ਰਸੰਗ' ਵਿਚੋਂ ਧੰਨਵਾਦ ਸਹਿਤ)*

# ਗੁਰੂ ਅੰਗਦ ਦੇਵ ਜੀ ਦੀ ਬਾਣੀ ਵਿਚ ਮਾਨਵ ਕਲਿਆਣ

*ਡਾ. ਸ਼ਮਸ਼ੇਰ ਸਿੰਘ*

ਗੁਰਮਤਿ ਅਨੁਸਾਰ ਸੰਸਾਰ ਉਤੇ ਜਦੋਂ ਅਧਰਮ ਫੈਲ ਜਾਵੇ, ਨੇਕ ਪੁਰਸ਼ਾਂ, ਸੰਤਾਂ ਸਾਧੂਆਂ ਦਾ ਮਾਣ ਸਤਿਕਾਰ ਘਟ ਜਾਵੇ ਅਤੇ ਅਧਰਮ ਨੂੰ ਲੋਕਾਂ ਉਤੇ ਜ਼ਬਰਦਸਤੀ ਥੋਪਿਆ ਜਾਵੇ ਤਾਂ ਅਕਾਲ ਪੁਰਖ, ਸ਼ਕਤੀ ਸੰਪੰਨ ਗੁਰੂ ਨੂੰ ਸੰਸਾਰ ਦੇ ਕਲਿਆਣ ਹਿਤ ਭੇਜਦਾ ਹੈ। ਗੁਰੂ ਨਾਨਕ ਦੇਵ ਜੀ ਇਸ ਸਿਧਾਂਤ ਅਨੁਸਾਰ, ਸੰਸਾਰ ਦੇ ਕਲਿਆਣ ਹਿਤ ਆਏ। ਉਨ੍ਹਾਂ ਨੇ ਆਪਣੀ ਜ਼ਿੰਦਗੀ ਦੇ 22 ਸਾਲ ਚਾਰ ਵੱਡੀਆਂ ਯਾਤਰਾਵਾਂ ਦੁਆਰਾ ਰੱਬੀ ਰਾਹ ਤੋਂ ਭੁੱਲੇ-ਭਟਕੇ ਲੋਕਾਂ ਨੂੰ ਰਸਤੇ ਪਾਇਆ। ਸਮਕਾਲੀ ਧਾਰਮਕ ਮੁਖੀਆਂ ਨਾਲ ਵਿਚਾਰ ਵਟਾਂਦਰਾ ਕਰਕੇ ਧਰਮ ਦਾ ਸਹੀ ਸਰੂਪ ਪ੍ਰਗਟ ਕੀਤਾ। ਗੁਰੂ ਸਾਹਿਬ ਦੇ ਸਮੇਂ ਕਾਜ਼ੀ, ਜੋਗੀ ਤੇ ਬ੍ਰਾਹਮਣ, ਧਾਰਮਕ ਮੁਖੀ ਸਨ। ਇਹ ਤਿੰਨੇ ਹੀ ਸਧਾਰਨ ਲੋਕਾਂ ਨੂੰ ਗੁਮਰਾਹ ਕਰ ਰਹੇ ਸਨ –

*ਕਾਦੀ ਕੂੜੁ ਬੋਲਿ ਮਲੁ ਖਾਇ।।*
*ਬ੍ਰਾਹਮਣੁ ਨਾਵੈ ਜੀਆ ਘਾਇ।।*
*ਜੋਗੀ ਜੁਗਤਿ ਨ ਜਾਣੈ ਅੰਧੁ।।*
*ਤੀਨੇ ਓਜਾੜੇ ਕਾ ਬੰਧੁ।।* *ਪੰਨਾ - 662*

ਇਨ੍ਹਾਂ ਤੋਂ ਇਲਾਵਾ, ਗੁਰੂ ਜੀ ਠੱਗਾਂ ਚੋਰਾਂ, ਭੇਖ ਧਾਰੀਆਂ, ਵਹਿਮੀਆਂ, ਭਰਮੀਆਂ, ਅੰਧ ਵਿਸ਼ਵਾਸ਼ ਰੱਖਣ ਵਾਲਿਆਂ ਨੂੰ ਮਿਲੇ। ਗੁਰੂ ਜੀ ਸਭ ਲੋਕਾਂ ਨੂੰ ਦਲੀਲ ਨਾਲ ਸਮਝਾਂਦੇ ਸਨ। ਜਿਥੇ ਜਾਂਦੇ, ਸੰਗਤ ਕਾਇਮ ਕਰਦੇ; ਸਥਾਨਕ ਲੋਕਾਂ ਵਿਚੋਂ ਹੀ ਧਰਮੀ ਆਦਮੀ ਨੂੰ ਸੰਗਤ ਦਾ ਮੁਖੀ ਥਾਪ ਕੇ ਅੱਗੇ ਚਲੇ ਜਾਂਦੇ ਸਨ।

ਹੁਣ ਲੋੜ ਸੀ ਇਸ ਉਪਦੇਸ਼ ਨੂੰ ਲੋਕਾਂ ਤਾਂਈਂ ਦ੍ਰਿੜ੍ਹ ਕਰਾਉਣ ਦੀ, ਇਸ ਲਈ ਇਕ ਗੁਰੂ ਵਿਅਕਤੀ ਦਾ ਇਤਨਾ ਲੰਮਾ ਸਮਾਂ ਰਹਿਣਾ ਅਸੰਭਵ ਸੀ। ਇਸ ਲਈ ਗੁਰੂ ਨਾਨਕ ਨੇ ਇਸ ਉਪਦੇਸ਼ ਨੂੰ ਦ੍ਰਿੜ੍ਹ ਕਰਾਉਣ ਹਿਤ ਆਪਣਾ ਉੱਤਰਾਧਿਕਾਰੀ ਇਕ ਅਨਿਨ ਸੇਵਕ ਭਾਈ ਲਹਿਣਾ ਚੁਣਿਆ ਅਤੇ ਉਸਨੂੰ ਆਪਣੀਆਂ ਯਾਤਰਾਵਾਂ ਦੇ ਦੌਰਾਨ ਭਗਤਾਂ ਦੀ ਇਕੱਤਰਤ ਬਾਣੀ ਤੇ ਆਪਣੀ ਰਚੀ ਬਾਣੀ ਸੌਂਪੀ। ਲਹਿਣਾ ਜੀ ਨੇ ਗੁਰੂ ਅੰਗਦ ਬਣ ਕੇ ਇਸ ਨੂੰ ਦੂਰ-ਦੁਰਾਡੇ ਤਕ ਪਰਚਾਰਿਆ। ਗੁਰਮਤਿ ਅਨੁਸਾਰ, ਗੁਰੂ ਜੋਤਿ ਹੈ, ਗੁਰੂ ਸ਼ਬਦ ਹੈ, ਜੋ ਹਮੇਸ਼ਾ ਕਾਇਮ ਰਹਿੰਦਾ ਹੈ। ਗੁਰੂ ਦਾ ਸਰੀਰ, ਇਹ ਅਲਾਹੀ ਸ਼ਬਦ ਨੂੰ ਉਚਾਰਨ ਲਈ ਇਕ ਸਾਧਨ ਹੈ। ਇਸ ਜੋਤਿ ਨੂੰ ਜਾਰੀ ਰੱਖਣ ਲਈ ਗੁਰੂ ਨਾਨਕ ਨੇ ਆਪਣਾ ਉਤਰਾਧਿਕਾਰੀ ਚੁਣਿਆ।

ਭਾਈ ਲਹਿਣਾ ਜੀ ਦਾ ਜਨਮ, ਮਤੇ ਦੀ ਸਰਾਂ, ਜ਼ਿਲਾ ਫਿਰੋਜ਼ਪੁਰ ਵਿਚ ਭਾਈ ਫੇਰੂ ਮੱਲ ਜੀ ਦੇ ਘਰ, ਮਾਤਾ ਸਭਰਾਈ ਦੀ ਕੁਖੋਂ ਵਿਸਾਖ ਸੁਦੀ ਏਕਮ, ਸੰਮਤ 1561 (ਸੰਨ 1504) ਨੂੰ ਹੋਇਆ।

ਆਪ ਜੀ ਦਾ ਵਿਆਹ ਪਿੰਡ ਸੰਘਰ, ਜ਼ਿਲਾ ਅੰਮ੍ਰਿਤਸਰ ਦੇ ਵਸਨੀਕ ਦੇਵੀ ਚੰਦ ਦੀ ਸਪੁੱਤਰੀ ਬੀਬੀ ਖੇਮ ਬਾਈ (ਮਾਤਾ ਖੀਵੀ) ਜੀ ਨਾਲ 1519 ਈ: ਨੂੰ ਹੋਇਆ। ਆਪ ਜੀ ਦੇ ਘਰ ਦੋ ਪੁੱਤਰ ਦਾਤੂ ਜੀ ਤੇ ਦਾਸੂ ਜੀ ਹੋਏ।

ਆਪ ਜੀ ਦੇ ਪਿਤਾ ਦੇਵੀ ਭਗਤ ਸਨ। ਹਰ ਸਾਲ ਜੁਆਲਾ ਮੁਖੀ ਜਾਣ ਵਾਲੇ ਜਥੇ ਦੀ ਅਗਵਾਈ ਕਰਦੇ। ਪਿਤਾ ਤੋਂ ਬਾਦ ਲਹਿਣਾ ਜੀ ਨੇ ਇਹ ਕੰਮ ਸੰਭਾਲਿਆ ਪ੍ਰੰਤੂ ਕਈ ਸਾਲਾਂ ਤੋਂ ਬਾਦ ਵੀ ਦੇਵੀ ਦਰਸ਼ਨਾਂ ਨਾਲ ਮਨ ਨੂੰ ਸ਼ਾਂਤੀ ਨਾ ਮਿਲੀ। ਇਕ ਦਿਨ ਖਡੂਰ ਨਿਵਾਸੀ ਭਾਈ ਜੋਧ ਦੇ ਮੂੰਹੋਂ ਗੁਰੂ ਨਾਨਕ ਬਾਣੀ ਸੁਣੀ ਤਾਂ ਮਨ ਵਿਚ ਗੁਰੂ (ਨਾਨਕ) ਦੇ ਦਰਸ਼ਨਾਂ ਦੀ ਤਾਂਘ ਪੈਦਾ ਹੋਈ। ਉਸੇ ਸਾਲ ਜਵਾਲਾ ਮੁਖੀ ਜਾਂਦੇ ਹੋਏ ਕਰਤਾਰਪੁਰ ਠਹਿਰ ਗਏ। ਗੁਰੂ ਜੀ ਦੇ ਦਰਸ਼ਨ ਕੀਤੇ, ਮਨ ਨੂੰ ਸ਼ਾਂਤੀ ਮਿਲੀ ਅਤੇ ਸਵੇਰੇ ਕੀ ਦੇਖਦੇ ਹਨ, ਜਿਸ ਦੇਵੀ ਦੇ ਦਰਸ਼ਨਾਂ ਨੂੰ ਜਾ ਰਹੇ ਸਨ, ਉਹ ਦੇਵੀ ਤਾਂ ਗੁਰੂ ਦਰਬਾਰ ਵਿਚ ਝਾੜੂ ਦੇ ਰਹੀ ਹੈ। ਆਪ ਤਾਂ ਗੁਰੂ ਜੋਗੇ ਹੀ ਰਹਿ ਗਏ, ਜਥਾ ਅੱਗੇ ਚਲਾ ਗਿਆ। ਆਪ ਜੀ ਨੇ ਤਨ ਮਨ ਗੁਰੂ ਨੂੰ ਅਰਪਣ ਕਰ ਦਿਤਾ, ਆਗਿਆਕਾਰੀ ਸੇਵਕ ਵਾਂਗ ਸੇਵਾ ਸ਼ੁਰੂ ਕੀਤੀ।

ਗੁਰੂ ਨਾਨਕ ਜੀ ਦੀ, ਭਾਈ ਲਹਿਣਾ ਜੀ ਨੇ, ਤਨੋ ਮਨੋ ਲਗਭਗ ਸੱਤ ਸਾਲ ਸੇਵਾ ਕੀਤੀ ਅਤੇ ਕਸਵੱਟੀ ਉਤੇ ਪੂਰੇ ਉਤਰੇ ਤਾਂ ਗੁਰੂ ਨਾਨਕ ਨੇ ਆਪਣੀ ਗੁਰੂ ਜੋਤਿ ਨੂੰ ਲਹਿਣਾ ਵਿਚ ਸਥਾਪਿਤ ਕਰ ਦਿਤਾ। ਗੁਰੂ ਜੋਤਿ ਐਸੀ ਹੈ ਜੋ ਦੂਸਰੀ ਜੋਤਿ ਨੂੰ ਪ੍ਰਕਾਸ਼ਮਾਨ ਕਰ ਸਕਦੀ ਹੈ –

*ਨਾਨਕ ਗੁਰ ਤੇ ਗੁਰੁ ਹੋਇਆ*
*ਵੇਖਹੁ ਤਿਸ ਕੀ ਰਜਾਇ।।* *ਪੰਨਾ - 490*

ਸਿਖ ਧਰਮ ਵਿਚ ਗੁਰੂ ਸਿਧਾਂਤ ਦੀ ਇਹ ਵੀ ਵਿਲੱਖਣਤਾ ਹੈ ਕਿ ਇਕ ਗੁਰੂ, ਦੂਸਰੇ ਨੂੰ ਗੁਰੂ ਆਪਣੇ ਜੀਉਂਦਿਆਂ ਹੀ ਥਾਪ ਦਿੰਦਾ ਰਿਹਾ। ਇਹ ਲੜੀ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਤਕ ਚਲਦੀ ਰਹੀ ਜਿਹੜੀ ਕਿ ਦੂਸਰੇ ਧਰਮਾਂ ਵਿਚ ਦੇਖਣ ਨੂੰ ਨਹੀਂ ਆਉਂਦੀ। ਭਾਈ ਗੁਰਦਾਸ ਜੀ ਲਿਖਦੇ ਹਨ –

*ਥਾਪਿਆ ਲਹਿਣਾ ਜੀਂਵਦੇ ਗੁਰਿਆਈ ਸਿਰ ਛੱਤ੍ਰ ਫਿਰਾਯਾ।।*
*ਜੋਤੀ ਜੋਤਿ ਮਿਲਾਇ ਕੈ ਸਤਿਗੁਰ ਨਾਨਕ ਰੂਪ ਵਟਾਯਾ।।*
*ਭਾਈ ਗੁਰਦਾਸ ਜੀ, ਵਾਰ - 1/45*

ਰਾਇ ਬਲਵੰਤ ਤੇ ਸਤੇ ਡੂਮ ਅਨੁਸਾਰ ਗੁਰੂ ਨਾਨਕ ਜੀ ਨੇ ਸਿਰਫ ਕਾਇਆ ਹੀ ਪਲਟੀ ਸੀ; ਜੋਤਿ ਅਤੇ ਜੁਗਤੀ ਉਹੀ ਸੀ –

*ਜੋਤਿ ਓਹਾ ਜੁਗਤਿ ਸਾਇ*
*ਸਹਿ ਕਾਇਆ ਫੇਰਿ ਪਲਟੀਐ।।* *ਪੰਨਾ - 966*

ਇਸ ਵਿਚਾਰ ਦੀ ਪਰੋੜਤਾ ਸਾਨੂੰ ਹੇਠ ਲਿਖੇ ਵਿਚਾਰ ਤੋਂ ਵੀ ਸਾਬਤ ਹੋ ਜਾਂਦੀ ਹੈ –

*ਗੁਰੁ ਅੰਗਦ ਗੁਰੁ ਅੰਗੁ ਤੇ*
*ਅੰਮ੍ਰਿਤ ਬਿਖੁ ਅੰਮ੍ਰਿਤ ਫਲ ਫਲਿਆ॥*
*ਜੋਤੀ ਜੋਤਿ ਜਗਾਈਅਨੁ*
*ਦੀਵੇ ਤੇ ਜਿਉਂ ਦੀਵਾ ਬਲਿਆ॥*

*ਭਾਈ ਗੁਰਦਾਸ ਜੀ, ਵਾਰ - 24/8*

ਗੁਰੂ ਨਾਨਕ ਦੇਵ ਜੀ ਨੇ ਲਹਿਣਾ ਜੀ ਨੂੰ ਕਿਹਾ ਸੀ - 'ਪੁਰਖਾ! ਤੂ ਲਹਿਣਾ ਹੈ, ਅਸਾਂ ਤੇਰਾ ਦੇਣਾ ਹੈ।' ਭਾਵ ਗੁਰੂ ਨਾਨਕ ਜੀ ਨੇ ਆਪਣੇ ਹੁੰਦਿਆਂ ਹੀ ਆਪਣਾ ਉਤਰਾਧਿਕਾਰੀ ਥਾਪ ਦਿਤਾ ਸੀ। ਗੁਰਗੱਦੀ ਦੀ ਨਿਰੰਤਰਤਾ ਕਾਇਮ ਰੱਖਣ ਲਈ, ਕਿਸੇ ਪ੍ਰਕਾਰ ਦਾ ਭੁਲੇਖਾ ਨਾ ਰਹੇ, ਇਹ ਗੁਰਮਤਿ ਦੀ ਵਡਿਆਈ ਸੀ।

ਗੁਰੂ ਅੰਗਦ ਦੇਵ ਜੀ ਨੇ 1539 ਈ: ਤੋਂ 1559 ਈ: ਤਕ ਗੁਰਗੱਦੀ ਦੀ ਜ਼ਿੰਮੇਵਾਰੀ ਸਫਲਤਾ ਪੂਰਬਕ ਨਿਭਾਈ। ਆਪ ਗੁਰੂ ਨਾਨਕ ਦੇਵ ਜੀ ਦੇ ਹੁਕਮ ਅਨੁਸਾਰ ਕਰਤਾਰਪੁਰ ਛੱਡ ਕੇ ਖਡੂਰ ਸਾਹਿਬ ਆ ਗਏ। ਪਹਿਲਾਂ ਤਾਂ ਇਕਾਂਤ ਵਾਸ ਕੀਤਾ, ਫਿਰ ਪ੍ਰਗਟ ਹੋ ਕੇ ਵਿਚਰੇ। ਗੁਰਮਤਿ ਮਾਰਗ ਤਾਂ ਪਰਵਿਰਤੀ ਵਿਚ ਨਿਰਵਿਰਤੀ ਦਾ ਮਾਰਗ ਹੈ।

ਉਸ ਸਮੇਂ ਦੇਸ ਦੀ ਰਾਜਸੀ ਹਾਲਤ ਇਸ ਪ੍ਰਕਾਰ ਸੀ ਕਿ ਹਮਾਯੂੰ, ਵਿਦੇਸ਼ੀ ਹਮਲਾਆਵਰ ਭਾਰਤ ਵਰਸ਼ ਉਤੇ ਆਪਣਾ ਰਾਜ-ਭਾਗ ਕਾਇਮ ਕਰਨਾ ਚਾਹੁੰਦਾ ਸੀ। ਪ੍ਰੰਤੂ ਸ਼ੇਰ ਸ਼ਾਹ ਸੂਰੀ ਤੋਂ ਹਾਰ ਖਾ ਕੇ ਵਾਪਸ ਪਰਤ ਰਿਹਾ ਸੀ ਤਾਂ ਚਾਹਿਆ ਕਿ ਗੁਰੂ ਅੰਗਦ ਤੋਂ ਆਪਣੀ ਸਿਆਸੀ ਜਿੱਤ ਭਾਵ ਸਫਲਤਾ ਲਈ ਅਰਦਾਸ ਕਰਾਵਾਂ, ਅਸ਼ੀਰਵਾਦ ਲਵਾਂ ਜਿਸ ਬਾਰੇ ਗੁਰੂ ਜੀ ਨੇ ਕੋਈ ਧਿਆਨ ਨਾ ਦਿਤਾ ਕਿਉਂਕਿ ਇਹ ਗੁਰਮਤਿ ਅਸੂਲਾਂ ਦੇ ਅਨੁਕੂਲ ਨਹੀਂ ਸੀ। ਜਦੋਂ ਇਥੇ ਵੀ ਹਾਰ ਹੋਈ ਤਾਂ ਹਮਾਯੂੰ ਨੇ ਗੁਰੂ ਜੀ ਤੇ ਤਲਵਾਰ ਖਿਚ ਲਈ। ਗੁਰੂ ਜੀ ਨੇ ਐਸਾ ਉਤਰ ਦਿਤਾ ਕਿ ਸ਼ਰਮਿੰਦਾ ਹੋ ਕੇ ਮਾਫੀ ਮੰਗੀ।

ਸਮਾਜਿਕ ਤੇ ਧਾਰਮਕ ਹਾਲਾਤ ਵੀ ਇਤਨੇ ਭੈੜੇ ਸਨ ਕਿ ਭਾਰਤਵਾਸੀ ਕਰਮ-ਕਾਂਡਾਂ, ਜਾਤ-ਵਰਣ, ਊਚ-ਨੀਚ, ਵਹਿਮਾਂ-ਭਰਮਾਂ ਦੇ ਸ਼ਿਕਾਰ ਸਨ। ਇਸ ਆਪਸੀ ਭਿੰਨਤਾ ਨੇ ਭਾਰਤ ਵਾਸੀਆਂ ਨੂੰ ਕਾਫੀ ਕਮਜ਼ੋਰ ਕਰ ਰੱਖਿਆ ਸੀ। ਗੁਰੂ ਜੀ ਨੇ ਸਭ ਲੋਕਾਂ ਅੰਦਰ ਇਕ ਪ੍ਰਭੂ ਦੀ ਜੋਤ ਦਾ ਵਿਸ਼ਵਾਸ਼ ਦ੍ਰਿੜ ਕਰਾਉਣ ਲਈ ਉਪਦੇਸ਼ ਦਿਤਾ। ਪ੍ਰਭੂ ਤਾਂ ਸਾਰੇ ਦੇਵੀ ਦੇਵਤਿਆਂ ਅਤੇ ਉਨ੍ਹਾਂ ਦੇ ਇਸ਼ਟ ਦਾ ਵੀ ਮੂਲ ਹੈ -

*ਏਕ ਕ੍ਰਿਸਨੰ ਸਰਬ ਦੇਵਾ ਦੇਵ ਦੇਵਾਤ ਆਤਮਾ॥*
*ਆਤਮਾ ਬਾਸੁਦੇਵਸਿ ਜੇ ਕੋ ਜਾਣੈ ਭੇਉ॥*
*ਨਾਨਕੁ ਤਾ ਕਾ ਦਾਸੁ ਹੈ ਸੋਈ ਨਿਰੰਜਨ ਦੇਉ॥*

*ਪੰਨਾ - 469*

ਉਸ ਸਮੇਂ ਸਮਾਜਿਕ ਪੱਧਰ ਉਤੇ ਸਰਬ-ਸਾਂਝੀਵਾਲਤਾ ਅਤੇ ਸਰਬ-ਕਲਿਆਣਕਾਰੀ ਵਿਚਾਰਾਂ ਨੂੰ ਸਮਾਜਿਕ ਪੱਧਰ ਤੇ ਪ੍ਰਚਾਰਨਾ ਇਕ ਬਹੁਤ ਅਗਾਂਹ ਵਧੂ-ਮਾਨਵਤਾਵਾਦੀ ਕਦਮ ਸੀ। ਇਸ ਪ੍ਰਤਿ ਵਿਰੋਧ ਵੀ ਹੋਇਆ, ਪ੍ਰੰਤੂ ਗੁਰੂ ਜੀ ਦਲੀਲਾਂ ਨਾਲ ਸਿਧ ਕਰ ਦਿੰਦੇ ਸਨ।

ਉਤਰੀ ਭਾਰਤ ਵਿਚ ਜੋਗੀਆਂ ਦਾ ਬੜਾ ਪ੍ਰਭਾਵ ਸੀ। ਜੋਗੀ ਲੋਕ ਰਿਧੀਆਂ ਸਿਧੀਆਂ ਨਾਲ ਲੋਕਾਂ ਨੂੰ ਪ੍ਰਭਾਵਿਤ ਕਰਕੇ ਆਪਣੀ ਉਦਰ ਪੂਰਤੀ ਕਰਦੇ। ਉਹ ਜੰਤਰਾਂ ਮੰਤਰਾਂ ਤੇ ਤੰਤਰਾਂ ਦੁਆਰਾ ਲੋਕਾਂ ਨੂੰ ਡਰਾਉਂਦੇ ਤੇ ਵਹਿਮਾਂ ਵਿਚ ਪਾਈ ਰਖਦੇ। ਦੇਸ਼ ਉਤੇ ਕਿਸੇ ਰਾਜੇ ਦਾ ਰਾਜ ਹੋਵੇ, ਜਨਤਾ ਉਤੇ ਕੋਈ ਜ਼ੁਲਮ ਪਿਆ ਹੋਵੇ, ਇਨ੍ਹਾਂ ਜੋਗੀਆਂ ਨੇ ਸਵੈਮਾਨਪ੍ਰਤਿ, ਦੇਸ਼ ਪਿਆਰ ਆਦਿ ਖਿਆਲ ਸਭ ਵਿਸਾਰ ਦਿਤੇ ਸਨ।

ਖਡੂਰ ਸਾਹਿਬ ਵਿਖੇ ਇਕ ਤਪੇ ਨੇ ਡੇਰਾ ਲਾ ਰਖਿਆ ਸੀ। ਉਹ ਲੋਕਾਂ ਨੂੰ ਗੁੰਮਰਾਹ ਕਰ ਰਿਹਾ ਸੀ। ਗੁਰੂ ਅੰਗਦ ਜੀ ਦੀ ਮਾਨ ਪ੍ਰਤਿਸ਼ਠਤਾ ਵਧਦੀ ਦੇਖ ਕੇ ਬੜਾ ਦੁਖੀ ਹੋਇਆ। ਉਹ ਚਾਹੁੰਦਾ ਸੀ ਕਿ ਗੁਰੂ ਅੰਗਦ ਦੇਵ ਜੀ ਨੂੰ ਖਡੂਰ ਵਿਚੋਂ ਕੱਢ ਦਿਤਾ ਜਾਵੇ। ਇਸ ਸਮੇਂ ਔੜ ਲਗੀ ਹੋਈ ਸੀ। ਉਸਨੇ ਲੋਕਾਂ ਨੂੰ ਕਿਹਾ ਕਿ ਤੁਸੀਂ ਸਾਸ਼ਤਰਾਂ ਦੀ ਮਰਿਯਾਦਾ ਦੇ ਉਲਟ ਬ੍ਰਹਮਚਾਰੀਆਂ ਨੂੰ ਛੱਡ ਕੇ, ਗ੍ਰਿਹਿਸਤੀਆਂ ਨੂੰ ਗੁਰੂ ਬਣਾਇਆ ਹੈ, ਇਸ ਲਈ ਮੀਂਹ ਨਹੀਂ ਪੈ ਰਿਹਾ। ਗੁਰੂ ਅੰਗਦ ਦੇਵ ਜੀ, ਇਸ ਤਪੇ ਦਾ ਪਾਜ ਉਘੇੜਨ ਲਈ ਪ੍ਰਚਾਰ ਹਿਤ ਆਪ ਹੀ ਕੁਝ ਦਿਨ ਬਾਹਰ ਭੈਰੋਵਾਲ ਤੇ ਤੁੜ ਆਦਿ ਪਿੰਡਾਂ ਵਲ ਚਲ ਪਏ। ਮੀਂਹ ਫਿਰ ਵੀ ਨਾ ਪਿਆ ਤਾਂ ਜ਼ਿਮੀਦਾਰਾਂ ਨੇ ਤਪੇ ਨੂੰ ਘਸੀਟ ਕੇ ਪਿੰਡ ਤੋਂ ਬਾਹਰ ਕੱਢ ਦਿਤਾ ਤਾਂ ਉਸ ਵਕਤ ਦੇਵ ਨੇਤ ਨਾਲ ਮੀਂਹ ਦੇ ਬੱਦਲ ਬਣਨ ਲਗ ਪਏ। ਗੁਰੂ ਅੰਗਦ ਜੀ ਨੇ ਦੱਸਿਆ ਕਿ ਮੀਂਹ ਪੈਣਾ ਵਾਹਿਗੁਰੂ ਦੇ ਵਸ ਹੈ, ਮਨੁੱਖ ਦੇ ਵਸ ਨਹੀਂ। ਮਨੁੱਖ ਨੂੰ, ਪ੍ਰਭੂ ਭਾਣੇ ਨੂੰ ਸਵੀਕਾਰ ਕਰਨਾ ਚਾਹੀਦਾ ਹੈ।

ਗੁਰੂ ਜੀ ਨੇ ਇਹ ਵੀ ਉਪਦੇਸ਼ ਦਿਤਾ ਕਿ ਜੰਤਰ-ਮੰਤਰ, ਰਿਧੀਆਂ-ਸਿੱਧੀਆਂ ਮਨੁੱਖ ਨੂੰ ਖੁਆਰ ਕਰਦੀਆਂ ਹਨ। ਇਨ੍ਹਾਂ ਦਾ ਸਹਾਰਾ ਲੈਣ ਨਾਲ ਲਾਭ ਦੀ ਥਾਂ ਨੁਕਸਾਨ ਹੀ ਹੁੰਦਾ ਹੈ। ਗੁਰਮਤਿ ਨੇ ਰਿਧਿ ਸਿਧਿ ਨੂੰ ਧ੍ਰਿਗ ਕਿਹਾ ਹੈ। ਇਹ ਅਵਰਾ ਸਾਦ ਹੈ। ਗੁਰੂ ਜੀ ਨੇ ਲੋਕਾਂ ਨੂੰ ਕਰਾਮਾਤਾਂ, ਰਿਧੀਆਂ-ਸਿਧੀਆਂ ਦੇ ਵਿਸ਼ਵਾਸ਼ ਤੋਂ ਮੁਕਤ ਕਰਕੇ ਨਾਮ ਦੇ ਵਿਸ਼ਵਾਸ਼ੀ ਬਣਾਇਆ। ਕਰਾਮਾਤ ਬਾਰੇ ਕਥਨ ਹੈ -

*ਬਾਝਹੁ ਸਚੇ ਨਾਮ ਦੇ ਹੋਰ ਕਰਾਮਾਤ ਅਸਾਥੇ ਨਾਹੀ॥*

*ਭਾਈ ਗੁਰਦਾਸ ਜੀ, ਵਾਰ - 1/43*

**(ਟਿੱਪਣੀ - ਨਾਮ ਜਪਣ ਨਾਲ ਸੁਰਤ ਪ੍ਰਕ੍ਰਿਤਕ ਮੰਡਲ ਤੋਂ ਆਤਮਿਕ ਮੰਡਲ ਵਿਚ ਪ੍ਰਵੇਸ਼ ਕਰਕੇ ਅਤਿ ਉਝਧਾਰੀ ਹੋ ਜਾਂਦੀ ਹੈ। ਰਿਧੀਆਂ-ਸਿਧੀਆਂ-ਨਿਧੀਆਂ ਸਾਰੀਆਂ ਨਾਮ ਸ਼ਕਤੀ ਦੇ ਪਿਛੇ ਲਗ ਤੁਰਦੀਆਂ ਹਨ ਅਤੇ ਦਾਸੀ ਰੂਪ ਧਾਰ ਕੇ ਸੇਵਾ ਕਰਨ ਲਈ ਤਰਲੇ ਕਰਦੀਆਂ ਹਨ।**

***ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ***
***ਜੋ ਹਰਿ ਹਿਰਦੈ ਸਦਾ ਵਸਾਇ॥ ਪੰਨਾ - 649***

**ਗੁਰਮਤਿ, ਰਿਧੀ ਸਿਧੀ ਨੂੰ ਮਾਇਕ ਮੰਡਲ ਦੀ ਆਖਰੀ ਹੱਦ ਗਿਣਦੀ ਹੈ।**

***ਰਿਧਿ ਸਿਧਿ ਸਭ ਭਗਤਾ ਚਰਣੀ ਲਾਗੀ***
***ਗੁਰ ਕੈ ਸਹਜਿ ਸਭਾਈ॥ ਪੰਨਾ - 637***

**ਹੁਕਮ ਅੰਦਰ ਚਲਦਾ ਗੁਰਮੁਖ ਇਨ੍ਹਾਂ ਮਾਈਕੀ ਮੰਡਲ ਦੀਆਂ ਖੇਡਾਂ ਤੋਂ ਅਛੋਹ ਰਹਿੰਦਾ ਹੈ।) "ਸੰਚਾਲਕ"**

ਲੰਗਰ ਦੀ ਮਰਯਾਦਾ ਤਾਂ ਗੁਰੂ ਨਾਨਕ ਨੇ ਕਰਤਾਪੁਰ ਨਿਵਾਸ ਸਮੇਂ ਹੀ ਚਾਲੂ ਕਰ ਦਿਤੀ ਸੀ। ਗੁਰੂ ਅੰਗਦ ਜੀ ਨੇ ਇਸ ਨੂੰ ਅੱਗੇ ਤੋਰਦਿਆਂ ਹੋਰ ਮਜ਼ਬੂਤ ਕੀਤਾ। ਗੁਰੂ ਕੇ ਲੰਗਰ ਵਿਚ ਸਭ ਜਾਤਾਂ ਦੇ ਲੋਕ, ਬਿਨਾਂ ਕਿਸੇ ਭਿੰਨ-ਭੇਦ ਦੇ ਬੈਠ ਕੇ ਲੰਗਰ ਛਕਦੇ। ਗੁਰੂ ਅੰਗਦ ਦੇਵ ਜੀ ਦੇ ਮਹਿਲ ਮਾਤਾ ਖੀਵੀ ਜੀ ਲੰਗਰ ਦਾ ਸਾਰਾ ਪ੍ਰਬੰਧ ਚਲਾਉਂਦੇ ਸਨ। ਲੰਗਰ ਵਿਚ ਪੌਸ਼ਟਿਕ ਭੋਜਨ ਵਰਤਾਇਆ ਜਾਂਦਾ ਸੀ। ਇਸ ਦਾ ਵਰਣਨ ਸੱਤੇ ਬਲਵੰਡ ਦੀ ਵਾਰ ਤੋਂ ਮਿਲਦਾ ਹੈ -

*ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ॥*
*ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ॥*
*ਪੰਨਾ - 967*

ਗੁਰਮਤਿ, ਹਰ ਪ੍ਰਕਾਰ ਦੇ ਨਸ਼ਿਆਂ ਦਾ ਖੰਡਨ ਕਰਦੀ ਹੈ। ਨਸ਼ੇ, ਆਤਮ ਮਾਰਗ ਵਿਚ ਰੁਕਾਵਟ ਹਨ। ਖਡੂਰ ਸਾਹਿਬ ਵਿਖੇ ਮਲੂਕਾ ਨਾਮ ਦਾ ਇਕ ਚੌਧਰੀ, ਜੋਗੀ ਦਾ ਚੇਲਾ ਸੀ। ਜੋਗੀ ਲੋਕ ਨਸ਼ਿਆਂ ਦੇ ਸੇਵਨ ਦੁਆਰਾ ਵਿਰਤੀ ਇਕਾਗਰ ਕਰਨ ਦਾ ਸਾਧਨ ਦਸਦੇ ਹਨ। ਚੌਧਰੀ ਮਲੂਕਾ ਸ਼ਰਾਬੀ ਸੀ। ਉਸ ਨੂੰ ਮਿਰਗੀ ਦੇ ਦੌਰੇ ਪੈਣ ਲਗ ਪਏ। ਉਹ ਗੁਰੂ ਘਰ ਦੀ ਵਿਰੋਧਤਾ ਵੀ ਕਰਦਾ ਸੀ। ਪਰ ਅੰਤ ਨੂੰ ਤੰਗ ਆ ਕੇ ਗੁਰੂ ਦੀ ਸ਼ਰਨ ਆਇਆ ਤਾਂ ਗੁਰੂ ਜੀ ਨੇ ਸ਼ਰਾਬ ਛੱਡਣ ਦਾ ਉਪਦੇਸ਼ ਦਿਤਾ। ਸ਼ਰਾਬ ਛੱਡਣ ਉਪਰੰਤ ਮਿਰਗੀ ਵੀ ਹਟ ਗਈ। ਮਲੂਕੇ ਨੇ ਫਿਰ ਸ਼ਰਾਬ ਪੀਣੀ ਸ਼ੁਰੂ ਕਰ ਦਿਤੀ। ਇਕ ਦਿਨ ਕੋਠੇ ਉਤੇ ਚੜ੍ਹ ਕੇ, ਅਰਲ ਬਰਲ ਬੋਲ ਰਿਹਾ ਸੀ। ਐਸਾ ਚੱਕਰ ਆਇਆ, ਕੋਠੇ ਉਤੋਂ ਡਿੱਗ ਕੇ ਮਰ ਗਿਆ। ਸ਼ਰਾਬ ਮਾੜੇ ਸੰਸਕਾਰਾਂ ਨੂੰ ਜਨਮ ਦਿੰਦੀ ਹੈ। ਸ਼ਰਾਬ ਪੀਣ ਦੁਆਰਾ ਮਤਿ ਦਾ ਨਾਸ਼ ਹੋ ਜਾਂਦਾ ਹੈ, ਆਪਣੇ ਪਰਾਏ ਦੀ ਪਛਾਣ ਨਹੀਂ ਰਹਿੰਦੀ, ਖਸਮ ਵਿਸਰ ਜਾਂਦਾ ਹੈ ਅਤੇ ਦਰਗਹ ਅੰਦਰ ਸਜ਼ਾ ਮਿਲਦੀ ਹੈ। ਗੁਰਬਾਣੀ ਦਾ ਕਥਨ ਹੈ -

*ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ॥*
*ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ॥*
*ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ॥*
*ਪੰਨਾ - 554*

ਗੁਰੂ ਅੰਗਦ ਦੇਵ ਜੀ, ਜੀਵ ਰੂਪ ਵਣਜਾਰੇ ਨੂੰ ਪ੍ਰਭੂ ਨਾਮ ਦਾ ਵਣਜ ਕਰਨ ਦਾ ਉਪਦੇਸ਼ ਦਿੰਦੇ ਹਨ। ਨਾਮ ਦਾ ਵਣਜ ਲਾਹੇਵੰਦ ਹੈ, ਜੀਵ ਦੇ ਨਾਲ ਜਾਂਦਾ ਹੈ। ਦੁਨਿਆਵੀ ਵਣਜ ਵਿਚ ਕਦੀ ਲਾਭ, ਤੇ ਕਦੀ ਘਾਟਾ ਹੁੰਦਾ ਹੈ; ਇਹ ਨਾਲ ਨਹੀਂ ਜਾਂਦਾ। ਪ੍ਰਭੂ ਵਣਜ ਦੇ ਵਪਾਰੀ, ਅੱਠ ਪਹਿਰਾਂ ਵਿਚੋਂ ਸਵੇਰੇ ਅੰਮ੍ਰਿਤ ਵੇਲੇ (ਪਹਿਲੇ ਪਹਿਰ) ਨੂੰ ਰੱਬੀ ਜਸ ਵਿਚ ਬਿਤਾਉਂਦੇ ਹਨ ਅਤੇ ਬਾਕੀ ਦੇ ਸਭ ਪਹਿਰ ਵੀ ਆਤਮ ਰੰਗ ਵਿਚ ਰੰਗੇ ਵਿਦਵਾਨਾਂ ਦੀ ਸੰਗਤ ਵਿਚ ਬਿਤਾਉਣ ਦਾ ਉਪਦੇਸ਼ ਦਿੰਦੇ ਹਨ। ਗੁਰੂ ਜੀ ਦਾ ਉਪਦੇਸ਼ ਹੈ ਕਿ ਚੰਗੇ ਪੁਰਸ਼ਾਂ ਦੀ ਸੰਗਤ ਕਰਨ ਨਾਲ ਕੂੜੀ ਰਾਸਿ ਦੀ ਪੂੰਜੀ ਘਟਦੀ ਹੈ, ਭਾਵ ਭੈੜੇ ਸੰਸਕਾਰਾਂ ਦਾ ਨਾਸ਼ ਹੁੰਦਾ ਹੈ। ਪ੍ਰਭੂ ਨਾਮ ਦਾ ਸੱਚਾ ਵਣਜ ਕਰਨ ਵਾਲੇ ਅਸਲ ਪੂਰੇ ਸ਼ਾਹ ਹਨ, ਉਹ ਫਿਰ ਅੱਠੇ ਪਹਿਰ ਪ੍ਰਭੂ ਰੰਗ ਵਿਚ ਮਸਤ ਰਹਿੰਦੇ ਹਨ -

*ਸੇਈ ਪੂਰੇ ਸਾਹ ਜਿਨੀ ਪੂਰਾ ਪਾਇਆ॥*
*ਅਠੀ ਵੇਪਰਵਾਹ ਰਹਨਿ ਇਕਤੈ ਰੰਗਿ॥ ਪੰਨਾ - 146*

*ਸਤੀ ਪਹਿਰੀ ਸਤੁ ਭਲਾ ਬਹੀਐ ਪੜਿਆ ਪਾਸਿ॥*
*ਓਥੈ ਪਾਪੁ ਪੁੰਨੁ ਬੀਚਾਰੀਐ ਕੂੜੈ ਘਟੈ ਰਾਸਿ॥ ਪੰਨਾ - 146*

ਗੁਰੂ ਜੀ ਨੇ ਜਾਤਾਂ ਅਨੁਸਾਰ ਕਰਮਾਂ-ਧਰਮਾਂ ਦੀ ਵੰਡ ਨੂੰ ਖੰਡਨ ਕਰਕੇ ਸਾਰਿਆਂ ਲੋਕਾਂ ਵਾਸਤੇ ਇਕ ਸਰਬ-ਸਾਂਝਾ ਧਰਮ ਦ੍ਰਿੜ੍ਹ ਕਰਾਇਆ ਹੈ। ਜਿਹੜਾ ਇਸ ਭੇਦ ਨੂੰ ਜਾਣ ਲੈਂਦਾ ਹੈ, ਗੁਰੂ ਉਸ ਦੇ ਦਾਸ ਹਨ -

*ਜੋਗ ਸਬਦੰ ਗਿਆਨ ਸਬਦੰ ਬੇਦ ਸਬਦੰ ਬ੍ਰਹਮਣਹ॥*
*ਖਤ੍ਰੀ ਸਬਦੰ ਸੂਰ ਸਬਦੰ ਸੂਦ੍ਰ ਸਬਦੰ ਪਰਾਕ੍ਰਿਤਹ॥*
*ਸਰਬ ਸਬਦੰ ਏਕ ਸਬਦੰ ਜੇ ਕੋ ਜਾਣੈ ਭੇਉ॥*
*ਨਾਨਕੁ ਤਾ ਕਾ ਦਾਸੁ ਹੈ ਸੋਈ ਨਿਰੰਜਨ ਦੇਉ॥ ਪੰਨਾ - 469*

ਪ੍ਰਭੂ ਨੇ ਸੰਸਾਰ ਦਾ ਰਚਨ ਰਚ ਕੇ ਹਉਮੈ ਇਕ ਐਸਾ ਦੀਰਘ ਰੋਗ ਲਾਇਆ ਹੈ, ਇਸ ਰੋਗ ਦੁਆਰਾ ਮਨੁੱਖ ਰੱਬ ਦਾ ਸ਼ਰੀਕ ਬਣ ਕੇ ਆਪਣੀ ਇਕ ਝੂਠੀ ਵਖਰੀ ਹਸਤੀ ਕਾਇਮ ਕਰ ਬੈਠਦਾ ਹੈ। ਇਸ ਰੋਗ ਦਾ ਸ਼ਿਕਾਰ ਮਨੁੱਖ, ਪ੍ਰਭੂ ਤੋਂ ਦੂਰ ਚਲਾ ਜਾਂਦਾ ਹੈ ਅਤੇ ਜਨਮ ਮਰਨ ਦੇ ਚੱਕਰ ਵਿਚ ਪਿਆ ਰਹਿੰਦਾ ਹੈ। ਗੁਰੂ ਜੀ ਦਾ ਕਥਨ ਹੈ ਕਿ ਹਉਮੈ ਭਾਵੇਂ ਦੀਰਘ ਰੋਗ ਜ਼ਰੂਰ ਹੈ, ਪ੍ਰੰਤੂ ਪ੍ਰਭੂ ਦਾ 'ਹੁਕਮ' ਕਮਾਉਣ ਨਾਲ ਇਹ ਪਿੱਛਾ ਛਡ ਜਾਂਦਾ ਹੈ, ਭਾਵ ਇਸ ਤੋਂ ਛੁਟਕਾਰਾ ਮਿਲ ਜਾਂਦਾ ਹੈ।

ਦਾਰੂ ਹੁਕਮ ਕੀ ਹੈ? ਇਹ ਨਾਮ ਸਿਮਰਨ ਦਾ ਹੁਕਮ ਹੈ ਜਿਹੜਾ ਪ੍ਰਭੂ ਨੇ ਜੀਵ ਦੇ ਕਰਮਾਂ ਵਿਚ ਜਨਮ ਸਮੇਂ ਹੀ ਲਿਖ ਦਿਤਾ ਹੈ। ਗੁਰੂ ਕਥਨ ਹੈ -

*ਸਿਮਰਿ ਗੋਵਿੰਦੁ ਮਨਿ ਤਨਿ ਧੁਰਿ ਲਿਖਿਆ॥ ਪੰਨਾ - 199*

ਤਥਾ -

*ਏਕੋ ਨਾਮੁ ਹੁਕਮੁ ਹੈ ਨਾਨਕ*
*ਸਤਿਗੁਰਿ ਦੀਆ ਬੁਝਾਇ ਜੀਉ॥ ਪੰਨਾ - 72*

ਪ੍ਰਭੂ ਕਿਰਪਾ ਦੁਆਰਾ ਜੀਵ ਜਦੋਂ ਗੁਰੂ ਦਾ ਸ਼ਬਦ ਕਮਾਉਂਦਾ ਹੈ, ਤਾਂ ਹਉਮੈ ਦਾ ਮੁੱਖ ਲੱਛਣ, ਹੰਗਤਾ ਧਾਰ ਕੇ ਕਰਮ ਕਰਨੇ ਛੱਡ ਦਿੰਦਾ ਹੈ ਅਤੇ ਜਨਮ ਮਰਨ ਦੇ ਬੰਧਨਾਂ ਤੋਂ ਮੁਕਤ ਹੋ ਜਾਂਦਾ ਹੈ -

*ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ॥*
*ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ॥*
*ਪੰਨਾ - 466*

*ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ॥*
*ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ॥*
*ਨਾਨਕੁ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ॥*
*ਪੰਨਾ - 466*

ਗੁਰੂ ਅੰਗਦ ਦੇਵ ਜੀ ਨੇ ਸਚੇ ਗੁਰੂ ਨੂੰ ਧਾਰਨ ਕਰਨ ਤੇ ਬਹੁਤ ਜ਼ੋਰ ਦਿਤਾ ਹੈ।

ਪੂਰਨ ਗੁਰੂ, ਤੇ ਉਸਦੀ ਬਾਣੀ ਹੀ ਜੀਵ ਨੂੰ ਜੀਵਨ ਮਨੋਰਥ ਦੀ ਸਫਲਤਾ ਪ੍ਰਦਾਨ ਕਰਨ ਦੇ ਸਮਰੱਥ ਹੈ। ਸਚੇ ਗੁਰੂ ਦੀ ਧਾਰਨਾ ਉਤੇ ਜ਼ੋਰ ਦੇਣ ਤੋਂ ਭਾਵ ਗੁਰੂ ਜੀ ਦਾ ਨਿਜੀ ਅਨੁਭਵ ਸੀ। ਗੁਰੂ ਨਾਨਕ ਮਿਲਾਪ ਤੋਂ ਪਹਿਲਾਂ ਲਹਿਣਾ ਜੀ ਕਈ ਸਾਲ ਵੈਸ਼ਨਵ ਪੁਜਾਰੀਆਂ ਨਾਲ ਜੁੜੇ ਰਹੇ ਤੇ ਕੋਈ ਆਤਮਕ ਸੂਝ ਦੀ ਪ੍ਰਾਪਤੀ ਨਾ ਕਰ ਸਕੇ। ਗੁਰੂ ਨਾਨਕ ਮਿਲਾਪ ਨੇ ਉਨ੍ਹਾਂ ਦੇ ਜੀਵਨ ਵਿਚ ਪਰਿਵਰਤਨ ਲਿਆਂਦਾ, ਤੇ ਜੀਵਨ ਮਨੋਰਥ ਦੀ ਸੋਝੀ ਬਖਸ਼ੀ।

ਮਾਇਆ ਦੇ ਸੰਸਕਾਰਾਂ ਕਾਰਨ, ਜੀਵ ਦੇ ਮਨ ਉਤੇ ਅਗਿਆਨਤਾ ਦਾ ਐਸਾ ਪੜਦਾ ਪਿਆ ਹੋਇਆ ਹੈ, ਇਹ ਪੜਦਾ ਇਕ ਐਸੇ ਤਾਕ (ਭਿਤ) ਵਾਂਗ ਹੈ ਜਿਹੜੇ ਜੀਵ ਨੂੰ ਆਪਣੇ ਅੰਦਰ ਵਸਦੇ ਪ੍ਰਭੂ ਦੇ ਦਰਸ਼ਨ ਨਹੀਂ ਹੋਣ ਦਿੰਦਾ।

ਇਸ ਤਾਲੇ ਦੀ ਕੁੰਜੀ ਗੁਰੂ ਪਾਸ ਹੈ। ਗੁਰੂ, ਸ਼ਬਦ ਅਨੁਸਾਰ ਇਸ ਅਗਿਆਨਤਾ ਪੜਦੇ ਨੂੰ ਫਾਸ ਕਰਦਾ ਹੈ ਤਾਂ ਜੀਵ ਆਪਣੇ ਅੰਦਰ ਹੀ ਆਤਮ ਪ੍ਰਕਾਸ਼ ਦੇਖਣ ਦੇ ਸਮਰੱਥ ਹੋ ਜਾਂਦਾ ਹੈ -

(ਬਾਕੀ ਪੰਨਾ 37 ਤੇ)

# ਨਾਨਕੁ ਮੰਗੈ ਦਰਸ ਦਾਨੁ ਕਿਰਪਾ ਕਰਹੁ ਹਰੇ

*ਡਾ. ਬੀਬੀ ਸੁਰੀਤ ਕੌਰ*
*ਪੰਜਾਬੀ ਯੂਨੀਵਰਸਿਟੀ*
*ਪਟਿਆਲਾ*

ਗੁਰੂ ਗ੍ਰੰਥ ਸਾਹਿਬ ਵਿੱਚ ਰੁੱਤਾਂ, ਥਿਤੀ, ਸਤਵਾਰ, ਦਿਨ-ਰੈਣ, ਪਹਿਰੇ ਆਦਿ ਸਿਰਲੇਖਾਂ ਹੇਠਾਂ ਬਾਣੀਆਂ ਦਰਜ ਹਨ। ਬਾਰਾਮਾਹਾ ਵੀ ਇਸੇ ਪ੍ਰਕਾਰ ਦੀ ਇਕ ਕਾਵਿ ਰਚਨਾ ਹੈ ਜਿਸ ਦੁਆਰਾ ਗੁਰੂ ਸਾਹਿਬ ਨੇ ਆਪਣਾ ਉਪਦੇਸ਼ ਸੰਗਤਾਂ ਤਾਈਂ ਪਹੁੰਚਾਣ ਦਾ ਸਾਧਨ ਲੱਭਿਆ ਸੀ। ਇਸ ਤਰ੍ਹਾਂ ਦੇ ਕਾਵਿ ਰੂਪ ਉਸ ਸਮੇਂ ਲੋਕਾਂ ਵਿਚ ਆਮ ਪ੍ਰਚੱਲਤ ਸਨ। ਗੁਰੂ ਗ੍ਰੰਥ ਸਾਹਿਬ ਵਿਚ ਦੋ ਬਾਰਾਮਾਹਾਂ ਦਰਜ ਹਨ- 'ਤੁਖਾਰੀ ਰਾਗ' ਵਿਚ ਗੁਰੂ ਨਾਨਕ ਦੇਵ ਜੀ ਦਾ ਅਤੇ 'ਮਾਝ ਰਾਗ' ਵਿਚ ਗੁਰੂ ਅਰਜਨ ਦੇਵ ਜੀ ਦਾ। ਅਸੀਂ ਇਥੇ ਮਾਝ ਰਾਗ ਮ: 5 ਦੇ ਬਾਰਾਮਾਹਾਂ ਬਾਰੇ ਵਿਚਾਰ ਕਰਨਾ ਹੈ।

ਗੁਰੂ ਅਰਜਨ ਦੇਵ ਜੀ ਦੇ ਬਾਰਾਮਾਹਾ ਨੂੰ ਇਤਨੀ ਮਹੱਤਤਾ ਪ੍ਰਦਾਨ ਹੈ ਕਿ ਹਰ ਸੰਗਰਾਂਦ ਵਾਲੇ ਦਿਨ ਸਬੰਧਿਤ ਮਹੀਨੇ ਨੂੰ ਬੜੀ ਸ਼ਰਧਾ ਤੇ ਪਵਿੱਤਰਤਾ ਨਾਲ ਲੋਕਾਂ ਨੂੰ ਸੁਣਾਇਆ ਜਾਂਦਾ ਹੈ, ਕਥਾ ਕੀਤੀ ਜਾਂਦੀ ਹੈ ਅਤੇ ਕਈ ਵਾਰੀ ਕੀਰਤਨ ਦੁਆਰਾ ਵੀ ਗਾਇਆ ਜਾਂਦਾ ਹੈ।

ਗੁਰੂ ਅਰਜਨ ਦੇਵ ਦੁਆਰਾ ਰਚਿਤ ਇਹ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੰਨਾ 133 ਤੋਂ ਪੰਨਾ 136 ਤੱਕ ਅੰਕਿਤ ਹੈ। ਇਸ ਲੋਕ-ਪ੍ਰਿਯ ਕਾਵਿ ਰੂਪ ਵਿਚ ਗੁਰੂ ਸਾਹਿਬ ਨੇ ਮਨੁੱਖੀ ਜੀਵਨ ਦੇ ਬੜੇ ਹੀ ਅਹਿਮ ਵਿਸ਼ੇ ਨੂੰ ਛੋਹਿਆ ਹੈ। ਗੁਰੂ ਸਾਹਿਬ ਅਨੁਸਾਰ ਮਨੁੱਖਾ ਜੀਵਨ ਦਾ ਕੇਵਲ ਇਕੋ ਹੀ ਲਕਸ਼ ਹੈ ਜਿਸਨੂੰ ਆਪ 'ਰਾਗ ਆਸਾ' ਵਿਚ ਵੀ ਇਉਂ ਬਿਆਨ ਕਰਦੇ ਹਨ -

*ਭਈ ਪਰਾਪਤਿ ਮਾਨੁਖ ਦੇਹੁਰੀਆ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥ ਪੰਨਾ - 378*

ਜੀਵ ਆਤਮਾ ਆਪਣੇ ਮੂਲ (ਪਰਮਾਤਮਾ) ਨਾਲੋਂ ਟੁੱਟ ਕੇ ਠੀਕ ਉਸੇ ਤਰ੍ਹਾਂ ਹੀ ਕੁਮਲਾਈ ਹੋਈ ਮਹਿਸੂਸ ਕਰਦੀ ਹੈ ਜਿਵੇਂ ਜਲ ਬਿਨਾਂ ਸ਼ਾਖ (ਬਨਸਪਤੀ) ਕੁਮਲਾ ਜਾਂਦੀ ਹੈ ਤੇ ਉਸ ਨੂੰ ਫਲ ਨਹੀਂ ਲਗਦਾ। ਇਹ ਵਿਛੋੜੇ ਦੀ ਅਵਸਥਾ ਬਹੁਤ ਹੀ ਦਰਦ-ਭਰੀ ਤੇ ਅਸਹਿ ਜਾਪਦੀ ਹੈ। ਇਹ ਦਰਦ ਤੇ ਪੀੜ ਕੇਵਲ ਪ੍ਰਭੂ ਪ੍ਰਤਿ ਜਾਗਰੂਕ ਹੋਈ ਜੀਵ ਆਤਮਾ ਹੀ ਮਹਿਸੂਸ ਕਰ ਸਕਦੀ ਹੈ। ਹੋਰ ਕਿਸੇ ਨੂੰ ਇਸ ਪੀੜ ਦਾ ਅਸਲੀ ਰਾਜ਼ ਨਹੀਂ ਮਾਲੂਮ ਹੁੰਦਾ। ਅਗਿਆਨੀ ਤਾਂ ਭਟਕਦਾ ਹੀ ਰਹਿੰਦਾ ਹੈ। ਜਿਸ ਜੀਵ-ਆਤਮਾ ਨੂੰ ਪ੍ਰਭੂ ਵਿਚ ਵਿਸ਼ਵਾਸ਼ ਪੈਦਾ ਹੋ ਜਾਂਦਾ ਹੈ, ਉਹ ਆਪਣੇ ਆਪ ਨੂੰ ਉਸ ਨਾਲੋਂ ਟੁੱਟੀ ਹੋਈ ਹੋਣ ਕਰਕੇ ਸੱਖਣੀ, ਅਧੂਰੀ, ਅਸਮਰਥ ਤੇ ਵਿਆਕੁਲ ਹੋਈ ਸਮਝਦੀ ਹੈ ਤੇ ਮੁੜ ਪ੍ਰਭੂ ਨੂੰ ਮਿਲਣ ਲਈ ਲੋਚਦੀ ਹੈ। ਇਸ ਮਿਲਾਪ ਲਈ ਉਹ ਹਰ ਸੰਭਵ ਉਪਰਾਲਾ ਕਰਦੀ ਹੈ। ਪ੍ਰਭੂ ਮਿਲਣੀ ਦੀ ਤੜਪ ਬਹੁਤ ਤੀਬਰ ਹੋ ਜਾਂਦੀ ਹੈ ਜੋ ਆਪਣੇ ਪ੍ਰਭੂ ਪ੍ਰੀਤਮ ਅੱਗੇ ਅਰਜੋਈਆਂ, ਬੇਨਤੀਆਂ ਤੇ ਜੋਦੜੀਆਂ ਦੇ ਰੂਪ ਵਿਚ ਉਜਾਗਰ ਹੁੰਦੀ ਹੈ।

ਇਸ ਬਾਣੀ ਦੀ ਭੂਮਿਕਾ ਵਿਚ ਗੁਰੂ ਸਾਹਿਬ ਜੀਵ ਆਤਮਾ ਦਾ ਪ੍ਰਭੂ ਨਾਲੋਂ ਵਿਛੋੜੇ ਦਾ ਕਾਰਨ ਉਸ ਦੁਆਰਾ ਪਹਿਲਾਂ ਕੀਤੇ ਕਰਮਾਂ ਨੂੰ ਹੀ ਦਸਦੇ ਹਨ। ਫੁਰਮਾਨ ਹੈ -

*ਕਿਰਤਿ ਕਰਮ ਕੇ ਵੀਛੜੇ ਕਰਿ ਕਿਰਪਾ ਮੇਲਹੁ ਰਾਮ॥*
*ਪੰਨਾ - 133*

ਇਸ ਬਾਣੀ ਦਾ ਸਾਰ ਤੱਤ ਇਸ ਛੋਟੀ ਜਿਹੀ ਭੂਮਿਕਾ ਵਿਚ ਸਮੋਇਆ ਪਿਆ ਹੈ। ਜੀਵ-ਆਤਮਾ ਆਪਣੇ ਕੀਤੇ ਕਰਮਾਂ ਕਰਕੇ ਪ੍ਰਭੂ ਨਾਲੋਂ ਵਿਛੜਦੀ ਹੈ ਪਰ ਪ੍ਰਭੂ ਚਰਨਾਂ ਵਿਚ ਮੁੜ ਲਿਵ ਲਾ ਕੇ ਉਸ ਦੀ ਬਖਸ਼ਿਸ਼ (ਕਿਰਪਾ) ਦੀ ਪਾਤਰ ਬਣ ਕੇ ਉਸ ਨਾਲ ਮਿਲ ਸਕਦੀ ਹੈ ਤੇ ਅਮਰ ਜੀਵਨ ਪਰਾਪਤ ਕਰ ਸਕਦੀ ਹੈ।

ਭੂਮਿਕਾ ਤੋਂ ਅੱਗੇ ਬਾਰਾਂ ਮਹੀਨਿਆਂ ਦਾ ਵਰਣਨ ਹੈ। ਗੁਰੂ ਸਾਹਿਬ ਨੇ ਆਪਣੀ ਅਨੂਪਮ, ਅਨੂਠੀ ਤੇ ਭਾਵ ਭਿੰਨੀ ਲੇਖਣੀ ਰਾਹੀਂ ਵਰ੍ਹੇ ਦੀਆਂ ਬਦਲਦੀਆਂ ਰੁੱਤਾਂ ਰਾਹੀਂ ਬਿਰਹੋਂ ਕੁੱਠੀ ਜੀਵ ਆਤਮਾ ਦੀ ਆਪਣੇ ਪਿਆਰੇ ਨੂੰ ਮਿਲਣ ਦੀ ਤਾਂਘ, ਉਸ ਦੀ ਵਿਜੋਗ ਅਵਸਥਾ ਦੇ ਦਰਦ, ਉਸ ਦੇ ਮਨੋਭਾਵਾਂ, ਪ੍ਰੇਮ ਉਮਾਹ ਅਤੇ ਮਿਲਣ ਪ੍ਰਤਿ ਸੰਜੋਗ ਦੀ ਰਸ ਭਿੰਨੀ ਅਵਸਥਾ ਨੂੰ ਵਿਅਕਤ ਕੀਤਾ ਹੈ।

ਆਕਾਰ ਵਿਚ ਇਹ ਰਚਨਾ ਬੇਸ਼ਕ ਬਹੁਤੀ ਵੱਡੀ ਨਹੀਂ ਪਰ ਵਿਸ਼ੇ ਪੱਖ ਤੋਂ ਕੁੱਜੇ ਵਿਚ ਸਮੁੰਦਰ ਸਮੋਇਆ ਹੋਇਆ ਹੈ। ਆਪਣੀ ਵੇਗਮਈ ਤੇ ਪ੍ਰਭਾਵਸ਼ਾਲੀ ਕਾਵਿ-ਸ਼ੈਲੀ ਰਾਹੀਂ ਗੁਰੂ ਸਾਹਿਬ, ਧਰਮ-ਦਰਸ਼ਨ ਦੇ ਸਾਰੇ ਵਿਸ਼ੇ ਛੋਹ ਗਏ ਹਨ ਜਿਵੇਂ ਕਿ ਪਰਮਾਤਮਾ, ਜੀਵ ਆਤਮਾ, ਜਗਤ, ਗੁਰੂ, ਕਰਮ-ਸਿਧਾਂਤ, ਆਵਾਗਵਣ, ਮਨੁੱਖੀ ਜਨਮ ਦਾ ਮਨੋਰਥ, ਇਸ ਦੀ ਪ੍ਰਾਪਤੀ ਦੇ ਸਾਧਨ, ਹਉਮੈ ਦਾ ਤਿਆਗ, ਪ੍ਰੇਮਾ ਭਗਤੀ, ਨਾਮ ਸਿਮਰਨ, ਸਾਧ ਸੰਗਤ, ਸੇਵਾ, ਨਿਰਲੇਪਤਾ, ਭੇਖਾਂ ਦਾ ਖੰਡਨ, ਅਰਦਾਸ, ਪ੍ਰਭੂ ਕਿਰਪਾ ਆਦਿ। ਇਨ੍ਹਾਂ ਸਾਰੇ ਵਿਸ਼ਿਆਂ ਨੂੰ ਵਰਨਣ ਕਰਨ ਉਪਰੰਤ ਇਸ ਗੱਲ ਉਪਰ ਜ਼ੋਰ ਹੈ ਕਿ ਜੀਵ ਆਤਮਾ ਪ੍ਰਭੂ ਦੇ ਸਨਮੁਖ ਹੋ ਕੇ, ਉਸ ਦੀ ਆਗਿਆ ਵਿਚ ਚਲ ਕੇ, ਉਸਦੀ ਮੇਹਰ ਦੀ ਪਾਤਰ ਬਣ ਕੇ ਹੀ ਪ੍ਰਭੂ ਨਾਲ ਸੰਜੋਗ ਪ੍ਰਾਪਤ ਕਰ ਸਕਦੀ ਹੈ। ਕਿਉਂਕਿ -

*ਪਰਮੇਸਰ ਤੇ ਭੁੱਲਿਆਂ ਵਿਆਪਨਿ ਸਭੇ ਰੋਗ॥*
*ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ॥ ਪੰਨਾ - 135*

ਪ੍ਰਭੂ ਨਾਲ ਅਭੇਦਤਾ ਉਸ ਨਾਲ ਸੱਚੀ ਪ੍ਰੀਤ ਪਾ ਕੇ ਹੀ ਹੋ ਸਕਦੀ ਹੈ। ਐਸਾ ਪ੍ਰਭੂ ਜੋ -

*ਜਲਿਥਲਿ ਮਹੀਅਲਿ ਪੂਰਿਆ ਰਵਿਆ ਵਿਚਿ ਵਣਾ॥*

ਜਿਸ ਬਿਨ ਹੋਰ ਕੋਈ ਨਹੀ -

*ਪ੍ਰਭੁ ਬਿਨੁ ਅਵਰੁ ਨ ਕੋਇ॥ ਪੰਨਾ - 134*
*ਅਤੇ :- ਜਿਸ ਕਾ ਨਿਹਚਲ ਧਾਮ॥ ਪੰਨਾ - 133*

ਹੈ ਅਤੇ ਜਿਸ ਅੱਗੇ ਹਰ ਕੋਈ ਨਿਵਦਾ ਹੈ, ਭਾਵ ਐਸਾ ਪ੍ਰਭੂ ਜੋ ਸਰਵ ਵਿਆਪਕ, ਸਰਬ ਸ਼ਕਤੀਮਾਨ ਤੇ ਸਰਬ ਕਲਾ ਦਾ ਗਿਆਤਾ ਹੈ ਅਤੇ ਮੇਹਰਬਾਨ ਹੈ। ਐਸੇ ਪਰਮੇਸ਼ਰ ਦੀ ਓਟ ਲੈ ਕੇ ਪ੍ਰਾਣੀ ਆਵਾਗਵਣ ਤੋਂ ਮੁਕਤੀ ਪ੍ਰਾਪਤ ਕਰ ਸਕਦਾ ਹੈ। ਪ੍ਰਭੂ ਸਮਰਥ ਪੁਰਸ਼ ਹੈ, ਉਹ ਜੀਵ ਦਾ ਹਲਤ-ਪਲਤ ਸਵਾਰਨ ਯੋਗ ਹੈ। ਉਹ ਮਨੁੱਖ ਨੂੰ ਦੁੱਖਾਂ ਕਲੇਸ਼ਾਂ ਤੋਂ ਮੁਕਤ ਕਰਾ ਕੇ ਸਦੀਵੀ ਖੇੜਾ ਪਰਦਾਨ ਕਰ

ਸਕਦਾ ਹੈ। ਗੁਰੂ ਜੀ ਦਾ ਵਿਚਾਰ ਹੈ, ਤਾਂ ਤੇ ਫਿਰ ਸਭ ਭਰਮ, ਅੰਦੇਸ਼ੇ ਛੱਡ ਕੇ ਜੀਵ ਇਸਤਰੀ ਨੂੰ ਉਸ ਸੱਚੇ ਪ੍ਰੀਤਮ ਦੀ ਓਟ ਲੈਣੀ ਚਾਹੀਦੀ ਹੈ। ਗੁਰੂ ਸਾਹਿਬ ਆਖਦੇ ਹਨ ਕਿ ਕੇਵਲ ਉਨ੍ਹਾਂ ਜੀਵਾਂ ਦਾ ਹੀ ਸੰਸਾਰ ਵਿਚ ਆਇਆਂ ਸਫਲ ਹੈ ਜਿਨ੍ਹਾਂ ਨੇ ਇਸ ਲਕਸ਼ ਨੂੰ ਪਾ ਲਿਆ ਹੈ -

*ਜਿਨਿ ਪਾਇਆ ਪ੍ਰਭੁ ਆਪਣਾ*
*ਆਏ ਤਿਸਹਿ ਗਣਾ॥* *ਪੰਨਾ - 133*

ਪ੍ਰਭੂ ਪ੍ਰਾਪਤੀ ਦਾ ਸੌਖਾ ਮਾਰਗ ਨਾਮ ਸਿਮਰਨ ਦੱਸਦੇ ਹੋਏ ਪ੍ਰਭੂ ਅੱਗੇ ਜਾਚਨਾ ਕਰਦੇ ਹਨ -

*ਨਾਨਕ ਕੀ ਬੇਨੰਤੀਆ ਕਰਿ ਕਿਰਪਾ ਦੀਜੈ ਨਾਮੁ॥*
*ਪੰਨਾ - 133*

ਸੱਚੇ ਨਾਮ ਦੀ ਚਿੰਗਿਆੜੀ ਸਭ ਤਰ੍ਹਾਂ ਦੇ ਭਰਮ ਤੇ ਅਗਿਆਨ, ਹਉਮੈ, ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿ ਵਰਗੇ ਵਿਕਾਰਾਂ ਨੂੰ ਸਾੜ ਕੇ ਰੱਖ ਦਿੰਦੀ ਹੈ ਤੇ ਜੀਵ ਆਤਮਾਂ ਨੂੰ ਪ੍ਰਾਂਜਲਤਾ ਬਖਸ਼ਦੀ ਹੈ। ਗੁਰਵਾਕ ਹੈ -

*ਕੂੜ ਗਏ ਦੁਬਿਧਾ ਨਸੀ ਪੂਰਨ ਸਚਿ ਭਰੇ॥*
*ਪਾਰਬ੍ਰਹਮੁ ਪ੍ਰਭੁ ਸੇਵਦੇ ਮਨ ਅੰਦਰਿ ਏਕੁ ਧਰੇ॥ਪੰਨਾ - 136*

ਜਗਿਆਸੂ, ਜਗਤ ਵਿਚ ਰਹਿੰਦਿਆਂ ਸਤਿ ਪੁਰਸ਼ਾਂ ਦੀ ਸੰਗਤ ਵਿਚ ਸੱਚੇ ਨਾਮ ਦਾ ਭੋਜਨ ਛਕ ਕੇ ਤਨ ਮਨ ਵਿਚ ਖੇੜਾ ਮਹਿਸੂਸ ਕਰ ਸਕਦਾ ਹੈ -

*ਤਨੁ ਮਨੁ ਮਉਲਿਆ ਰਾਮ ਸਿਉ ਸੰਗਿ ਸਾਧ ਸਹੇਲੜੀਆਹ॥*
*ਪੰਨਾ - 135*

ਗੁਰੂ ਸਾਹਿਬ ਜੀਵਨ ਮਨੋਰਥ ਦੀ ਪ੍ਰਾਪਤੀ ਲਈ ਸੰਸਾਰ ਤਿਆਗ ਤੇ ਜ਼ੋਰ ਨਹੀਂ ਦਿੰਦੇ ਹਨ। ਸੰਸਾਰ ਵਿਚ ਰਹਿ ਕੇ ਆਪਣੇ ਗ੍ਰਹਿਸਥੀ ਦੇ ਫਰਜ਼ ਨਿਭਾਉਂਦੇ ਹੋਏ, ਨਾਮ ਰਾਹੀਂ ਪ੍ਰਭੂ ਚਰਨਾਂ ਨਾਲ ਜੁੜ ਕੇ, ਸਾਧ ਸੰਗਤ ਕਰਕੇ ਤੇ ਨਿਸ਼ਕਾਮ ਸੇਵਾ ਰਾਹੀਂ ਆਪਣੀ ਹਉਮੈ ਰੂਪੀ ਮੈਲ ਧੋ ਕੇ, ਆਪਣੇ ਮਨ ਅੰਦਰ ਹੀ ਪ੍ਰਭੂ ਮਿਲਾਪ ਪ੍ਰਾਪਤ ਕਰਨ ਦਾ ਸੱਚਾ ਤੇ ਸੁੱਚਾ ਤੇ ਸਰਲ ਮਾਰਗ ਦਰਸਾਉਂਦੇ ਹਨ। ਪ੍ਰਭੂ ਨੂੰ ਜੰਗਲਾਂ ਵਿਚ ਜਾ ਕੇ ਲੱਭਣ ਦੀ ਲੋੜ ਨਹੀਂ। ਜੀਵ ਆਪਣੇ ਅੰਤਹਕਰਨ ਨੂੰ ਸਾਫ ਕਰਕੇ ਹੀ ਪ੍ਰਭੂ ਦੇ ਦੀਦਾਰ ਕਰ ਸਕਦਾ ਹੈ ਤੇ ਉਸ ਦੀ ਛੁਹ ਦਾ ਰਸ ਮਾਣ ਸਕਦਾ ਹੈ। ਇਸ ਪ੍ਰਕਾਰ ਗੁਰੂ ਸਾਹਿਬ ਸ਼ੁਭ ਗੁਣਾਂ ਨੂੰ ਗ੍ਰਹਿਣ ਕਰਨ ਤੇ ਔਗੁਣਾਂ ਦੇ ਤਿਆਗ ਦੀ ਸਿੱਖਿਆ ਦਿੰਦੇ ਹਨ ਕਿ ਜੀਵ ਨੂੰ ਬੜੇ ਵੱਡੇ ਭਾਗਾਂ ਨਾਲ ਹੀ ਥਿਰ ਸੁਹਾਗ ਦੀ ਪ੍ਰਾਪਤੀ ਹੁੰਦੀ ਹੈ -

*ਜਹ ਤੇ ਉਪਜੀ ਤਹ ਮਿਲੀ ਸਚੀ ਪ੍ਰੀਤਿ ਸਮਾਹੁ॥*
*ਕਰੁ ਗਹਿ ਲੀਨੀ ਪਾਰਬ੍ਰਹਮਿ ਬਹੁੜਿ ਨ ਵਿਛੁੜੀਆਹੁ॥*
*ਪੰਨਾ - 135*

ਗੁਰੂ ਜੀ ਨੇ ਬਾਰਾਂ ਮਹੀਨਿਆਂ ਦੁਆਰਾ ਜਗਿਆਸੂ ਨੂੰ ਅਧਿਆਤਮਕ ਉਪਦੇਸ਼ ਦੇਣ ਉਪਰੰਤ ਅੰਤ ਵਿਚ ਸਾਰ ਤੱਤ ਇਸ ਪ੍ਰਕਾਰ ਦਿਤਾ ਹੈ। ਅਰਥਾਤ ਜਿਨ੍ਹਾਂ ਨੇ ਪ੍ਰਭੂ ਦੇ ਨਾਮ ਦਾ ਸਿਮਰਨ ਕੀਤਾ ਹੈ, ਤਿਨ੍ਹਾਂ ਸਾਰੇ ਜੀਵਾਂ ਦੇ ਕਾਰਜ ਰਾਸ ਹੋਏ ਹਨ। ਪਰਮੇਸ਼ਰ ਨੂੰ ਪੂਰੇ ਗੁਰੂ ਦੀ ਕ੍ਰਿਪਾ ਦੁਆਰਾ ਆਰਾਧ ਕੇ ਉਹ ਦਰਗਾਹ ਵਿਚ ਸੱਚੇ ਤੇ ਖਰੇ ਹੋ ਨਿਬੜੇ ਹਨ। ਸਾਰੇ ਸੁੱਖਾਂ ਦੀ ਨਿਧੀ ਪ੍ਰਭੂ ਦੇ ਚਰਨ ਕਮਲਾਂ ਦੀ ਪ੍ਰੀਤੀ ਹੈ ਜਿਸ ਆਸਰੇ ਉਹ ਇਸ ਸੰਸਾਰ ਰੂਪੀ ਭਵਸਾਗਰ ਨੂੰ ਤਰ ਕੇ ਪਾਰ ਹੋ ਗਏ ਹਨ, ਪ੍ਰੇਮਾ ਭਗਤੀ ਦੁਆਰਾ ਪ੍ਰਭੂ ਨੂੰ ਪਾਉਂਦੇ ਹਨ। ਪ੍ਰਭੂ ਨੂੰ ਧਿਆਉਣ ਨਾਲ ਉਨ੍ਹਾਂ ਦੇ ਸਾਰੇ ਪਾਪਾਂ ਦਾ ਨਾਸ ਹੋ ਜਾਂਦਾ ਹੈ।

ਅਖੀਰ ਵਿਚ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ ਕਿ ਉਹ ਮਹੀਨਾ, ਦਿਨ ਤੇ ਮਹੂਰਤ ਭਲਾ ਹੈ ਜਿਸ ਵਿਚ ਪਰਮਾਤਮਾ ਕਿਸੇ ਜੀਵ ਇਸਤਰੀ ਤੇ ਮੇਹਰ ਦੀ ਨਿਗਾਹ ਕਰ ਵੇਖੇ। ਜੀਵ ਆਤਮਾ ਨੂੰ ਅਜੇਹੇ ਮੇਹਰਬਾਨ ਪ੍ਰਭੂ ਦੇ ਦਰਸ਼ਨ ਦੀ ਹੀ ਅਭਿਲਾਖਾ ਹੋਣੀ ਚਾਹੀਦੀ ਹੈ ਤੇ ਉਸ ਅੱਗੇ ਜਾਚਨਾ ਕਰਨੀ ਚਾਹੀਦੀ ਹੈ। ਇਸ ਪ੍ਰਕਾਰ ਪ੍ਰੇਮਾ ਭਗਤੀ ਅਤੇ ਸੱਚੀ ਲਗਨ ਨਾਲ ਜੀਵ-ਆਤਮਾ ਅਬਿਨਾਸ਼ੀ ਪੁਰਖ ਨੂੰ ਇਕ ਭਤਾਰ ਵਜੋਂ ਹਾਸਲ ਕਰਕੇ ਸੁਹਾਗਣ ਦਾ ਰੁਤਬਾ ਪਾਉਂਦੀ ਹੈ ਅਤੇ ਉਸ ਵਿਚ ਸਦਾ ਲਈ ਸਮਾ ਜਾਂਦੀ ਹੈ। ਇਹ ਅਵਸਥਾ ਸਦੀਵੀ ਖੇੜੇ ਦੀ ਅਵਸਥਾ ਹੁੰਦੀ ਹੈ, ਜਿਸ ਵਿਚ ਤੱਤ, ਪਰਮ-ਤੱਤ ਵਿਚ ਮਿਲ ਕੇ ਅਭੇਦ ਹੋ ਜਾਂਦਾ ਹੈ ਅਤੇ ਜੀਵ ਆਵਾਗਵਨ ਦੇ ਦੁੱਖਾਂ ਤੋਂ ਮੁਕਤੀ ਹਾਸਲ ਕਰਦਾ ਹੈ। ਇਥੇ 'ਤੂੰ' ਤੇ 'ਮੈਂ' ਦਾ ਅੰਤਰ ਖਤਮ ਹੋ ਜਾਂਦਾ ਹੈ। ਵੈਰਾਗ, ਅਨੰਦ ਦਾ ਰੂਪ ਧਾਰਨ ਕਰਦਾ ਹੈ ਤੇ ਮਨ ਤ੍ਰਿਪਤ ਤੇ ਸ਼ਾਂਤ ਹੋ ਜਾਂਦਾ ਹੈ -

*ਜਿਨਿ ਜਿਨਿ ਨਾਮੁ ਧਿਆਇਆ ਤਿਨ ਕੇ ਕਾਜ ਸਰੇ॥*
*ਹਰਿ ਗੁਰੁ ਪੂਰਾ ਅਰਾਧਿਆ ਦਰਗਹ ਸਚ ਖਰੇ॥*
*ਸਰਬ ਸੁਖਾ ਨਿਧਿ ਚਰਣ ਹਰਿ ਭਉਜਲ ਬਿਖਮੁ ਤਰੇ॥*
*ਪ੍ਰੇਮ ਭਗਤਿ ਤਿਨ ਪਾਈਆ ਬਿਖਿਆ ਨਾਹਿ ਜਰੇ॥*
*ਕੂੜ ਗਏ ਦੁਬਿਧਾ ਨਸੀ ਪੂਰਨ ਸਚਿ ਭਰੇ॥*
*ਪਾਰਬ੍ਰਹਮੁ ਪ੍ਰਭ ਸੇਵਦੇ ਮਨ ਅੰਦਰਿ ਏਕੁ ਧਰੇ॥*
*ਮਾਹ ਦਿਵਸ ਮੂਰਤ ਭਲੇ ਜਿਸ ਕਉ ਨਦਰਿ ਕਰੇ॥*
*ਨਾਨਕੁ ਮੰਗੇ ਦਰਸ ਦਾਨੁ ਕਿਰਪਾ ਕਰਹੁ ਹਰੇ॥*
*ਪੰਨਾ - 136*

(ਨੋਟ - 'ਕਾਵਿ' ਮਨੁਖ ਰਚਨਾ ਹੁੰਦੀ ਹੈ। ਗੁਰਬਾਣੀ ਧੁਰ ਦਰਗਾਹ ਤੋਂ ਗੁਰੂ ਰਾਹੀਂ ਪਰਗਟ ਹੁੰਦੀ ਹੈ। ਗੁਰੂ ਸਾਕਾਰ ਪਸਾਰੇ ਵਿਚ ਵਾਹਿਗੁਰੂ ਜੀ ਦੇ ਆਪਣੇ ਸ਼ੁਧ ਸਰੂਪ ਦਾ ਝਲਕਾਰਾ-ਮਾਤਰ ਹੋਇਆ ਕਰਦਾ ਹੈ। ਕਵਿਤਾ, ਬੁੱਧੀ ਦੀ ਉਡਾਰੀ ਹੈ, ਗੁਰਬਾਣੀ ਨਿਰੰਕਾਰ ਮੰਡਲ ਦਾ ਸੱਤਿ ਸ਼ਬਦ ਹੈ)

*(ਸਰਪ੍ਰਸਤ)*


## ਲੋੜ ਹੈ

1. ਆਤਮ ਮਾਰਗ ਵਾਸਤੇ ਪੰਜਾਬੀ ਤੋਂ ਹਿੰਦੀ ਭਾਸ਼ਾ ਵਿਚ ਅਨੁਵਾਦ ਕਰਨ ਲਈ ਗੁਰਬਾਣੀ ਦੀ ਸੂਝ ਰੱਖਣ ਵਾਲੇ ਅਨੁਵਾਦਕ ਦੀ ਸ਼ੀਘਰ ਲੋੜ ਹੈ। ਪਰੂਫ ਰੀਡਿੰਗ ਦਾ ਤਜਰਬਾ ਜ਼ਰੂਰੀ ਹੈ। ਲੋੜਵੰਦ ਪ੍ਰਾਰਥਨਾ ਪੱਤਰ ਭੇਜਣ ਦੀ ਕ੍ਰਿਪਲਤਾ ਕਰਨ।
2. ਪੰਜਾਬੀ ਸਟੈਨੋ ਟਾਈਪਿਸਟ ਜਿਸ ਦੀ ਲਿਖਣ ਦੀ ਰਫਤਾਰ 120 ਸ਼ਬਦ ਪ੍ਰਤਿ ਮਿੰਟ ਹੋਵੇ, ਦੀ ਲੋੜ ਹੈ। ਲੋੜਵੰਦ ਪ੍ਰਾਰਥਨਾ ਪੱਤਰ ਭੇਜਣ ਦੀ ਕ੍ਰਿਪਲਤਾ ਕਰਨ। ਪ੍ਰਾਰਥਨਾ ਪੱਤਰ ਭੇਜਣ ਲਈ ਪਤਾ : -

ਸਕੱਤਰ, ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟੱਰਸਟ

781, 3ਬੀ1, ਸੈਕਟਰ-60, ਐਸ.ਏ.ਐਸ. ਨਗਰ (ਮੁਹਾਲੀ) 160 055

# ਦੂਸਰੇ ਰਤਨ
# ਬਾਬਾ ਸਾਹਿਬ ਸਿੰਘ ਜੀ ਬੇਦੀ ਊਨਾ ਸਾਹਿਬ
## (ਗੁਰੂ ਨਾਨਕ ਅੰਸ ਵੰਸ)


*(ਲੜੀ ਜੋੜਨ ਲਈ ਦੇਖੋ, ਅਗਸਤ ਅੰਕ, ਪੰਨਾ - 23*

### ਮਲੇਰਕੋਟਲੇ ਪਰ ਹਮਲਾ

ਇਕ ਵਾਰੀ ਕਿਸੇ ਮਾਲਵੇ ਤੋਂ ਆਏ ਗੁਰਸਿਖ ਨੇ ਬੇਨਤੀ ਕੀਤੀ, "ਮਹਾਰਾਜ, ਇਹ ਗੱਲ ਮਲੇਰਕੋਟਲੇ ਦੇ ਸ਼ਾਹੀ ਹਲਕਿਆਂ ਅੰਦਰ ਮਸ਼ਹੂਰ ਹੈ ਕਿ ਮਲੇਰਕੋਟਲੇ ਦਾ ਨਵਾਬ, ਅਨੰਦਪੁਰ ਦੇ ਮਹਾਨ ਸਾਕੇ ਸਮੇਂ, ਸਰਸਾ ਨਦੀ ਦੇ ਭਿਆਨਕ ਵਿਛੋੜੇ ਸਮੇਂ ਇਕ ਐਸੀ ਨੌਜਵਾਨ ਔਰਤ ਨੂੰ ਮਾਲੇ ਗਨੀਮਤ ਵਿਚ ਚੁਕ ਲਿਆਇਆ ਸੀ ਜੋ ਸਤਿਗੁਰਾਂ ਦੇ ਮਹਿਲਾਂ ਦੀ ਟਹਿਲ ਕਰਨ ਕਰਕੇ ਸਿੱਖਾਂ ਵਿਚ ਮਾਤਾ ਜੀ ਕਹਿ ਕੇ ਪੁਕਾਰੀ ਜਾਂਦੀ ਸੀ। ਇਹ ਬੀਬੀ ਨੌਜਵਾਨ ਤੇ ਅਤਿ ਸੁੰਦਰੀ ਹੋ ਕੇ ਵੀ ਚਰਿੱਤਰ ਤੇ ਸਚ ਆਚਾਰ ਵਿਚ ਇਕ ਮਹਾਨ ਸਥਾਨ ਦੀ ਮਾਲਕ ਸੀ। ਸਤਿਗੁਰ ਜੀ ਇਸਦਾ ਬੜਾ ਹੀ ਸਤਿਕਾਰ ਕਰਦੇ ਸਨ। ਕਈ ਮੁਸਲਿਮ ਤਵਾਰੀਖਦਾਨਾਂ ਦੇ ਅਨੁਸਾਰ ਇਹ ਕੋਈ ਸੋਢੀ ਖਾਨਦਾਨ ਦੀ ਹੀ ਹਸਤੀ ਸੀ ਪਰ ਹਾਲਾਤ ਇਹ ਗਲ ਸਾਬਤ ਨਹੀਂ ਕਰਦੇ। ਸਤਿਗੁਰਾਂ ਦੇ ਮਹਿਲ ਮਾਤਾ ਜੀਤੋ ਜੀ ਤਾਂ ਆਪਣੀ ਇੱਛਾ ਕਰਕੇ ਸਰੀਰ ਤਿਆਗ ਗਏ ਸਨ। ਮਾਤਾ ਸੁੰਦਰੀ ਜੀ ਦਿੱਲੀ ਹੀ ਟਿਕੇ ਰਹੇ ਤੇ ਮਾਤਾ ਸਾਹਿਬ ਦੇਵਾਂ ਜੀ ਨਾਂਦੇੜ ਤੱਕ ਨਾਲ ਸਨ। ਤਾਂ ਮਾਤਾ ਸਾਹਿਬ ਕੌਰ ਜੀ ਦੇ ਨਾਲ ਇਕ ਨੌਜਵਾਨ ਲੜਕੀ ਦਾ ਸੇਵਾ ਹਿਤ ਨਾਲ ਆਉਣਾ ਇਹ ਦਸਦਾ ਹੈ ਕਿ ਸ਼ਾਇਦ ਇਹੀ ਉਹ ਮਹਾਨ ਗੁਰੂ ਸੇਵਕ ਔਰਤ ਸੀ।

ਨਵਾਬ ਮਲੇਰੀਏ ਦੇ ਬਹੁਤ ਜ਼ੋਰ ਜਬਰ ਕਾਰਨ ਵੀ ਇਸ ਮਹਾਨ ਦੇਵੀ ਨੇ ਧਰਮ ਤੇ ਸਤਿ ਦਾ ਤਿਆਗ ਨ ਕੀਤਾ ਤੇ ਭੁਖੇ ਤਿਹਾਏ, ਗੁਰੂ ਦੀ ਯਾਦ ਅੰਦਰ ਪ੍ਰਾਨ ਦੇ ਦਿਤੇ। ਇਸਨੂੰ ਮਹਿਲਾਂ ਦੇ ਅੰਦਰ ਹੀ ਦਫਨ ਕਰ ਦਿਤਾ ਤੇ ਬਾਹਰ ਸੂਹ ਨ ਕੱਢੀ ਕਿ ਮਤਾਂ ਸਿੱਖ ਨਰਾਜ਼ ਹੋ ਜਾਣ।

ਇਹ ਸਾਕਾ ਸੁਣ ਕੇ ਬਾਬਾ ਸਾਹਿਬ ਸਿੰਘ ਜੀ ਦਾ ਪਵਿਤਰ ਖੂਨ ਉਬਲ ਖਲੋਤਾ। ਉਨ੍ਹਾਂ ਨਵਾਬ ਮਲੇਰਕੋਟਲੇ ਨੂੰ ਇਸ ਦੇਵੀ ਦਾ ਸਰੀਰਕ ਢਾਂਚਾ ਵਾਪਸ ਕਰਨ ਲਈ ਪਤ੍ਰ ਲਿਖ ਭੇਜਿਆ। ਖਿਆਲ ਸੀ ਕਿ ਇਹ ਅਕਲ ਤੋਂ ਕੰਮ ਲੈ ਕੇ ਇਹ ਸਰੀਰ ਵਾਪਸ ਕਰਕੇ ਪਸ਼ੇਮਾਨੀ ਜ਼ਾਹਰ ਕਰੇਗਾ। ਪਰ ਨਵਾਬ ਨੂੰ ਅੰਗਰੇਜ਼ ਦੀ ਛਹਿ ਸੀ ਕਿ ਉਹ ਸਿੱਖਾਂ ਵਲੋਂ ਵਧੀਕੀ ਤੇ ਉਸਦੀ ਮਦਦ ਕਰੇਗਾ। ਸੋ ਨਵਾਬ ਨੇ ਉਲਟਾ ਹੋਰ ਸੌ ਕਿਸਮ ਦੀਆਂ ਗੱਲਾਂ ਕਰਕੇ ਆਏ ਹੋਏ ਪੱਤ੍ਰ ਲਿਆਣ ਵਾਲੇ ਨੂੰ ਕਾਫੀ ਵੈਰਾਨ ਤੇ ਦੁਖੀ ਕੀਤਾ। ਇਹ ਕਾਸਦ ਮਹਾਰਾਜ ਜੀ ਪਾਸ ਗਿਆ ਤਦ ਉਨ੍ਹਾਂ ਇਕ ਵਾਰੀ ਫਿਰ ਸ਼ਾਂਤੀ ਤੋਂ ਕੰਮ ਲੈ ਕੇ ਦੂਸਰੀ ਚਿੱਠੀ ਭੇਜੀ ਤੇ ਸੋਚਿਆ ਕਿ ਇਹ ਕੰਮ ਨਰਮੀ ਨਾਲ ਹੀ ਨਜਿਠਿਆ ਜਾਵੇ ਤਦ ਚੰਗਾ ਹੈ। ਨਵਾਬ ਨੇ ਇਸ ਗਲ ਨੂੰ ਮਹਾਨ ਜੁਗ ਪੁਰਸ਼ਾਂ ਦੀ ਕਮਜ਼ੋਰੀ ਹੀ ਸਮਝਿਆ। ਫਿਰ ਕੀ ਸੀ, ਉਸ ਪਰ ਬਾਬਾ ਜੀ ਨੇ ਦਮਾਮੇ ਪਰ ਚੋਟ ਮਾਰੀ। ਅੰਗਰੇਜ਼ ਨੇ ਇਸ ਪਰ ਬਾਕੀ ਸਿੱਖ ਰਾਜਿਆਂ ਨੂੰ ਨਵਾਬ ਦੀ ਮਦਦ ਲਈ ਕਿਹਾ। ਪਰ ਰਾਜਿਆਂ ਤੇ ਸਿੱਖ ਸਰਦਾਰਾਂ ਨੇ ਸਾਫ ਕਿਹਾ, "ਜੇਕਰ ਸਿੱਖ ਰਾਜੇ ਉਸ ਪਰ ਹਮਲਾ ਕਰਨ, ਤਦ ਅਸੀਂ ਉਸਦੀ ਮਦਦ ਕਰਨ ਨੂੰ



ਤਿਆਰ ਹਾਂ, ਪਰ ਲੜਾਈ ਇਕ ਧਰਮ ਤੇ ਉਤਮ ਮਸਲੇ ਪਿਛੇ ਇਕ ਪਵਿਤਰ ਗੱਦੀ ਤੇ ਮਹਾਨ ਧਾਰਮਕ ਸ਼ਖਸ਼ੀਅਤ ਤੇ ਸਾਡੀ ਪਰਮ ਸਤਿਕਾਰ ਤੇ ਪੂਜਣ ਯੋਗ ਸ਼ਕਤੀ ਨਾਲ ਹੈ। ਇਸ ਲਈ ਅਸੀਂ ਮਜ਼ਬੂਰ ਹਾਂ। ਇਸ ਕਾਰਜ ਵਿਚ ਤਾਂ ਕਿਸੇ ਵੀ ਤਰ੍ਹਾਂ ਕੋਈ ਸਿੱਖ ਜਾਂ ਪਹਾੜੀ ਰਾਜਾ ਤੁਹਾਡਾ ਸਾਥ ਨਹੀਂ ਦੇ ਸਕੇਗਾ।"

ਇਸ ਦੋ ਟੁਕ ਉਤਰ ਕਰਕੇ ਗੋਰਾ ਚੁਪ ਕਰਕੇ ਇਸ ਗੱਲ ਨੂੰ ਪੀ ਗਿਆ ਸੀ। ਪਰ ਉਸਨੇ ਇਸ ਪ੍ਰੰਪਰਾ ਦੀ ਹਰ ਕੜੀ ਨੂੰ ਖਤਮ ਕਰਨ ਦਾ ਮਨ ਵੀ ਬਣਾ ਲਿਆ ਸੀ।

ਬਾਬਾ ਜੀ ਦੀ ਫੌਜ ਨੇ ਕੋਟਲੇ ਨੂੰ ਤਿੰਨ ਦਿਨ ਘੇਰਾ ਪਾਈ ਰਖਿਆ। ਚੌਥੇ ਦਿਨ ਤੰਗ ਆ ਕੇ ਉਹ ਆਪਣੀ ਫੌਜ ਸਮੇਤ ਬਾਹਰ ਆਇਆ। ਉਸਦੀ ਫੌਜ ਬੜੀ ਦਿਲ ਤੋੜ ਕੇ ਤੇ ਧਾਰਮਕ ਨਾਅਰੇ ਮਾਰ ਕੇ ਲੜੀ ਪਰ ਆਖਰ ਕਮਜ਼ੋਰ ਹੋ ਰਹੀ ਸੀ ਜਦ ਕਿ ਨਵਾਬ ਨੇ ਘੇਰਾ ਤੋੜ ਕੇ ਬਾਬਾ ਜੀ ਪਰ ਸਿਧਾ ਹਮਲਾ ਕਰ ਦਿਤਾ। ਬਾਬਾ ਜੀ ਨੇ ਵਾਰ ਬਚਾ ਕੇ ਇਕੋ ਹੀ ਤੀਰ ਨਾਲ ਨਵਾਬ ਦਾ ਢਿੱਡ ਪਾੜ ਦਿਤਾ ਤੇ ਉਹ ਘੋੜੀ ਤੋਂ ਧਰਤੀ ਪਰ ਡਿੱਗ ਪਿਆ। ਫੌਜ ਨੇ ਹਥਿਆਰ ਸੁਟ ਦਿਤੇ। ਨਵਾਬ ਦੀ ਬੇਗਮ ਨੰਗੇ ਮੂੰਹ ਮਾਸੂਮ ਬੱਚੇ ਤੇ ਹੋਰ ਨਗਦੀ ਕਾਰ ਭੇਟਾ ਲੈ ਕੇ ਦਰਬਾਰ ਵਿਚ ਆਈ ਤੇ ਗੁਰੂ ਦਾ ਵਾਸਤਾ ਪਾ ਕੇ ਬੱਚੇ ਲਈ ਰੋਜ਼ੀ ਮੰਗੀ। ਦਿਆਲ ਪਰਮ ਪੁਰਖਾਂ ਨੇ ਮੇਹਰ ਕਰਕੇ ਉਸ ਬੀਬੀ ਦਾ ਸਰੀਰ ਹੀ ਮੰਗਿਆ ਜੋ ਬੇਗਮ ਨੇ ਦੱਸ ਕੇ ਕਢਵਾਇਆ। ਮਹਾਂਪੁਰਖਾਂ ਨੇ ਪੂਰਨ ਗੁਰ ਰੀਤ ਅਨੁਸਾਰ ਸਸਕਾਰ

ਕਰਕੇ ਕੜਾਹ ਪ੍ਰਸ਼ਾਦਿ ਵਰਤਾਇਆ। ਇਸ ਤਰ੍ਹਾਂ, ਸਿੱਖੀ ਦੇ ਵਕਾਰ ਤੇ ਸਤਵੰਤੀ ਦੇਵੀਆਂ ਲਈ ਮਹਾਂਪੁਰਖਾਂ ਦੇ ਵਿਚਾਰ ਪ੍ਰਗਟ ਹੀ ਦਿਸਦੇ ਹਨ।

## ਲੋਹ ਤੇ ਦੇਗ ਦੀ ਸੌਂਪਣਾ

ਬਾਬਾ ਜੀ ਦੇ ਲੰਗਰ ਵਿਚ ਦਸ ਬਾਰਾਂ ਹਜ਼ਾਰ ਤੋਂ ਵੱਧ ਸੰਗਤ ਰੋਜ਼ ਪ੍ਰਸ਼ਾਦਿ ਛਕਦੀ ਸੀ। ਉਨ੍ਹਾਂ ਦੇ ਹਜ਼ੂਰੀ ਕਵੀ ਦੇ ਕਥਨ ਅਨੁਸਾਰ ਬਾਬਾ ਬੀਰ ਸਿੰਘ ਜੀ ਨੌਰੰਗਾਬਾਦ ਦਰਸ਼ਨ ਲਈ ਆਏ। ਆਪ ਜੀ ਨੇ ਉਨ੍ਹਾਂ ਦਾ ਪੂਰਾ ਮਾਣ ਕੀਤਾ ਤੇ ਨਿਵਾਜਿਆ। ਉਨ੍ਹਾਂ ਨੇ ਬੇਨਤੀ ਕੀਤੀ ਕਿ ਮਹਾਰਾਜਾ ਰਣਜੀਤ ਸਿੰਘ ਵਲੋਂ ਕਈ ਆਦਮੀ ਆਏ ਹਨ ਕਿ ਉਨ੍ਹਾਂ ਦੀ ਸਿਹਤ ਲਈ ਅਰਦਾਸ ਕਰਾਂ; ਇਸੇ ਹੀ ਗਲ ਦੀ ਆਗਿਆ ਲੈਣ ਹਿਤ ਹਾਜ਼ਰ ਹੋਏ ਹਨ। ਬਾਬਾ ਜੀ ਨੇ ਕਿਹਾ, "ਭਾਈ ਤੇਰੀ ਲੋੜ ਹੈ। ਤੈਨੂੰ ਕੋਈ ਬੋਝ ਚੁਕਣ ਦੀ ਲੋੜ ਨਹੀਂ। ਸਰਕਾਰ ਨੇ ਅਜੇ ਠੀਕ ਹੀ ਹੋਣਾ ਹੈ, ਉਸਦੀ ਚਿੰਤਾ ਨ ਕਰੋ।" ਪਰ ਇਹ ਯਾਦ ਰਖਣਾ; "ਅਜ ਤੋਂ ਕੁਝ ਸਮਾਂ ਬਾਦ, ਜਦ ਅਸੀਂ ਨਹੀਂ ਹੋਵਾਂਗੇ, ਪੰਜਾਬ ਰਾਜ ਤੇ ਜੁਗ ਗਰਦੀ ਦਾ ਬੋਲ ਬਾਲਾ ਹੋਵੇਗਾ। ਜਿਸ ਦਿਨ ਤੇਰਾ ਸਰੀਰ ਲੋਕਾਂ ਦੀ ਸੇਵਾ ਹਿਤ ਲਗ ਗਿਆ, ਉਸੇ ਦਿਨ ਇਹ ਰਾਜ ਦੇ ਚੜ੍ਹਦੇ ਸੂਰਜ ਦੀਆਂ ਆਖਰੀ ਕਿਰਨਾਂ ਡੁਬ ਜਾਣਗੀਆਂ।" ਇਹ ਭਵਿਸ਼ ਵਾਕ ਸੌ ਫੀ ਸਦੀ ਸਚ ਹੋਏ। ਉਸ ਸਮੇਂ ਬਾਬਾ ਜੀ ਦੇ ਚੇਹਰੇ ਪਰ ਚੜ੍ਹਦੇ ਸੂਰਜਵਤ ਜਲਾਲ ਸੀ।

ਫਿਰ ਆਪ ਜੀ ਨੇ ਫੁਰਮਾਇਆ, "ਇਹ ਵੱਡੀਆਂ ਲੋਹਾਂ ਤੇ ਵੱਡੀਆਂ ਦੇਗਾਂ ਜੋ ਘੋੜਿਆਂ ਨਾਲ ਖਿੱਚੀਆਂ ਜਾਂਦੀਆਂ ਹਨ, ਹੁਣ ਇਹ ਊਨੇ ਨਹੀਂ, ਤੇਰੇ ਹੀ ਡੇਰੇ ਪਰ ਚੜ੍ਹਨਗੀਆਂ। ਫਿਰ ਉਹ ਉਨ੍ਹਾਂ ਦੇ ਨਾਲ ਹੀ ਰਵਾਨਾ ਕਰ ਦਿਤੀਆਂ। ਬਾਬਾ ਜੀ ਨੂੰ ਸਾਫ ਦਿਸਦਾ ਸੀ ਕਿ ਲਾਹੌਰ ਦਰਬਾਰ ਹੁਣ ਡੋਗਰੇ ਤੇ ਦੇਸ਼ ਦੁਸ਼ਮਣ ਗ਼ਦਾਰਾਂ ਦੇ ਪੂਰਨ ਤੌਰ ਪਰ ਕਬਜ਼ੇ ਵਿਚ ਹੈ, ਹੁਣ ਇਸਦੀ ਸੁਤੰਤਰਤਾ ਦਾ ਕਾਇਮ ਰਹਿਣਾ ਅਸੰਭਵ ਹੀ ਹੈ। ਉਨ੍ਹਾਂ ਦੀ ਦਿਬ ਦ੍ਰਿਸ਼ਟੀ ਨੇ ਸਤਿ ਦੇ ਪੁਜਾਰੀ, ਦੀਨ ਦੁਖੀਆਂ ਦੇ ਦਰਦੀ ਬਾਬਾ ਬੀਰ ਸਿੰਘ ਦਾ ਕੁਰਬਾਨ ਹੋਣਾ ਦੇਖ ਲਿਆ ਸੀ, ਇਸੇ ਹੀ ਕਾਰਣ ਇਹ ਅਨੋਖੇ ਵਾਕ ਕੀਤੇ ਸਨ, ਜੋ ਪੂਰੇ ਹੋਏ।

## ਸਿੱਖ ਰਾਸ਼ਟਰ ਦਾ ਉਸਰੱਈਆ

ਬਾਬਾ ਸਾਹਿਬ ਸਿੰਘ ਜੀ ਇਕ ਮਹਾਨ ਸਿੱਖ ਰਾਸ਼ਟਰ ਦੇ ਮਹਾਨ ਸਰਪ੍ਰਸਤ ਦੇ ਰੂਪ ਵਿਚ ਸਦਾ ਹੀ ਇਹ ਯਤਨ ਕਰਦੇ ਰਹੇ ਕਿ ਉਹ ਸਾਰੇ ਹੀ ਰਾਜਾਂ ਨੂੰ ਇਕ ਲੜੀ ਅੰਦਰ ਪਰੋ ਕੇ ਇਕੋ ਸਰਬ ਸਾਂਝਾ ਤੇ ਸਰਬ ਪ੍ਰਿਯ ਰਾਜ ਕਾਇਮ ਕਰਾਣ ਵਿਚ ਸਫਲ ਹੋ ਸਕਣ। ਇਸੇ ਹੀ ਮਹਾਨ ਆਸ਼ੇ ਅਨੁਸਾਰ ਉਨ੍ਹਾਂ ਸਤਿਲੁਜ਼ੋਂ ਪਾਰ ਦੀਆਂ ਸਿੱਖ ਰਿਆਸਤਾਂ ਦੀ ਇਕ ਜ਼ਰੂਰੀ ਇਕੱਤਰਤਾ ਅੰਮ੍ਰਿਤਸਰ ਸੱਦੀ ਸੀ। ਉਸ ਅੰਦਰ ਇਹ ਵਿਚਾਰ ਉਨ੍ਹਾਂ ਅੱਗੇ ਰੱਖਿਆ ਕਿ ਹੁਣ ਇਥੇ ਮੁਗਲ ਰਾਜ ਫਿਰ ਤੋਂ ਕਦੀ ਕਾਇਮ ਨਹੀਂ ਹੋ ਸਕਦਾ, ਪਰ ਸਮੁੰਦਰੀ ਡਾਕੂ ਉਸ ਤੋਂ ਅਧਿਕ ਸ਼ਕਤੀਵਾਨ ਹੈ। ਖੋਜ ਪੜਤਾਲ ਤੇ ਨਵੀਆਂ ਕਾਢਾਂ ਕਢਣ ਵਿਚ ਅਸੀਂ ਉਸਦਾ ਕਿਵੇਂ ਵੀ ਮੁਕਾਬਲਾ ਨਹੀਂ ਕਰ ਸਕਦੇ। ਸੋ ਲੋੜ ਹੈ ਕਿ ਅਸੀਂ ਕਲਗੀਧਰ ਸਚੇ ਪਾਤਸ਼ਾਹ ਦੇ ਮਿਸ਼ਨ ਨੂੰ ਪੂਰਾ ਕਰਨ ਹਿਤ ਇਨ੍ਹਾਂ ਬਦੇਸ਼ੀ ਲੁਟੇਰਿਆਂ ਦਾ ਨਹੀਂ, ਸਗੋਂ ਆਪਣੇ ਹੀ ਘਰ ਪਰ ਅਧਿਕ ਤੋਂ ਅਧਿਕ ਭਰੋਸਾ ਤੇ ਵਿਸ਼ਵਾਸ਼ ਪੈਦਾ ਕਰੀਏ ਤੇ ਐਸਾ ਬਾਨ੍ਹਣੂੰ ਬੰਨ੍ਹੀਏ ਕਿ ਬਦੇਸ਼ੀ ਚੋਰ ਸਾਡਾ ਘਰ ਨਾ ਲੁੱਟ ਸਕਣ। ਇਥੇ ਹੀ ਬਾਬਾ ਜੀ ਨੇ ਸਭ ਨੂੰ ਇਹ ਰਾਏ ਦਿਤੀ ਕਿ ਅਸਾਂ ਸਾਰੀਆਂ ਸ਼ਕਤੀਆਂ ਨੂੰ ਇਕ ਕਰਨ ਹਿਤ ਹੀ ਆਪਣੀ ਸਾਰੀ ਸਤਾ ਰਣਜੀਤ ਸਿੰਘ ਨੂੰ ਦਿਤੀ ਹੈ। ਜਿਸ ਤਰ੍ਹਾਂ ਛੋਟੇ ਮੋਟੇ ਗਹਿਣੇ ਭੰਨ ਕੇ ਇਕੋ ਸੋਨੇ ਦਾ ਹੰਸ ਕੀਮਤੀ ਬਣਦਾ ਹੈ, ਇਸੇ ਤਰ੍ਹਾਂ ਇਹ ਰਾਸ਼ਟਰਾਂ ਸਿਰ ਰਾਸ਼ਟਰ ਬਣਾਣਾ ਲੋੜਦੇ ਹਾਂ, ਪਰ ਤੁਹਾਡੀ ਹੀ ਮਦਦ ਨਾਲ ਇਹ ਗਲ ਸਿਰੇ ਚੜ੍ਹਨੀ ਹੈ। ਪਰ ਫੂਲਕੀਆ ਰਿਆਸਤਾਂ ਕਿਹਾ ਕਿ ਬਾਬਾ ਜੀ, ਆਖਰ ਨੂੰ ਖਾਤਮਾ ਤਾਂ ਸਾਡਾ ਜ਼ਰੂਰ ਹੋਣਾ ਹੈ, ਪਰ ਰਣਜ਼ੀਤ ਸਿੰਘ ਨਾਲ ਮੇਲ ਕਰਕੇ ਅਜ ਹੀ ਮੌਤ ਹੈ ਤੇ ਅੰਗਰੇਜ਼ ਨਾਲ ਮਿਲਕੇ ਹੌਲੀ ਹੌਲੀ। ਸੋ ਜੀਵਨ ਦੇ ਜੋ ਸਾਸ ਸੌਖੇ ਨਿਕਲਣ, ਉਹੀ ਸਹੀ। ਤੁਸੀਂ ਸਾਡੀ ਤੇ ਰਾਸ਼ਟਰ ਦੀ ਚਿੰਤਾ ਛਡੋ। ਸਮਾਂ ਆਵੇਗਾ, ਇਹੀ ਵਧੀ ਹੋਈ ਤਾਕਤ ਤੁਹਾਡੇ ਘਰ ਨੂੰ ਵੀ ਹੱਥ ਪਾ ਸਕਦੀ ਹੈ। ਇਹ ਹੱਥ ਜਦੋਂ ਗਲੇ ਨੂੰ ਹੀ ਤੋੜੇਗਾ, ਫਿਰ ਤੁਸੀਂ ਸਾਡੀ ਗੱਲ ਯਾਦ ਕਰੋਗੇ। ਬਾਬਾ ਜੀ ਨੇ ਜਲਾਲ ਵਿਚ ਆ ਕੇ ਫੁਰਮਾਇਆ ਸੀ ਕਿ ਰਾਜਨ! ਸਾਡੇ ਸਾਹਮਣੇ ਸਾਡੀ ਜ਼ਾਤੀ ਗੱਦੀਆਂ ਦੀ ਪੂਜਾ ਦਾ ਸਵਾਲ ਨਹੀਂ। ਅਸੀਂ ਤਾਂ ਕੇਵਲ ਪੰਜਾਬ ਤੇ ਸਿੱਖੀ ਹਿੱਤਾਂ ਨੂੰ ਹੀ ਸਾਹਵੇਂ ਰੱਖ ਕੇ ਤੁਹਾਨੂੰ ਇਕੱਠੇ ਕੀਤਾ ਸੀ, ਪਰ ਜੋ ਸ਼ਕਤੀ ਕਿਸੇ ਰਾਸ਼ਟਰ ਨੂੰ ਉਸਾਰ ਤੇ ਬਣਾ ਸਕਦੀ ਹੈ, ਉਹ ਕਿਸੇ ਸਮੇਂ ਵੀ ਕੁਰਬਾਨੀ ਦੇ ਕੇ ਉਸ ਨੂੰ ਸਾਫ਼ ਵੀ ਕਰ ਸਕਦੀ ਹੈ। ਜਦੋਂ ਇਹ ਰਾਜ, ਲੋਕ ਹਿਤ ਤੇ ਪਰਜਾ ਲਈ ਭਾਰੀ ਪਾਪੀ ਤੇ ਵਿਸ਼ਈ ਰਾਜ ਹੋ ਗਿਆ, ਸਾਡੀ ਸਤਾ ਇਸਨੂੰ ਖਤਮ ਕਰਨ ਵਿਚ ਵੀ ਕਦਮ ਪਿਛੇ ਨਹੀਂ ਹਟੇਗੀ। ਜੋ ਸ਼ਕਤੀ ਰਾਜ ਗੱਦੀ ਨੂੰ ਉਸਾਰ ਸਕਦੀ ਹੈ, ਉਸਨੂੰ ਖਤਮ ਕਰਨਾ ਕੀ ਮੁਸ਼ਕਲ ਹੈ। ਰਾਜ ਕਾਇਮ ਕਰਨਾ ਪਵਿਤ੍ਰ ਖ਼ੂਨ ਦੀਆਂ ਨਦੀਆਂ ਵਹਾ ਕੇ ਹੁੰਦਾ ਹੈ ਪਰ ਜਦੋਂ ਬੁਰੇ ਦਿਨ ਆਉਣ, ਤਦ ਅਰਜਨ ਤੋਂ ਗੋਪੀਆਂ ਭੀਲ ਹੀ ਖੋਹ ਕੇ ਲੈ ਜਾਂਦੇ ਹਨ। ਪਾਪੀ ਤੇ ਹੰਕਾਰੀ ਲੋਕ ਸਦਾ ਨਿਗੂਣੇ ਤੇ ਨਿਕੰਮੇ ਆਦਮੀਆਂ ਪਾਸੋਂ ਹੀ ਮਾਤ ਖਾ ਜਾਂਦੇ ਹਨ। ਜੋ ਰਾਜ ਕੇਵਲ ਸੰਤ ਤੇ ਗਰੀਬਾਂ ਪਰ ਹੀ ਦਾਹੜੀ ਤੇ ਹੱਥ ਫੇਰ ਕੇ ਸ਼ਕਤੀ ਦੀ ਵਰਤੋਂ ਕਰੇਗਾ, ਉਹ ਉਸ ਰਾਜ ਦੇ ਆਖਰੀ ਸਵਾਸ ਸਮਝਣੇ ਚਾਹੀਦੇ ਹਨ। ਭਾਵੇਂ ਉਹ ਬਰਫ਼ ਵਿਚ ਦਬੀ ਹੋਈ ਮਸਾਲੇ ਦੇ ਕੇ ਸਾਂਭ ਕੇ ਰੱਖੀ ਹੋਈ ਲਾਸ਼ ਵਾਂਗ ਬਾਹਰੋਂ ਠੀਕ ਦਿਸੇ, ਪਰ ਅਮਲ ਤੇ ਕਰਮ ਦੇ ਮੈਦਾਨ ਅੰਦਰ ਉਹ ਮੁਰਦਾ ਹੋ ਚੁਕੀ ਹੁੰਦੀ ਹੈ। ਆਪ ਜੀ ਨੇ ਨਿਰਾਸ਼ ਹੋ ਕੇ ਕਿਹਾ ਸੀ, "ਇਹ ਪੰਜਾਬ ਤੇ ਭਾਰਤ ਦੇ ਮੇਲ ਕਰਨ ਦਾ ਨਿਸ਼ਾਨ ਹੈ ਕਿ ਅਸੀਂ ਆਪਣੇ ਘਰ ਦੇ ਇਕ ਮੁੱਠ ਹੋਣ ਨੂੰ ਤਿਆਰ ਨਹੀਂ ਹਾਂ, ਫਿਰ ਹੋਰ ਲੋਕਾਂ ਨੂੰ ਮਿਲ ਬੈਠਣ ਲਈ ਕੌਣ ਕਹੇ। ਜੇਕਰ ਦੇਸ਼ ਨੇ ਗੁਲਾਮ ਹੀ ਹੋਣਾ ਹੈ ਤੇ ਇਸ ਨੇ ਅਧੋਗਤੀ ਵਲ ਹੀ ਜਾਣਾ ਹੈ, ਤਦ ਇਹ ਕਰਤੇ ਦੀ ਰਜਾ ਹੈ। ਮੈਂ ਇਸ ਦੇ ਰਾਹ ਅੰਦਰ ਹੋਰ ਰੁਕਾਵਟ ਪੈਦਾ ਨਹੀਂ ਕਰ ਸਕਦਾ। ਮੇਰੇ ਸਾਹਮਣੇ ਇਕ ਐਸਾ ਰਾਸ਼ਟਰ ਸੀ ਜੋ ਸ਼ਕਤੀਸ਼ਾਲੀ ਲੋਕ ਸੇਵਕ, ਉਸਾਰੂ ਤੇ ਪੂਰੇ ਤੌਰ ਤੇ ਉਨਤ ਹੋਵੇ। ਬਾਹਰਲੀਆਂ ਤਾਕਤਾਂ ਉਸਨੂੰ ਮਾਰ ਨ ਸਕਣ, ਸਗੋਂ ਉਸ ਲਈ ਸਹਾਈ ਤੇ ਦੋਸਤ ਬਣਨ, ਮੇਰੇ ਦੇਸ਼ ਨੂੰ ਮਹਾਨ ਬਣਾਉਨ ਵਿਚ ਸਹਾਈ ਹੋ ਸਕਣ। ਜੇਕਰ ਸਮਾਂ ਮੇਰਾ ਸਾਥ ਨਹੀਂ ਦੇਂਦਾ, ਤਦ ਇਹ ਮੈਨੂੰ ਮਜ਼ਬੂਰ ਨਹੀਂ ਕਰ ਸਕਦਾ ਕਿ ਮੈਂ ਆਪਣੇ ਵਿਚਾਰ ਹੀ ਛਡ ਦਿਆਂ।

## ਧਾਰਮਕ ਮਹਾਨਤਾ

ਬਾਬਾ ਜੀ ਨੇ ਅਪਣੇ ਸਮੇਂ ਅੰਦਰ ਧਾਰਮਕ ਦੁਨੀਆਂ ਅੰਦਰ ਨਵੇਂ ਰੁੱਖ ਪੈਦਾ ਕੀਤੇ ਸਨ। ਆਪ ਦੇ ਸਮੇਂ ਵਿਚ ਧਾਰਮਕ ਵਿਚਾਰਾਂ ਦੀਆਂ ਕੀਮਤਾਂ ਸਿਖਰਾਂ ਤੇ ਪੁਜ ਗਈਆਂ ਸਨ। ਆਪ ਜੀ ਦੇ ਸੇਵਕ ਰਾਜਯੋਗੀ ਵੀ ਸਨ, ਤਪੀ ਵੀ ਸਨ, ਬਹਾਦਰ ਤੇ ਲੋਕ ਸੇਵਕ, ਤੇ ਪ੍ਰਜਾ ਤੰਤਰਵਾਦੀਏ ਵੀ ਸਨ। ਆਪ ਜੀ ਨੇ ਬਾਬਾ ਭਾਗ ਸਿੰਘ, ਜ਼ਿਲਾ ਰਾਵਲ ਪਿੰਡੀ ਨੂੰ ਹਥੀਂ ਅੰਮ੍ਰਿਤ ਪਾਨ ਕਰਵਾ ਕੇ, ਉਨ੍ਹਾਂ ਨੂੰ ਸਿਮਰਨ ਦੀਆਂ ਆਖਰੀ ਸਿਖਰਾਂ ਤਕ ਪੁਚਾਇਆ ਸੀ। ਬਾਬਾ ਭਾਗ ਸਿੰਘ ਨੇ ਇਕ ਵਾਰੀ ਕੇਵਲ ਆਪਣੇ ਮਹਾਨ ਸੇਵਕ, ਬਾਬਾ ਬੀਰ ਸਿੰਘ ਜੀ ਨੂੰ ਊਨੇ ਸਾਹਿਬ ਨੂੰ ਭੇਜਿਆ ਸੀ ਕਿ ਉਹ ਪ੍ਰਵਾਨਗੀ ਲਿਆਉਣ

ਕਿ ਉਹਨਾਂ ਦੀ ਚੋਣ ਦਰੁਸਤ ਹੈ ਤੇ ਬਾਬਾ ਬੀਰ ਸਿੰਘ ਜੀ ਹਰ ਤਰ੍ਹਾਂ ਨਾਲ ਉਹ ਯੋਗ ਤੇ ਦਰੁਸਤ ਮਹਾਨ ਮੰਦਰ ਹਨ ਜਿਸ ਵਿਚ ਸਤਿ ਸ਼ਬਦ ਤੇ ਸਤਿ ਸਰੂਪ ਆਤਮਾ ਦੀ ਜੋਤ ਨੂੰ ਪ੍ਰਕਾਸ਼ਤ ਕੀਤਾ ਜਾ ਸਕਦਾ ਹੈ। ਬਾਬਾ ਸਾਹਿਬ ਸਿੰਘ ਪਹਿਲੇ ਬੇਦੀ ਸਾਹਿਬਜ਼ਾਦੇ ਸਨ ਜਿਨ੍ਹਾਂ ਨੇ ਸਭ ਤੋਂ ਪਹਿਲਾਂ ਆਪ ਲੰਗਰ ਚਲਾਨ ਦੀ ਨੀਂਹ ਰੱਖੀ ਤੇ ਸੇਵਕਾਂ ਨੂੰ ਹੁਕਮ ਕੀਤਾ ਕਿ ਸਾਡਾ ਕੋਈ ਸੇਵਕ ਕਿਧਰੇ ਉਗਰਾਹੀ ਕਰਨ ਤੇ ਮੰਗਣ ਹਿਤ ਨਗਰਾਂ ਅੰਦਰ ਨਹੀਂ ਜਾਏਗਾ।

ਰਾਜ ਦੀ ਆਮਦ ਨਾਲ ਸਿਖਾਂ ਅੰਦਰ ਭੈੜੀਆਂ ਤੇ ਬੁਰੀਆਂ ਗੱਲਾਂ ਦਾ ਰਵਾਜ ਪੈਦਾ ਹੋ ਗਿਆ ਸੀ। ਸ਼ਰਾਬ ਤੇ ਹੋਰ ਨੀਵੀਆਂ ਗੱਲਾਂ ਆਮ ਸਨ ਤੇ ਰਾਜ ਮਦ ਅੰਦਰ ਆਮ ਮਨੁਖ ਨੂੰ ਨਜ਼ਰ ਆਉਣਾ ਹੀ ਹਟ ਗਿਆ ਸੀ। ਇਹੀ ਧੱਕੇ ਤੇ ਬੇਇਨਸਾਫੀਆਂ, ਗਰਜ਼ਾਂ ਹਿਤ ਦੂਸਰੇ ਨੂੰ ਤਬਾਹ ਕਰਨ ਦੇ ਮਨਸੂਬੇ ਆਖਰਕਾਰ ਸਿਖ ਰਾਸ਼ਟਰ ਦੀ ਬਰਬਾਦੀ ਦਾ ਕਾਰਣ ਬਣੇ। ਬਾਬਾ ਜੀ ਦੇ ਸੇਵਕ ਰਜੋ ਗੁਣੀ ਸ਼ਕਤੀਆਂ ਦੇ ਨਾਲ ਹੀ ਸਤੋ ਗੁਣੀ ਪ੍ਰਭਾਵ ਅਧਿਕ ਰਖਦੇ ਸਨ, ਸਿਮਰਨ ਸਾਧਨ ਤੇ ਸੇਵਾ - ਇਹ ਹਰ ਸਿੱਖ ਸੇਵਕ ਲਈ ਜ਼ਰੂਰੀ ਗੱਲਾਂ ਸਨ। ਬਾਬਾ ਜੀ ਲੰਗਰ ਦੀ ਪੰਗਤ ਵਿਚ ਬੈਠ ਕੇ ਪ੍ਰਸ਼ਾਦਿ ਛਕਦੇ ਸਨ। ਫਿਰ ਆਮ ਸੇਵਕਾਂ ਨੂੰ ਇਹ ਆਗਿਆ ਸੀ ਕਿ ਜੋ ਮਨ ਤੇ ਆਤਮਾ ਨੂੰ ਉਚਾ ਕਰਨਾ ਚਾਹੁੰਦਾ ਹੈ, ਉਹ ਲੰਗਰ ਦੀ ਸੇਵਾ ਕਰੇ ਕਿਉਂਕਿ ਇਸ ਛੋਟੀ ਸੇਵਾ ਨਾਲ ਮਨ ਦੇ ਵਕਾਰ ਵੀ ਘਟਦੇ ਹਨ ਤੇ ਹੰਕਾਰ ਵੀ ਪੈਦਾ ਨਹੀਂ ਹੁੰਦਾ।

ਬਾਬਾ ਜੀ ਇਹ ਜਾਣਦੇ ਸਨ ਕਿ ਸਿੱਖ ਰਾਜ ਦਰਬਾਰ ਪਾਸ ਬਹੁਤ ਸਾਰੇ ਲੋਕ ਆਪਣੇ ਕੰਮ ਤੇ ਗਰਜਾਂ ਹਿਤ ਵੀ ਜਾਂਦੇ ਹਨ ਪਰ ਬਾਬਾ ਜੀ ਦੀ ਆਗਿਆ, "ਸਾਡਾ ਕੋਈ ਸੇਵਾਦਾਰ ਕਦੇ ਕੋਈ ਖਾਹਸ਼ ਜਾਂ ਮੰਗ ਲੈ ਕੇ ਰਾਜ ਦਰਬਾਰ ਅੰਦਰ ਨਹੀਂ ਜਾਏਗਾ।" ਜਿਸ ਵੀ ਮਹਾਰਾਜੇ ਦੀ ਮਰਜ਼ੀ ਆਏ, ਉਹ ਕਿਸੇ ਵੀ ਥਾਂ ਪਰ ਆਪ ਜੀ ਨੂੰ ਦਰਸ਼ਨ ਭੇਟ ਕਰੇ। ਸੇਵਾ, ਸਿਮਰਨ ਤੇ ਚਲਣ ਦੀ ਮਹਾਨਤਾ, ਮੁਢਲੇ ਗੁਣ ਸਨ ਜੋ ਆਪ ਜੀ ਨੇ ਬਖਸ਼ਸ਼ ਵਜੋਂ ਹੀ ਲੋਕਾਂ ਨੂੰ ਦੇ ਦਿਤੇ ਸਨ। ਇਸਦਾ ਫਲ ਇਹ ਸੀ ਕਿ ਹਰ ਸ਼ਹਿਰ ਅੰਦਰ ਕੀ ਗ੍ਰਹਿਸਤੀ ਤੇ ਕੀ ਸਾਧੂ, ਹਰ ਨਦੀ ਕਿਨਾਰੇ, ਹਰ ਵਡੇ ਪਵਿਤਰ ਤਲਾਉ ਦੇ ਕੰਢੇ ਪਰ ਸੁਥ੍ਰਾ ਚਾਦਰਾਂ ਦੀਆਂ ਗਲਤੀਆਂ ਪਾ ਕੇ ਚੌਕੜਾ ਮਾਰੀ ਸਤਿ ਸ਼ਬਦ ਦੀ ਲਿਵ ਅੰਦਰ ਅਨੰਦ ਮਾਣਦੇ ਦਿਸਦੇ ਸਨ, ਜਿਵੇਂ ਮਾਨ ਸਰੋਵਰ ਪਰ ਹੰਸ ਸੋਭਾ ਦੇਂਦੇ ਹਨ।

ਜਿਥੇ-ਜਿਥੇ ਆਪ ਜੀ ਦਾ ਅਸਰ ਸੀ, ਉਥੇ ਉਥੇ ਹਰੀ ਕੀਰਤਨ ਤੇ ਹਰੀ ਦੀ ਚਰਚਾ ਫਿਰ ਕਥਾ ਵਿਚਾਰ ਇਸਦਾ ਪ੍ਰਵਾਹ ਚਲਦਾ ਸੀ। ਆਪ ਜੀ ਨੇ ਆਪਣੇ ਟੱਬਰ ਤੋਂ ਹੰਕਾਰ ਨਿਵਾਰਣ ਕਰਨ ਹਿਤ ਆਪਣੇ ਸਪੁਤਰ ਬਾਬਾ ਬਿਕਰਮ ਸਿੰਘ ਜੀ ਨੂੰ ਨੌਰੰਗਾਬਾਦ ਬਾਬਾ ਬੀਰ ਸਿੰਘ ਜੀ ਪਾਸ ਭੇਜਿਆ ਕਿ ਉਹ ਉਥੇ ਜਾ ਕੇ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨ। ਇਸ ਤਰ੍ਹਾਂ ਜਾਤ ਕੁਲ ਦਾ ਅਭਿਮਾਨ ਵੀ ਮਿਟਦਾ ਸੀ ਤੇ ਆਪ ਜੀ ਦੀ ਸਿੱਖੀ ਅੰਦਰ ਅਗਾਧ ਸ਼ਰਧਾ ਤੇ ਪਿਆਰ ਦਾ ਪਤਾ ਵੀ ਲਗਦਾ ਹੈ।

ਆਪ ਜੀ ਦੀ ਆਯੂ ਵਿਚ ਹੀ ਆਪ ਜੀ ਦੇ ਪ੍ਰਚਾਰ ਸੈਂਟਰ ਸਾਰੇ ਹੀ ਪੰਜਾਬ ਵਿਚ ਖੁਲ੍ਹ ਗਏ ਸਨ। ਉਨ੍ਹਾਂ ਅਸਥਾਨਾਂ ਨੂੰ ਲੋਕ ਦਮਦਮਾ ਸਾਹਿਬ, ਬਾਬਾ ਸਾਹਿਬ ਸਿੰਘ ਜੀ ਕਹਿੰਦੇ ਸਨ। ਇਨ੍ਹਾਂ ਗੁਰਦੁਆਰਿਆਂ ਰਾਹੀਂ ਆਪ ਜੀ ਲੋਕਾਂ ਨੂੰ ਸਾਰੀ ਆਯੂ, ਸਤਿ ਦਾ ਮਾਰਗ ਪ੍ਰਚਾਰਦੇ ਹੋਏ ਆਖਰੀ ਸਾਸ ਤਿਆਗ ਤੇ ਸਤਿ ਸਰੂਪ ਅੰਦਰ ਇਕ-ਮਿਕ ਹੋ ਗਏ। ਬਾਬਾ ਸਾਹਿਬ ਸਿੰਘ ਜੀ ਨੂੰ ਇਕ ਤਰ੍ਹਾਂ ਨਾਲ ਅਠਾਰ੍ਹਵੀਂ ਸਦੀ ਵਿਚ ਪੰਜਾਬ ਦਾ ਰਾਸ਼ਟਰ ਪਿਤਾ ਕਿਹਾ ਜਾਏ, ਤਦ ਇਹ ਕਿਸੇ ਵੀ ਤਰ੍ਹਾਂ ਗਲਤ ਨਹੀਂ ਹੋ ਸਕਦਾ। ਉਹ, ਹਰ ਉਹ ਢੰਗ ਕਰਤਵਯ ਤੇ ਕੋਸ਼ਿਸ਼ ਕਰਨ ਤੋਂ ਕਦੇ ਪਿਛੇ ਨਹੀਂ ਹਟਦੇ ਸਨ ਜਿਸ ਕਰਕੇ ਪੰਜਾਬ ਅੰਦਰ ਇਕ ਮਹਾਨ ਸ਼ਕਤੀਸ਼ਾਲੀ ਤੇ ਅਹਿੱਲ ਰਾਜ ਸਥਾਪਨ ਕੀਤਾ ਜਾਵੇ ਜਿਸ ਵਲ ਕੋਈ ਵੀ ਗੈਰ, ਅੱਖ ਉਠਾ ਕੇ ਨ ਤਕ ਸਕੇ ਤੇ ਉਸਦੀ ਛਾਂ ਹੇਠਾਂ ਪੰਜਾਬ ਦਾ ਹਰ ਵਸਨੀਕ ਸੁਖੀ ਪ੍ਰਫੁਲਤ ਹੋ ਕੇ ਪੂਰਨ ਤੌਰ ਪਰ ਇਸਨੂੰ ਆਪਣਾ ਰਾਜ ਕਹਿ ਸਕੇ।

*(ਗਿਆਨੀ ਮੇਹਰ ਸਿੰਘ ਰਚਿਤ*
*ਪੁਸਤਕ 'ਨੌ ਰਤਨ' ਵਿਚੋਂ ਧੰਨਵਾਦ ਸਹਿਤ)*

---

(ਪੰਨਾ 12 ਦੀ ਬਾਕੀ)

*ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ॥*
*ਜੈਸੀ ਆਗਿਆ ਤੈਸਾ ਕਰਮੁ॥*
*ਪਉਣ ਪਾਣੀ ਬੈਸੰਤਰ ਮਾਹਿ॥*
*ਚਾਰਿ ਕੁੰਟ ਦਹ ਦਿਸੇ ਸਮਾਹਿ॥*
*ਤਿਸ ਤੇ ਭਿੰਨ ਨਹੀ ਕੋ ਠਾਉ॥*
*ਗੁਰ ਪ੍ਰਸਾਦਿ ਨਾਨਕ ਸੁਖੁ ਪਾਉ॥* *ਪੰਨਾ - 293-94*

ਸੁਖ ਤੇ ਦੁਖ ਦੋ ਕਪੜੇ ਹਨ, ਜੋ ਮਨੁੱਖ ਨੇ ਪਹਿਨਣੇ ਹੀ ਹਨ ਪਰ ਪੂਰਨ ਗਿਆਨ ਹੋਣ ਤੇ ਦੁਖ ਤੇ ਸੁਖ ਸਮ ਹੋ ਜਾਇਆ ਕਰਦੇ ਹਨ। ਸੋ ਇਹ ਜੀਵਨ ਦੀ ਸਭ ਤੋਂ ਵੱਡੀ ਪ੍ਰਾਪਤੀ ਹੈ।

**ਸਿਧਾਂਤ** - 1. ਦੁਖ ਅਤੇ ਅਗਿਆਨ ਜੜ੍ਹ ਤੱਤਵ ਦਾ ਕੁਦਰਤੀ ਸੁਭਾਵ ਹੈ। ਮਾਇਆਕਾਰ ਬ੍ਰਿਤੀ ਵਿਚ ਦੁਖ ਦਾ ਨਿਤਾਂਤ ਨਿਵਾਸ ਹੈ। ਨਾਮ ਅਤੇ ਰੂਪ ਮਾਇਆ ਦੇ ਦੋ ਅੰਗ ਹਨ। ਪ੍ਰਕ੍ਰਿਤੀ ਤੋਂ ਨਿਰਲੇਪ, ਅਛੋਹ ਹੋਣ ਕਰਕੇ ਸਦੀਵ ਅਨੰਦਤ ਹੈ।

2. ਚੇਤਨ ਦਾ ਸੁਭਾਵ ਸਤਿ, ਚਿੱਤ, ਅਨੰਦ ਹੈ।

3. ਦੁਖ ਵਿਚ ਫਸਣਾ - ਚਾਰੇ ਅੰਤਸ਼ਕਰਣਾਂ, ਮਨ, ਚਿੱਤ, ਬੁੱਧ, ਅਹੰਭਾਵ ਅਤੇ ਇੰਦ੍ਰੀਆਂ ਤਥਾ ਸਰੀਰ ਵਿਚ ਇਨ੍ਹਾਂ ਦੇ ਵਿਸ਼ਿਆਂ - ਸ਼ਬਦ, ਸਪਰਸ਼, ਰੂਪ, ਰਸ, ਗੰਧ ਵਿਚ ਮਮਤਾ ਧਾਰਨ ਕਰ ਲੈਣਾ ਹੀ ਦੁਖ ਵਿਚ ਫਸਣਾ ਹੈ। ਜਦੋਂ ਤੀਕਰ ਹੰਗਤਾ ਮਮਤਾ ਦਾ ਗਿਆਨ ਦੇ ਪ੍ਰਕਾਸ਼ ਕਰਕੇ ਨਾਸ਼ ਨਹੀਂ ਹੁੰਦਾ, ਜੀਵ ਦੁਖੀ ਹੀ ਰਹੇਗਾ।

**ਦੁੱਖ ਦਾ ਖਾਤਮਾ** - ਦੁਖ ਦੇ ਨਿਤਾਂਤ ਅਭਾਵ ਦੀ ਅਵਸਥਾ ਆਪਣੇ ਸਰੂਪ ਸਥਿਤ ਦੀ ਪ੍ਰਾਪਤੀ ਅਰਥਾਤ ਜੜ੍ਹ ਤੱਤ੍ਹ ਤੋਂ ਆਪਣੇ ਆਪ ਨੂੰ ਸਰਵਦਾ ਭਿੰਨ ਕਰਕੇ ਨਿਰਵਿਕਲਪ, ਨਿਰਲੇਪ, ਸ਼ੁਧ; ਆਪਣੇ ਆਪ ਦਾ ਪ੍ਰਮਾਤਮਾ ਵਿਚ ਅਸਥਿਤ ਹੋਣਾ ਹੈ।

**ਉਪਾਅ** - ਦੁਖ ਦੇ ਨਿਤਾਂਤ ਅਭਾਵ ਦੀ ਅਵਸਥਾ ਸਰੂਪ ਸਥਿਤੀ ਅਰਥਾਤ ਜੜ੍ਹ ਤਤ੍ਹ ਤੋਂ ਆਪਣੇ ਆਪ ਨੂੰ ਸਰਬ ਥਾਂ ਭਿੰਨ ਕਰਕੇ, ਨਿਰਵਿਕਾਰ, ਨਿਰਲੇਪ, ਸ਼ੁਧ, ਸਤਿ, ਚਿੱਤ, ਆਨੰਦ ਪ੍ਰਮਾਤਮ ਰੂਪ ਵਿਚ, ਕਰਮ, ਉਪਾਸ਼ਨਾ, ਗਿਆਨ ਅਤੇ ਆਤਮ ਚਿੰਤਨ ਦੇ ਦ੍ਰਿੜ੍ਹ ਅਭਿਆਸ ਕਰਨ ਕਰਕੇ, ਆਤਮ ਸ਼ਾਖਸ਼ਾਤ ਕਰਨਾ ਹੈ। ਆਪਣੇ ਜੋਤਿ ਸਰੂਪ ਨੂੰ ਪ੍ਰਭੂ ਸਰੂਪ ਵਿਚ ਲੀਨ ਕਰਕੇ ਆਪਾ ਭਾਵ ਪੂਰਨ ਰੂਪ ਵਿਚ ਮਿਟਾ ਦੇਣਾ ਹੈ ਜਿਸ ਲਈ ਬ੍ਰਹਮ ਨੇਸ਼ਟੀ, ਬ੍ਰਹਮ ਬਕਤਾ, ਬ੍ਰਹਮ ਸ੍ਰੋਤਰੀ, ਸਚ ਆਚਾਰ ਦੇ ਧਾਰਨੀ ਪ੍ਰਵਾਨ ਹੋਏ ਗੁਰਮੁਖ ਦੀ ਸ਼ੁਭ ਭਾਵਨਾ ਅਤੇ ਜੀਅ ਦਾਨ ਬਖਸ਼ਣ ਵਾਲੀ ਆਤਮਕ ਮਿਹਰ ਦੀ ਲੋੜ ਹੈ।

*ਸੁਖ ਦੁਖ ਸਮ ਕਰਿ ਜਾਣੀਅਹਿ ਸਬਦਿ ਭੇਟਿ ਸੁਖੁ ਹੋਇ॥*
*ਪੰਨਾ - 57*

ਇਸ ਤਰ੍ਹਾਂ ਪਰਪੱਕ ਅਭਿਆਸ ਕਰਕੇ ਦੁਖ ਦਾ ਪੂਰਨ ਰੂਪ ਵਿਚ ਅਭਾਵ ਹੋ ਕੇ, ਜੀਵ ਆਪਣਾ ਜੀਵ ਭਾਵ ਖਤਮ ਕਰਕੇ, ਬ੍ਰਹਮ ਆਨੰਦ ਦੇ ਸਾਗਰ ਵਿਚ ਖੁਮਾਰੀ ਭਰੀਆਂ ਤਾਰੀਆਂ ਲਾਉਂਦਾ, ਵਾਹਿਗੁਰੂ ਰੂਪ ਹੀ ਹੋ ਜਾਇਆ ਕਰਦਾ ਹੈ।

# ਸੰਤ ਬਚਨ

*ਸੰਤ ਵਰਿਆਮ ਸਿੰਘ ਜੀ*
*ਬਾਨੀ ਤੇ ਮੁਖੀ ਵਿ. ਗੁ. ਰੂਹਾਨੀ. ਮਿਸ਼ਨ।*



ਸੰਤ ਮਹਾਰਾਜ (ਸ੍ਰੀ 108 ਸੰਤ ਈਸ਼ਰ ਸਿੰਘ ਜੀ ਮਹਾਰਾਜ) ਰਾੜੇ ਸਾਹਿਬ ਵਾਲੇ ਜੋ ਹਰ ਰੋਜ਼ ਚੰਡੀਗੜ੍ਹ ਵਿਚ ਦੀਵਾਨਾਂ ਦੇ ਸਮੇਂ ਸਵੇਰੇ, ਇਕ ਘੰਟਾ ਸੰਗਤਾਂ ਨੂੰ ਆਪਣੇ ਬਚਨਾਂ ਨਾਲ ਕ੍ਰਿਤਾਰਥ ਕਰਿਆ ਕਰਦੇ ਸਨ, ਅੱਜ ਆਪ ਜੀ ਨੂੰ ਬੇਨਤੀ ਕੀਤੀ ਕਿ ਮਹਾਰਾਜ ਜੀ, ਕੱਲ ਆਪ ਜੀ ਨੇ ਸਰੀਰ ਵਿਚ ਐਨਰਜੀ ਸੈਂਟਰਾਂ ਬਾਰੇ ਬਹੁਤ ਹੀ ਖੋਲ੍ਹ ਕੇ ਗਿਆਤ ਕਰਾਈ। ਜਿਸ ਤੋਂ ਅਸਾਡੇ ਅਨੇਕ ਕਿਸਮ ਦੇ ਸੰਸੇ ਦੂਰ ਹੋ ਗਏ। ਅਸਾਡੇ ਵਿਚੋਂ ਬਹੁਤ ਸਾਰੇ ਸਾਧਕ ਬਿਨਾਂ ਕਿਸੇ ਤੋਂ ਪੁੱਛੇ ਹੀ ਲੰਮੇ ਪ੍ਰਾਣਾਯਾਮ ਕਰਿਆ ਕਰਦੇ ਸਨ ਅਤੇ ਐਨਰਜੀ ਸੈਂਟਰਾਂ ਵਿਚ ਪ੍ਰਵੇਸ਼ ਕਰਨ ਦੀ ਇੱਛਿਆ ਰੱਖਿਆ ਕਰਦੇ ਸਨ ਪਰ ਅਸਾਡੇ ਇਹ ਸ਼ੰਕੇ ਦੂਰ ਹੋ ਗਏ, ਕਿਉਂਕਿ, ਇਹ ਸਾਧਨ ਬਹੁਤ ਹੀ ਬਿਖਮ ਸਨ, ਆਪ ਕ੍ਰਿਪਾ ਕਰਕੇ ਸਾਨੂੰ ਬਹੁਤ ਹੀ ਸੁਖੈਨ ਜੁਗਤੀ ਸੰਸਾਰ ਸਾਗਰ ਤੋਂ ਪਾਰ ਹੋਣ ਦੀ ਦੱਸਣ ਦੀ ਕ੍ਰਿਪਾ ਕਰੋ?

**ਉਤਰ** – ਸੰਤ ਮਹਾਰਾਜ ਜੀ ਨੇ ਫੁਰਮਾਇਆ ਕਿ ਕੁਝ ਮਾਨਸਿਕ ਸਾਧਨ ਹਨ ਜਿਨ੍ਹਾਂ ਦੇ ਕਰਨ ਕਰਕੇ ਜਗਿਆਸੂ, ਸੰਸਾਰ ਦੀਆਂ ਜ਼ਿੰਮੇਵਾਰੀਆਂ ਨਿਭਾਉਂਦਾ ਹੋਇਆ, ਨੌਕਰੀ, ਵਣਜ ਵਪਾਰ, ਖੇਤੀਬਾੜੀ ਆਦਿ ਕਰਦਾ ਹੋਇਆ; ਪੂਰਨ ਮਹਾਂਪੁਰਸ਼ਾਂ ਦੀ ਸੰਗਤ ਕਰਕੇ, ਸਹਿਜੇ ਹੀ ਸੰਸਾਰ ਤੋਂ ਪਾਰ ਹੋ ਸਕਦਾ ਹੈ। ਆਪ ਨੇ ਫੁਰਮਾਇਆ ਕਿ ਪਹਿਲਾ ਦਰਵਾਜ਼ਾ ਆਤਮ ਮਾਰਗ ਦਾ, ਜਿਸ ਦਾ ਨਾਮ **'ਵਿਵੇਕ'** ਹੈ, ਇਸ ਵਿਚੋਂ ਲੰਘਣਾ ਬਹੁਤ ਜ਼ਰੂਰੀ ਹੈ। ਦੂਜਾ ਦਰਵਾਜ਼ਾ **'ਵੈਰਾਗ'** ਹੈ। ਜਦੋਂ ਤਕ ਹਿਰਦੇ ਵਿਚ ਪੂਰਨ ਵੈਰਾਗ ਪੈਦਾ ਨਹੀਂ ਹੁੰਦਾ, ਮਾਇਆ ਦੀਆਂ ਪਕੜਾਂ ਤੋਂ ਛੁਟ ਨਹੀਂ ਸਕਿਆ ਕਰਦਾ। ਤੀਸਰਾ **'ਸ਼ਮ'** ਹੈ ਜਿਸ ਦੇ ਛੇ ਭੇਦ ਹਨ। ਚੌਥਾ **'ਦ੍ਰਿੜ ਜਗਿਆਸਾ'** ਹੈ। ਇਥੋਂ ਲੰਘ ਕੇ ਸਤਿਸੰਗ ਦਾ ਮੁਖ ਦੁਆਰ ਪ੍ਰਾਪਤ ਹੋ ਜਾਂਦਾ ਹੈ, ਜਿਸ ਰਾਹੀਂ ਅਗਲੇ ਸਾਧਨ ਕਰਕੇ ਜੋ ਸ੍ਰਵਣ, ਮੰਨਣ, ਨਿਧਿਆਸਣ ਅਤੇ ਆਪਣੇ ਸਰੂਪ ਦੀ ਗਿਆਤ ਹੈ, ਇਨ੍ਹਾਂ ਰਾਹੀਂ ਸਹਿਜੇ ਹੀ ਬਿਖੜਾ ਸਾਗਰ ਤਰਿਆ ਜਾ ਸਕਦਾ ਹੈ। ਹੁਣ ਤੁਸੀਂ ਇਕ-ਇਕ ਬਾਰੇ ਚਿਤ ਇਕਾਗਰ ਕਰਕੇ ਸ੍ਰਵਣ ਕਰੋ।

**1. ਵਿਵੇਕ** – ਇਹ ਆਤਮਾ ਅਬਿਨਾਸ਼ੀ ਹੈ। ਸਰੀਰ ਬਿਨਸ ਜਾਣ ਵਾਲਾ ਹੈ। ਜੋ ਵੀ ਸੰਸਾਰ ਵਿਚ ਆਇਆ ਹੈ, ਉਸਨੇ ਇਸ ਸੰਸਾਰ ਤੋਂ ਜਾਣਾ ਹੀ ਹੁੰਦਾ ਹੈ। ਇਸ ਕਰਕੇ ਸਰੀਰ ਨਾਸ਼ ਹੋਣ ਵਾਲੀ ਚੀਜ਼ ਹੈ। ਆਤਮਾ ਕੋਈ ਵੀ ਹਰਕਤ ਨਹੀਂ ਕਰਦਾ, ਇਹ ਪਰਿਪੂਰਨ ਸੰਸਾਰ ਵਿਚ ਵਿਦਮਾਨ ਹੈ ਤੇ ਸਦਾ ਹੀ ਨਾਸ਼ ਰਹਿਤ, ਇਕ ਰਸ, ਕਿਸੇ ਅਸਰਾਂ ਤੋਂ ਰਹਿਤ, ਅਚਾਹ, ਅਮਰ ਹੈ। ਸਰੀਰਧਾਰੀ ਜੋ ਵੀ ਸੰਸਾਰ ਵਿਚ ਆਇਆ, ਉਹ ਚਲਿਆ ਗਿਆ, ਸਰੀਰ ਉਸਦਾ ਨਾਸ਼ ਹੋ ਗਿਆ। ਇਸ ਗਿਆਨ ਨੂੰ ਹਿਰਦੇ ਵਿਚ ਪੂਰੀ ਸ਼ਰਧਾ ਦੇ ਨਾਲ ਸਮਝ ਸੋਚ ਕੇ ਵਸਾ ਲੈਣਾ, ਵਿਵੇਕ ਕਹਾਇਆ ਕਰਦਾ ਹੈ ਅਤੇ ਹੰਸ ਬਿਰਤੀ ਧਾਰਨ ਕਰਕੇ, ਸਤਿ ਤੇ ਅਸਤਿ ਦਾ ਨਿਰਨਾ ਕਰਦੇ ਰਹਿਣਾ ਅਤੇ ਅਸਤਿ ਦਾ ਤਿਆਗ ਕਰਨਾ ਨਿਤ ਕਰਮ ਹੋਇਆ ਕਰਦਾ ਹੈ। ਜਿਵੇਂ ਹੰਸ ਦੇ ਸਾਹਮਣੇ ਜੇ ਉਸਦੇ ਪੀਣ ਵਾਸਤੇ ਦੁੱਧ ਰੱਖੋ ਤਾਂ ਉਹ ਆਪਣੀ ਚੁੰਝ ਇਕ ਵਾਰ ਦੁੱਧ ਵਿਚ ਪਾ ਕੇ ਪਿਛੇ ਹਟ ਕੇ ਇੰਤਜ਼ਾਰ ਕਰਦਾ ਹੈ, ਦੁੱਧ ਫਟ ਜਾਂਦਾ ਹੈ ਤੇ ਪਾਣੀ ਨੂੰ ਛੱਡ ਕੇ ਪਨੀਰ ਵੱਖਰਾ ਹੋ ਜਾਂਦਾ ਹੈ। ਹੰਸ ਅੱਗੇ ਵਧ ਕੇ ਪਨੀਰ ਖਾ ਲੈਂਦਾ ਹੈ ਤੇ ਪਾਣੀ ਨੂੰ ਛੱਡ ਦਿੰਦਾ ਹੈ। ਇਸੇ ਤਰ੍ਹਾਂ ਦੇ ਨਾਲ ਇਸ ਸੰਸਾਰ ਵਿਚ ਇਕ ਨਿਤ ਪਦਾਰਥ ਹੈ ਅਤੇ ਦੂਜਾ ਅਨਿਤ ਪਦਾਰਥ ਹੈ। ਨਿਤ ਪਦਾਰਥ ਪਰਿਪੂਰਨ ਆਤਮਾ ਆਪਣਾ ਸਰੂਪ, ਆਪਣਾ ਆਪਾ ਹੈ, ਜੋ ਜੰਮਣ ਮਰਨ ਤੋਂ, ਹਰਖ ਸੋਗ ਤੋਂ, ਹਾਣ ਲਾਭ ਤੋਂ, ਨਿੰਦਾ ਉਸਤਤਿ ਤੋਂ ਸਦੀਵ ਨਿਆਰਾ ਰਹਿੰਦਾ ਹੈ। ਉਹ ਇਕ ਰਸ, ਅਮਰ, ਨਿਰ-ਚਾਹ ਆਪਣਾ ਆਪਾ ਹੈ। ਪ੍ਰਕ੍ਰਿਤੀ, ਜਿਸ ਵਿਚ ਨਾਮ ਤੇ ਰੂਪ ਦੋਨੋਂ ਹਨ, ਇਹ ਸਦੀਵ ਨਾਸ਼ ਨੂੰ ਪ੍ਰਾਪਤ ਹੁੰਦੀ ਹੈ ਅਤੇ ਇਸਦੀ ਕੋਈ ਸ਼ਕਲ ਸਥਿਰ ਨਹੀਂ ਹੈ। ਇਹ ਗੌਣ ਵਸਤੂ ਹੈ। ਇਹ ਆਪਣਾ ਆਪਾ ਨਹੀਂ ਹੈ। ਆਤਮਾ ਨੇ ਥੋੜ੍ਹੇ ਸਮੇਂ ਲਈ ਇਸਨੂੰ ਸਤਾ ਦੇ ਰਖੀ ਸੀ। ਸਮਾਂ ਆਉਣ ਤੇ ਇਹ ਸਾਰਾ ਪਰਪੰਚ ਨਾਸ਼ ਹੋ ਜਾਇਆ ਕਰਦਾ ਹੈ।



ਸੋ ਸਮਝਣ ਵਾਲੀ ਬਾਤ ਇਹ ਹੈ ਕਿ ਆਤਮਾ ਅਬਿਨਾਸ਼ੀ ਹੈ, ਇਸ ਦਾ ਨਾਸ਼ ਨਹੀਂ ਹੁੰਦਾ। ਸੰਸਾਰ ਆਤਮਾ ਤੋਂ ਉਲਟ ਚਲਣ ਵਾਲਾ ਹੈ ਤੇ ਸੰਸਾਰ ਕਦੇ ਵੀ ਸਥਿਰ ਨਹੀਂ ਰਹਿੰਦਾ, ਇਹ ਨਾਸ਼ਵਾਨ ਚੀਜ਼ ਹੈ, ਇਸਦਾ ਦ੍ਰਿੜ ਗਿਆਨ ਹੋ ਜਾਣਾ ਵਿਵੇਕ ਕਹਾਉਂਦਾ ਹੈ। ਜਿਵੇਂ ਕਿਸੇ ਉਚੇ ਮੰਦਰ ਤੇ ਚੜ੍ਹਨ ਲਈ ਪੌੜੀਆਂ ਹੁੰਦੀਆਂ ਹਨ, ਇਸੇ ਤਰ੍ਹਾਂ ਨਾਲ ਆਤਮ ਮਾਰਗ ਦੀ ਪ੍ਰਾਪਤੀ ਲਈ, ਵਿਵੇਕ ਪਹਿਲੀ ਪੌੜੀ ਹੈ। ਜਿੰਨਾਂ ਚਿਰ ਹਿਰਦੇ ਵਿਚ ਵਿਵੇਕ ਉਤਪੰਨ ਨਹੀਂ ਹੁੰਦਾ, ਉਤਨੀ ਦੇਰ ਤਕ ਰੂਹਾਨੀ ਮਾਰਗ ਉਤੇ ਅਗਲੇ ਪੜਾਅ ਦੀ ਪਹੁੰਚ ਅਸੰਭਵ ਹੈ। ਇਸ ਲਈ ਜਗਿਆਸੂ ਨੂੰ ਉਚਿਤ ਹੈ ਕਿ ਉਹ ਹਿਰਦੇ ਵਿਚ ਪੂਰਨ ਤੌਰ ਉਤੇ ਵਿਵੇਕ ਧਾਰਨ ਕਰੇ ਅਤੇ ਸੰਸਾਰ ਵਿਚ ਜਿੰਨੇ ਵੀ ਉਸਦੇ ਪੁਤਰਾਂ, ਧੀਆਂ, ਰਿਸ਼ਤੇਦਾਰਾਂ, ਬਰਾਦਰੀਆਂ, ਦੇਸ਼ਾਂ, ਕੌਮਾਂ ਦੇ ਬੰਧਨ ਹਨ, ਉਹਨਾਂ ਨੂੰ ਪੂਰੀ ਤਰ੍ਹਾਂ ਨਾਲ ਅਸਾਰ ਜਾਣ ਕੇ ਸਤਿ ਪਦਾਰਥ ਵਾਹਿਗੁਰੂ ਜੀ ਨਾਲ, ਸਦਾ ਜੁੜਿਆ ਰਹੇ।

**2. ਵੈਰਾਗ** – ਦੂਸਰਾ ਜ਼ਰੂਰੀ ਸਾਧਨ ਵੈਰਾਗ ਹੈ। ਜਦੋਂ ਤਕ ਆਦਮੀ ਦੇ ਮਨ ਵਿਚ ਵੈਰਾਗ ਦੀ ਉਤਪਤੀ ਨਹੀਂ ਹੁੰਦੀ, ਉਹ ਮਾਇਆ ਦੇ ਬੰਧਨ ਕਿਸੇ ਵੀ ਤਰੀਕੇ ਨਾਲ ਕੱਟ ਨਹੀਂ ਸਕਦਾ। ਉਸਦੀ ਬਿਰਤੀ ਛੋਟੇ-ਛੋਟੇ ਭੋਗਾਂ ਤੋਂ ਲੈ ਕੇ ਵੱਡੇ ਸਵਰਗ ਆਦਿ ਦੇ ਭੋਗਾਂ ਦਾ ਸਿਮਰਨ ਕਰਦੀ ਹੀ ਰਹੇਗੀ ਅਤੇ ਵਾਸ਼ਨਾਵਾਂ ਨੂੰ

ਜਨਮ ਦਿੰਦੀ ਰਹੇਗੀ। ਜਦੋਂ ਤਕ ਆਦਮੀ ਦੇ ਮਨ ਵਿਚ ਵਾਸ਼ਨਾ ਦੀ ਮਧਾਣੀ ਘੁੰਮਦੀ ਹੈ, ਉਨੀਂ ਦੇਰ ਤਕ ਉਸਦਾ ਚਿਤ ਕਿਸੇ ਪ੍ਰਕਾਰ ਵੀ ਇਕਾਗਰ ਨਹੀਂ ਹੁੰਦਾ। ਵਾਸ਼ਨਾਵਾਂ ਦੀ ਸ਼ਕਤੀ ਐਨੀ ਪ੍ਰਬਲ ਹੈ ਕਿ ਇਹ ਲੱਖ ਜਤਨ ਕਰਨ ਤੇ ਵੀ ਪਿੱਛਾ ਨਹੀਂ ਛਡਦੀ।

ਇਸ ਪਰ ਇਕ ਸਾਖੀ ਦੱਸਦੇ ਹਾਂ ਕਿ ਰਾਜਾ ਭਰਥਰੀ ਨੂੰ ਕਿਸੇ ਕਾਰਨ ਕਰਕੇ ਤੀਬਰ-ਤਰ-ਤਮ, ਅੰਤਮ ਦਰਜੇ ਦਾ ਵੈਰਾਗ ਹੋ ਗਿਆ ਅਤੇ ਉਸਦਾ ਚਿਤ ਸੰਸਾਰ ਦੇ ਭੋਗਾਂ ਵਲੋਂ ਮੁੜ ਗਿਆ। ਰਾਜ ਭਾਗ ਛੱਡ ਕੇ, ਪਦਮਨੀ ਰਾਣੀਆਂ ਦਾ ਤਿਆਗ ਕਰਕੇ, ਹੀਰੇ ਜਵਾਹਰਾਤ ਤੇ ਸੁੰਦਰ ਭੂਸ਼ਣਾਂ ਦਾ ਤਿਆਗ ਕਰਕੇ, ਜੰਗਲਾਂ ਵਿਚ ਰਹਿ ਕੇ, ਸਾਧਨ ਸ਼ੁਰੂ ਕਰ ਦਿਤੇ। ਇਥੋਂ ਤਕ ਕਿ ਸਰੀਰ ਉਪਰ ਕੋਈ ਵੀ ਬਸਤਰ ਨਾ ਰੱਖਿਆ, ਬਸਤੀਆਂ ਵਿਚ ਜਾਣਾ ਬਿਲਕੁਲ ਬੰਦ ਕਰ ਦਿਤਾ। ਜੰਗਲ ਵਿਚੋਂ ਕੰਦ ਮੂਲ ਚੁਣ ਕੇ ਨਿਰਬਾਹ ਕਰਨ ਲੱਗਿਆ। ਹਰ ਵਕਤ ਵੈਰਾਗ ਦੀ ਦਸ਼ਾ ਵਿਚ ਭ੍ਰਮਣ ਕਰਦਾ ਸੀ। ਹੱਥਾਂ ਦਾ ਉਂਜਲ (ਓਕ) ਬਣਾ ਕੇ ਪਾਣੀ ਪੀ ਲੈਂਦਾ ਸੀ ਅਤੇ ਕੋਈ ਚੀਜ਼ ਵੀ ਆਪਣੇ ਪਾਸ ਨਹੀਂ ਰੱਖਦਾ ਸੀ। ਇਕ ਦਿਨ ਜਦੋਂ ਉਹ ਸਾਧਨ ਕਰ ਰਿਹਾ ਸੀ, ਅੰਮ੍ਰਿਤ ਵੇਲੇ ਘਾਹ ਉਤੇ ਤਰੇਲ ਦੇ ਪੈਣ ਨਾਲ ਅਤੇ ਇਸ ਉਪਰ ਚੰਦ ਦੀ ਪੂਰੀ ਚਾਨਣੀ ਦਾ ਪ੍ਰਤੀਬਿੰਬ ਇਉਂ ਦਰਸਾ ਰਿਹਾ ਸੀ ਜਿਵੇਂ ਇਕੱਲੇ-ਇਕੱਲੇ ਘਾਹ ਦੇ ਤਿਣਕੇ ਉਤੇ ਮੋਤੀਆਂ ਨੇ, ਹੀਰਿਆਂ ਨੇ ਆਪਣੇ ਵਿਸਰਾਮ ਲਈ ਡੇਰੇ ਲਾ ਲਏ ਹੋਣ। ਬਹੁਤ ਸੁੰਦਰ ਅਨੰਦਮਈ ਦ੍ਰਿਸ਼ ਚਾਰੇ ਪਾਸੇ ਫੈਲਿਆ ਹੋਇਆ ਸੀ ਅਤੇ ਮਨ ਨੂੰ ਮੋਹਿਤ ਕਰ ਰਿਹਾ ਸੀ। ਉਸੇ ਸਮੇਂ ਇਕ ਨਿੱਕੇ ਜਿਹੇ ਬੂਟੇ ਉਤੇ ਇਕ ਲਾਲ ਰੰਗ ਦੀ ਚਮਕਦਾਰ ਵਸਤੂ ਨਜ਼ਰ ਆਈ। ਭਰਥਰੀ ਜੀ ਦੇ ਮਨ ਵਿਚ ਫੁਰਨਾ ਆਇਆ ਕਿ ਇਹ ਤਾਂ ਅਮੁੱਲ ਲਾਲ ਹੈ ਜੋ ਸੰਸਾਰ ਵਿਚ ਮਿਲਣਾ ਅਸੰਭਵ ਹੈ। ਇਸੇ ਵਹਿਣ ਵਿਚ ਪਏ ਨੇ ਹੱਥ ਵਧਾਇਆ ਤੇ ਲਾਲ ਨੂੰ ਚੁੱਕਣ ਲਗਿਆ ਤਾਂ ਹੈਰਾਨ ਰਹਿ ਗਿਆ ਕਿ ਇਹ ਲਾਲ ਨਹੀਂ, ਇਹ ਤਾਂ ਇਕ ਬਹੁਤ ਹੀ ਭਰਮ ਪਾਉਣ ਵਾਲਾ ਮਾਇਆ ਦਾ ਛਲ ਹੈ। ਕਿਸੇ ਨੇ ਪਾਨ ਖਾ ਕੇ ਥੁਕਿਆ ਹੋਇਆ ਸੀ, ਜੋ ਚਾਂਦਨੀ ਵਿਚ ਕਣ-ਕਣ ਵਿਚੋਂ ਰੋਸ਼ਨੀ ਦੀਆਂ ਕਿਰਣਾਂ ਛੱਡਦਾ ਹੋਇਆ ਅਮੁੱਲ ਲਾਲ ਪ੍ਰਤੀਤ ਦੇ ਰਿਹਾ ਸੀ। ਸਾਰੀ ਗੱਲ ਸਮਝ ਕੇ ਭਰਥਰੀ ਦਾ ਮਨ ਬਹੁਤ ਹੀ ਵੈਰਾਗਮਈ ਹੋ ਗਿਆ ਅਤੇ ਬਹੁਤ ਹੀ ਪਛਤਾਇਆ ਕਿ ਮੈਂ ਰਾਜ-ਭਾਗ ਛੱਡ ਦਿਤਾ, ਪਦਮਨੀ ਰਾਣੀਆਂ ਛੱਡ ਦਿਤੀਆਂ, ਸੇਜਾਂ ਦੇ ਸੁਖਾਂ ਨੂੰ ਛੱਡ ਕੇ, ਸੰਸਾਰਿਕ ਸੁਖਾਂ ਨੂੰ ਲੱਤ ਮਾਰ ਕੇ, ਪਿੱਠ ਦੇ ਆਇਆ ਪਰ ਅਜੇ ਤਕ ਮੇਰੇ ਮਨ ਦੇ ਅੰਦਰ ਕਪਟ ਭਰੀ ਵਾਸ਼ਨਾ ਜਿਉਂਦੀ ਹੈ। ਉਸ ਵੇਲੇ ਆਪ ਜੀ ਨੇ ਫੁਰਮਾਨ ਕੀਤਾ -

*ਮਨ ਰਿਪੁ ਜੀਤੇ ਸਭੁ ਰਿਪੁ ਜੀਤੇ॥*
*ਮਨ ਰਿਪੁ ਜੀਤੇ ਸਭੁ ਰਿਪੁ ਜੀਤੇ॥* **(ਬੈਰਾਗ ਸ਼ਤਕ)**

ਮਨ ਦੁਸ਼ਮਣ ਜਿਉਂਦੈ ਤਾਂ ਸਾਰੇ ਦੁਸ਼ਮਣ ਜਿਉਂਦੇ ਨੇ। ਮਨ ਨੂੰ ਜਿੱਤ ਲਿਆ ਤਾਂ ਸਾਰੇ ਦੁਸ਼ਮਣ ਜਿੱਤ ਲਏ। ਸੋ ਇਸਦੇ ਵਿਪਰੀਤ ਜਦੋਂ ਮਨ ਐਨਾ ਦ੍ਰਿੜ ਹੋ ਜਾਵੇ ਕਿ ਸੰਸਾਰ ਦੇ ਸੁੱਖਾਂ ਤੋਂ ਲੈ ਕੇ ਬ੍ਰਹਮ ਲੋਕ ਤਕ ਦੇ ਸੁਖਾਂ ਨੂੰ ਗੰਦਗੀ ਸਮਾਨ ਸਮਝੇ, ਉਸ ਮਾਨਸਿਕ ਅਵਸਥਾ ਦਾ ਨਾਮ ਵੈਰਾਗ ਕਹਾਉਂਦਾ ਹੈ, ਜਿਸ ਬਾਰੇ ਵਿਚਾਰ ਸਾਗਰ ਦਾ ਇਕ ਦੋਹਰਾ ਹੈ -

*ਬ੍ਰਹਮ ਲੋਕ ਲੌ ਭੋਗ ਜੋ ਚਹੈ ਸਭਨ ਕੋ ਤਿਆਗ॥*
*ਵੇਦ ਅਰਥ ਗਿਆਤਾ ਮੁਨੀ ਕਹਤ ਤਾਹਿ ਵੈਰਾਗ॥*
*ਵਿਚਾਰ ਸਾਗਰ, ਪੰਨਾ - 5*

ਹੁਣ ਇਹ ਸਮਝਣ ਵਾਲੀ ਗੱਲ ਹੈ ਕਿ ਇਸ ਤਰ੍ਹਾਂ ਤਾਂ ਅਸੀਂ ਘਰ ਬਾਰ ਛੱਡ ਦਿਤਾ ਅਤੇ ਭਰਥਰੀ ਵਾਂਗੂੰ ਅਤੀਤ ਹੋ ਕੇ, ਜੰਗਲਾਂ ਵਿਚ ਫਿਰਨ ਵਾਲੇ ਹੋ ਗਏ; ਐਸੀ ਬਾਤ ਨਹੀਂ ਕਿਉਂਕਿ ਸਾਰਾ ਸਬੰਧ ਮਨ ਨਾਲ ਹੋਇਆ ਕਰਦਾ ਹੈ -

*ਮਮਾ ਮਨ ਸਿਉ ਕਾਜੁ ਹੈ*
*ਮਨ ਸਾਧੇ ਸਿਧਿ ਹੋਇ॥*
*ਮਨ ਹੀ ਮਨ ਸਿਉ ਕਹੈ ਕਬੀਰਾ*
*ਮਨ ਸਾ ਮਿਲਿਆ ਨ ਕੋਇ॥* *ਪੰਨਾ - 342*

ਜੇ ਮਨ ਸਾਧ ਲਿਆ ਤਾਂ ਸਾਰੇ ਫ਼ਰਜ਼ ਨਿਭਾਉਂਦਾ ਹੋਇਆ ਅੰਦਰੋਂ ਵਿਵੇਕ ਤੇ ਵੈਰਾਗ ਦੀ ਬਿਰਤੀ ਧਾਰਨ ਕਰਕੇ ਰਖੇ ਅਤੇ ਪਰਿਵਾਰ ਤੇ ਲੋਕਾਂ ਨਾਲ ਠਾਠਾ ਬਾਗਾ ਰੱਖੇ। ਕਿਸੇ ਚੀਜ਼ ਵਿਚ ਮਨ ਨੂੰ ਰੁਚਿਤ ਨਾ ਕਰੇ, ਕੋਈ ਵਾਸ਼ਨਾ ਮਨ ਵਿਚ ਨਾ ਲਿਆਵੇ, ਅਤੇ ਪਰਮ ਪਦ ਦੀ ਪ੍ਰਾਪਤੀ ਦੀ ਪ੍ਰਬਲ ਇੱਛਾ ਅਤੇ ਉਸਦੇ ਸਾਧਨਾਂ ਨੂੰ ਪਹਿਲ ਦੇਣ ਦਾ ਦ੍ਰਿੜ ਇਰਾਦਾ ਸਦਾ ਧਾਰਨ ਕਰਕੇ ਰੱਖੇ। ਸੋ ਇਸ ਤਰ੍ਹਾਂ ਨਾਲ ਇਹ ਉਪਰ ਕਥੇ ਦੋ ਸਾਧਨ ਪਹਿਲੀ ਅਤੇ ਦੂਜੀ ਪੌੜੀ ਹਨ ਜੋ ਪ੍ਰਮ ਪਦ ਦੀ ਪ੍ਰਾਪਤੀ ਦੇ ਲਈ ਆਵੱਸ਼ਕ ਹਨ।

**3. ਸ਼ਮ** - ਇਸ ਦੇ ਛੇ ਲੱਛਣ ਹਨ - ਇਨ੍ਹਾਂ ਨੂੰ ਮਹਾਂਪੁਰਸ਼ਾਂ ਨੇ ਕਥਨ ਕੀਤਾ ਹੈ -

*ਸ਼ਮ ਦਮ ਸ਼੍ਰਧਾ ਤੀਸਰੀ ਸਮਾਧਾਨ ਉਪਰਾਮ॥*
*ਛਠੀ ਤਿਤੀਕਸ਼ਾ ਜਾਨਿਏਂ ਭਿੰਨ ਭਿੰਨ ਯਹ ਨਾਮ॥*
*ਵਿਚਾਰ ਸਾਗਰ, ਪੰਨਾ - 5*

ਸੰਸਾਰ ਦੇ ਵਿਸ਼ਿਆਂ ਵਲੋਂ ਰੋਕ ਕੇ ਮਨ ਦਾ ਝੁਕਾਮ ਵਿਸ਼ਿਆਂ ਵਲ ਨਾ ਹੋਣ ਦਾ ਨਾਮ ਸ਼ਮ ਹੈ। ਜਿਵੇਂ ਕਿ ਹਿੰਸਾ ਨਾ ਕਰੇ, ਝੂਠ ਨਾ ਬੋਲੇ, ਚੋਰੀ ਨਾ ਕਰੇ, 'ਇਕਾ ਨਾਰੀ ਸਦਾ ਜਤੀ' ਦੇ ਸ੍ਰੇਸ਼ਟ ਗੁਣ ਨੂੰ ਧਾਰਨ ਕਰਨਾ, ਧੀਰਜਵਾਨ ਰਹੇ, ਦਇਆ ਧਾਰਨ ਕਰੇ, ਕੋਮਲ ਹਿਰਦੇ ਵਾਲਾ ਹੋਵੇ, ਸਭ ਨੂੰ ਚੰਗਾ ਉਪਦੇਸ਼ ਦੇਵੇ, ਅਲਪ ਆਹਾਰ ਛਕੇ, ਸਰੀਰ, ਮਨ, ਬੁੱਧੀ ਦਾ ਇਸ਼ਨਾਨ ਨਿਤ ਕਰਾਵੇ। ਜਲ ਨਾਲ ਇਸ਼ਨਾਨ ਕਰਨਾ ਸਰੀਰ ਦਾ ਇਸ਼ਨਾਨ ਹੈ। ਰਾਗ, ਦ੍ਵੈਸ਼, ਈਰਖਾ, ਵੈਰ, ਕਪਟ, ਛਲ, ਧੋਖਾ; ਇਹ ਮਨ ਵਿਚੋਂ ਕੱਢ ਕੇ ਸਰਬੱਤ ਦੇ ਭਲੇ ਦੀ ਭਾਵਨਾ ਰੱਖਣੀ, ਮਨ ਦਾ ਇਸ਼ਨਾਨ ਹੈ। ਸਤਿ ਸ਼ਾਸ਼ਤਰ, ਮਹਾਂਪੁਰਸ਼ਾਂ ਦੇ ਬਚਨ, ਗੁਰਬਾਣੀ ਦੇ ਸਿਧਾਂਤ ਸਦਾ ਹਿਰਦੇ ਵਿਚ ਧਾਰ ਕੇ ਰੱਖਣੇ, ਇਹ ਬੁੱਧੀ ਦਾ ਇਸ਼ਨਾਨ ਹੈ। ਸੋ ਮਨ ਨੂੰ ਵਿਸ਼ਿਆਂ ਵਲੋਂ ਸਦਾ ਹੀ ਰੋਕ ਕੇ ਰੱਖਣਾ, ਇਸਨੂੰ ਸ਼ਮ ਕਹਿੰਦੇ ਹਨ।

**ਦਮ** - ਪੰਜ ਕਰਮ ਇੰਦ੍ਰਿਆਂ ਦੀ ਸ਼ੁਧਤਾ ਰਖਣੀ ਅਤੇ ਪੰਜੇ ਗਿਆਨ ਇੰਦਰੀਆਂ ਨੂੰ ਇਨ੍ਹਾਂ ਦੇ ਵਿਸ਼ਿਆਂ - ਸ਼ਬਦ, ਸਪਰਸ਼, ਰੂਪ, ਰਸ, ਗੰਧ ਦੇ ਅਨੁਭਵਾਂ ਤੋਂ ਰੋਕ ਕੇ ਰਖਣਾ, ਦਮ ਹੋਇਆ ਕਰਦਾ ਹੈ।

**ਸ਼ਰਧਾ** - ਤੱਤ ਬੇਤੇ ਮਹਾਂਪੁਰਸ਼ਾਂ ਦੇ ਬਚਨ, ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਰਾਹੀਂ ਪ੍ਰਾਪਤ ਹੋਏ ਬਚਨ ਪੂਰੀ ਤਰ੍ਹਾਂ ਨਾਲ ਸਤਿ ਕਰਕੇ ਮੰਨਣੇ ਅਤੇ ਉਨ੍ਹਾਂ ਉਤੇ ਪੂਰਨ ਵਿਸ਼ਵਾਸ਼ ਧਾਰਨ ਕਰਨਾ, ਗੁਰੂ ਨੂੰ ਪ੍ਰਮੇਸ਼ਰ ਜਾਨਣਾ, ਇਸ ਦਾ ਨਾਮ ਸ਼ਰਧਾ ਹੈ।

**ਸਮਾਧਾਨ** - ਮਨ ਵਿਚ ਵਿਖਸ਼ੇਪਤਾ ਪੈਦਾ ਹੋ ਜਾਣੀ ਜਿਵੇਂ ਕਿ ਗੁਰੂ ਮਹਾਰਾਜ ਜੀ ਫੁਰਮਾਉਂਦੇ ਹਨ ਕਿ ਇਹ ਸੰਸਾਰ ਵਾਹਿਗੁਰੂ ਦਾ ਰੂਪ ਹੈ -

*ਏਹੁ ਵਿਸੁ ਸੰਸਾਰੁ ਤੁਮ ਦੇਖਦੇ*
*ਏਹੁ ਹਰਿ ਕਾ ਰੂਪੁ ਹੈ*
*ਹਰਿ ਰੂਪੁ ਨਦਰੀ ਆਇਆ॥* ਪੰਨਾ - 922 ਜਾਂ

*ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ॥*
*ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ॥*
ਪੰਨਾ - 677 ਜਾਂ

*ਪੇਖਤ ਸੁਨਤ ਸਦਾ ਹੈ ਸੰਗੇ*
*ਮੈ ਮੂਰਖ ਜਾਨਿਆ ਦੂਰੀ ਰੇ॥* ਪੰਨਾ - 612 ਜਾਂ

*ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ॥*
*ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ॥*
ਪੰਨਾ - 1382 ਜਾਂ

*ਵਵਾ ਵੈਰੁ ਨ ਕਰੀਐ ਕਾਹੂ॥*
*ਘਟ ਘਟ ਅੰਤਰਿ ਬ੍ਰਹਮ ਸਮਾਹੂ॥* ਪੰਨਾ - 259 ਜਾਂ

*ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ॥*
*ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ॥*
ਪੰਨਾ - 1364

ਅਜਿਹੇ ਸਿਧਾਤਾਂ ਨੂੰ ਸਤਿ ਕਰਕੇ ਨਾ ਮੰਨਣਾ ਅਤੇ ਆਪਣੇ ਮਨ ਦੀ ਮਤ ਦਾ ਤਿਆਗ ਨਾ ਕਰਨਾ - ਇਹ ਸ਼ਰਧਾ ਦੇ ਰਸਤੇ ਵਿਚ ਬਹੁਤ ਹੀ ਵੱਡੀ ਰੁਕਾਵਟ ਹੈ ਜੋ ਜਗਿਆਸੂ ਨੂੰ ਅੱਗੇ ਨਹੀਂ ਚਲਣ ਦਿੰਦੀ। ਅਜਿਹੇ ਸ਼ੰਕਿਆਂ ਨੂੰ ਤੱਤ ਬੇਤੇ ਮਹਾਂਪੁਰਸ਼ਾਂ ਦੀ ਸੰਗਤ ਵਿਚ ਜਾ ਕੇ, ਪੂਰਨ ਰੂਪ ਵਿਚ ਨਵਿਰਤ ਕਰਨਾ ਤੇ ਕਰਾਉਣਾ, ਸਮਾਧਾਨ ਕਹਾਇਆ ਕਰਦਾ ਹੈ। ਜੇ ਇਹ ਸ਼ੰਕੇ ਕੁਸੰਗਤ ਦੇ ਬਲ ਕਰਕੇ ਮਾੜੇ, ਰਾਗ ਤੇ ਦ੍ਵੈਸ਼ ਦੇ ਭਰੇ ਲਿਟਰੇਚਰ ਦੇ ਪੜ੍ਹਨ ਨਾਲ, ਹਿਰਦੇ ਵਿਚ ਜੜ੍ਹਾਂ ਫੜ ਲੈਣ ਅਤੇ ਗੁਰੂ ਸਿਧਾਂਤ ਨੂੰ ਛੱਡ ਕੇ ਆਪਣੇ ਮਨ ਦੀ ਮਤਿ ਦੇ ਮੁਤਾਬਿਕ ਸੋਚਣਾ ਤੇ ਕਹਿਣਾ ਇਹ ਸਮਾਧਾਨ ਤੋਂ ਪੂਰੀ ਤਰ੍ਹਾਂ ਉਲਟ ਬਾਤ ਹੈ। ਸੋ ਇਸ ਲਈ ਗੁਰੂ ਦੇ ਬਚਨਾਂ ਦੇ ਅਨੁਆਈ ਹੋ ਕੇ ਚਲਣਾ, ਸ਼ਰਧਾ ਦੇ ਰਸਤੇ ਵਿਚ ਆਈਆਂ ਰੁਕਾਵਟਾਂ ਨੂੰ ਦੂਰ ਕਰਨਾ, ਇਹ ਸਮਾਧਾਨ ਹੋਇਆ ਕਰਦਾ ਹੈ।

**ਉਪਰਾਮ** - ਕਾਮ ਵਾਸ਼ਨਾ ਤੋਂ ਪੂਰੀ ਤਰ੍ਹਾਂ ਗਿਲਾਨੀ ਹੋਣੀ ਅਤੇ ਇਸਤਰੀ ਨੂੰ ਮਾਤਾ, ਧੀ, ਭੈਣ ਤੁਲ ਸਮਝਣਾ।

ਇਸਦੇ ਵਿਪਰੀਤ ਨਿਸ਼ਚੇ ਵਿਚ ਵਰਤਣਾ, ਜ਼ਹਿਰ ਖਾਣ ਦੇ ਬਰਾਬਰ ਹੋਇਆ ਕਰਦਾ ਹੈ। ਇਸ ਦੇ ਵਿਪਰੀਤ ਮਨ ਵਿਚੋਂ ਇਹ ਦੁਰ-ਭਾਵਨਾਵਾਂ, ਮਾੜੇ ਵਿਚਾਰ ਦੂਰ ਕਰ ਦੇਣਾ ਅਤੇ ਪੰਜਾਂ ਚੋਰਾਂ- ਕਾਮ, ਕ੍ਰੋਧ, ਲੋਭ, ਮੋਹ, ਹੰਕਾਰ; ਪੰਜਾਂ ਵਿਸ਼ਿਆਂ - ਸ਼ਬਦ, ਸਪਰਸ਼, ਰੂਪ, ਰਸ, ਗੰਧ; ਪੰਜੇ ਠੱਗਾਂ - ਰਾਜ, ਮਾਲ, ਰੂਪ, ਜਾਤ, ਜੋਬਨ ਅਤੇ ਚਾਰੇ ਅਗਨੀਆਂ - ਹੰਸ, ਹੇਤ, ਕੋਪ, ਲੋਭ ਤੋਂ ਆਪਣੇ ਆਪ ਨੂੰ ਅਛੋਹ ਰਖਣਾ। ਇਸ ਦਾ ਨਾਮ ਉਪਰਾਮ ਹੋਇਆ ਕਰਦਾ ਹੈ।

**ਤਿਤਿਕਸ਼ਾ** - ਸਤਿਸੰਗ ਸੁਣਨ ਸਮੇਂ ਗਰਮੀ, ਸਰਦੀ, ਭੁੱਖ, ਪਿਆਸ ਨੂੰ ਸਹਾਰਨ ਦਾ ਸੁਭਾਅ ਪੈਦਾ ਕਰਨਾ ਅਤੇ ਗਰਮੀ, ਸਰਦੀ ਵਿਚ ਮੌਸਮ ਦੇ ਹਿਸਾਬ ਨਾਲ ਗੁਰੂ ਦਰਬਾਰ ਵਿਚ ਆਈਆਂ ਸੰਗਤਾਂ ਦੀ ਸੇਵਾ ਕਰਨੀ, ਤਿਤਿਕਸ਼ਾ ਕਹਾਉਂਦੀ ਹੈ।

ਉਪਰੋਕਤ ਸਾਰੇ ਸਾਧਨਾ ਨੂੰ ਮੁਮੁਖਸ਼ਤਾ (ਮੁਕਤੀ ਦੀ ਇੱਛਾ) ਆਖਦੇ ਹਨ।

ਇਹ ਚਾਰ ਸਾਧਨ ਰੂਹਾਨੀ ਸਫਰ ਕਰਨ ਲਈ ਚਾਰ ਮੰਜ਼ਲਾਂ ਦੀਆਂ, ਚਾਰ ਗਰੁੱਪਾਂ ਵਿਚ, ਚਾਰ ਪੌੜੀਆਂ ਹਨ। ਜਿਵੇਂ ਪੌੜੀ ਤੋਂ ਬਿਨਾਂ ਮੰਦਰ ਤੇ ਨਹੀਂ ਚੜ੍ਹਿਆ ਜਾ ਸਕਦਾ। ਐਵੇਂ ਹੀ ਇਹ ਸਾਧਨ ਅਪਨਾਉਣ ਤੋਂ ਬਿਨਾਂ ਅਗਲੇ ਸਾਧਨ, ਜਿਨ੍ਹਾਂ ਨੂੰ ਸਰਵਣ, ਮੰਨਣ, ਨਿਧਿਆਸਣ ਤੇ ਪ੍ਰਾਪਤੀ ਕਹਿੰਦੇ ਹਨ, ਉਹ ਸਿੱਧ ਨਹੀਂ ਹੋ ਸਕਿਆ ਕਰਦੇ। ਮੁਕਤੀ ਦੀ ਪ੍ਰਾਪਤੀ ਲਈ ਚਾਰ ਵਿਸ਼ੇਸ਼ ਦਰਵਾਜ਼ੇ ਹਨ, ਜਿਨ੍ਹਾਂ ਰਾਹੀਂ ਲੰਘ ਕੇ ਜਾਣਾ ਪੈਂਦਾ ਹੈ।

**ਸਮ** - ਆਪਣੇ ਆਪ ਨੂੰ ਵਿਸ਼ਿਆਂ ਦੀ ਵਾਸ਼ਨਾ, ਸੰਸਾਰ ਦੀਆਂ ਚਿੰਤਾਵਾਂ, ਲੰਘ ਗਏ ਸਮੇਂ ਦੀ ਯਾਦ, ਆਉਣ ਵਾਲੇ ਸਮੇਂ ਤੋਂ ਸਹਿਮ, ਅਤੇ ਵੈਰ, ਵਿਰੋਧ, ਕਾਮ, ਕ੍ਰੋਧ, ਲੋਭ, ਮੋਹ ਆਦਿ ਦੇ ਵਿਅਰਥ ਫੁਰਨਿਆਂ ਤੋਂ ਮਨ ਨੂੰ ਪਵਿੱਤਰ ਰੱਖਣਾ, ਕਿਸੇ ਕਿਸਮ ਦਾ ਸ਼ੋਕ ਨਾ ਕਰਨਾ, ਨਾ ਹੀ ਧਨ ਵਾਸਤੇ ਚਿਤਵਨੀ ਕਰਨੀ ਅਤੇ ਨਾ ਹੀ ਮਾਇਆਧਾਰੀ ਬੰਦਿਆਂ ਨਾਲ ਮਿਤਰਤਾ ਦੀ ਚਿਤਵਨਾ ਕਰਨੀ, ਨਾ ਹੀ ਗ੍ਰਿਹਸਤ ਦੇ ਵਿਹਾਰ ਦੀ ਸੋਚ ਕਰਨੀ, ਸੰਤਾਨ ਦੇ ਵਾਸਤੇ ਕੋਈ ਚਿੰਤਾ ਨਾ ਮਨ ਵਿਚ ਰੱਖਣੀ, ਲੰਘ ਗਈਆਂ ਗੱਲਾਂ ਵਿਚ ਮਨ ਨੂੰ ਬਾਰ-ਬਾਰ ਨਾ ਫਸਾਉਣਾ, ਨਾ ਹੀ ਆਉਣ ਵਾਲੇ ਸਮੇਂ ਵਿਚ ਪੇਸ਼ ਆਉਣ ਵਾਲੀਆਂ ਔਕੜਾਂ ਤੋਂ ਡਰ ਕੇ ਨਿਰਾਰਥਕ ਫੁਰਨੇ ਕਰਨੇ ਅਤੇ ਨਾ ਹੀ ਮੂਰਖਾਂ, ਕੱਟੜਵਾਦੀਆਂ, ਅਗਿਆਨੀਆਂ, ਭੋਗੀਆਂ, ਲੰਪਟਾਂ ਦੀ ਸੰਗਤ ਵਿਚ ਬੈਠ ਕੇ ਉਨ੍ਹਾਂ ਦੇ ਅਸਰ ਕਬੂਲਣੇ ਅਤੇ ਇਸਦੀ ਥਾਂ ਬਾਰੰਬਾਰ ਪ੍ਰਭੂ ਦਾ ਨਾਮ ਜਪਣਾ ਅਤੇ ਸ੍ਰੇਸ਼ਟ ਸਾਧਨਾ ਦੀ ਕਮਾਈ ਕਰਦੇ ਰਹਿਣਾ। ਸਾਰੇ ਜਗਤ ਦੇ ਜੰਜਾਲਾਂ ਤੋਂ ਛੁਟਣ ਦਾ ਕੇਵਲ ਮਾਤਰ ਇਹ ਬਹੁਤ ਹੀ ਸੁਖੈਨ ਉਪਾਅ ਹੈ। ਸਾਵਧਾਨ ਹੋ ਕੇ ਇਨ੍ਹਾਂ ਸਾਧਨਾਂ ਦੇ ਉਤੇ ਪੂਰੀ ਤਰ੍ਹਾਂ ਪਹਿਰਾ ਦੇਣਾ।

**ਸੰਤੋਖ** - ਨਾਮ ਜਪਣ ਵਿਚ ਸਭ ਤੋਂ ਵੱਡੀ ਰੁਕਾਵਟ ਸੰਤੋਖ ਨਾ ਧਾਰਨ ਕਰਕੇ, ਤ੍ਰਿਸ਼ਨਾ ਵਿਚ ਰੁੜ੍ਹ ਜਾਣਾ ਹੈ। ਸੰਤੋਖ ਵਰਗਾ ਕੋਈ ਸੁਖ ਨਹੀਂ। ਜਿਸ ਥਾਂ ਵੀ ਕੰਮ ਕਰ ਰਹੇ ਹੋਂ, ਪੂਰੀ ਨੇਸ਼ਟਾ ਨਾਲ ਉਸ ਕੰਮ ਨੂੰ ਸੰਪੂਰਨ ਕਰੋ ਅਤੇ ਜੋ ਕੁਛ ਪਰਾਲਬਧ ਦੇ ਮੁਤਾਬਿਕ ਪ੍ਰਾਪਤ ਹੁੰਦਾ ਹੈ, ਉਸ ਉਤੇ ਸੰਤੁਸ਼ਟ ਰਹਿਣਾ, ਸੰਤੋਖ ਕਹਾਉਂਦਾ ਹੈ। ਗੁਰੂ ਮਹਾਰਾਜ ਜੀ ਨੇ ਮਨ ਦੇ ਰੱਜਣ ਦਾ ਸਾਧਨ ਕੇਵਲ ਸੰਤੋਖ ਹੀ ਦੱਸਿਆ ਹੈ।

*ਬਿਨਾ ਸੰਤੋਖ ਨਹੀ ਕੋਊ ਰਾਜੈ॥*
*ਸੁਪਨ ਮਨੋਰਥ ਬ੍ਰਿਥੇ ਸਭ ਕਾਜੈ॥* ਪੰਨਾ - 279

ਅਤੇ ਹੁਕਮ ਹੈ ਕਿ -

*ਸਤੁ ਸੰਤੋਖੁ ਦਇਆ ਕਮਾਵੈ ਏਹ ਕਰਣੀ ਸਾਰ॥*
ਪੰਨਾ - 51

*ਖਿਮਾ ਗਹੀ ਬ੍ਰਤੁ ਸੀਲ ਸੰਤੋਖੰ॥*
*ਰੋਗੁ ਨ ਬਿਆਪੈ ਨਾ ਜਮ ਦੋਖੰ॥* ਪੰਨਾ - 223

ਇਸਦੇ ਵਿਪਰੀਤ ਤ੍ਰਿਸ਼ਨਾ ਨੂੰ ਮਹਾਰਾਜ ਜੀ ਨੇ ਵੱਡਾ ਰੋਗ ਦੱਸਿਆ ਹੈ ਅਤੇ ਤ੍ਰਿਸ਼ਨਾਲੂ ਬੰਦਾ ਹਰ ਵਕਤ ਕੁੱਤੇ ਦੀ ਨਿਆਈਂ ਦਰ-ਦਰ ਡੋਲਦਾ ਫਿਰਦਾ ਹੈ ਅਤੇ ਕਦੇ ਵੀ ਮਾਨਸਿਕ ਤੌਰ ਤੇ ਸੰਤੁਸ਼ਟ ਨਹੀਂ ਹੁੰਦਾ। ਤ੍ਰਿਸ਼ਨਾ ਇਕ ਅਗਨ ਹੈ ਜੋ ਸਦਾ ਹੀ ਅੰਦਰ ਜਲਦੀ ਰਹਿੰਦੀ ਹੈ। ਤ੍ਰਿਸ਼ਨਾ ਵਿਚ ਲਗਿਆ ਜੀਵ, ਪ੍ਰਮੇਸ਼ਰ ਦੀ ਪ੍ਰਾਪਤੀ ਲਈ ਕੋਈ ਜਤਨ ਨਹੀਂ ਕਰਦਾ ਅਤੇ ਮੌਤ ਨੂੰ ਭੁੱਲਿਆ ਰਹਿੰਦਾ ਹੈ।

*ਏਹ ਤਿਸਨਾ ਵਡਾ ਰੋਗੁ ਲਗਾ ਮਰਣੁ ਮਨਹੁ ਵਿਸਾਰਿਆ॥*
ਪੰਨਾ - 919

ਜੀਵ ਇਸ ਸੰਸਾਰ ਉਤੇ ਪ੍ਰਭੂ ਪ੍ਰਾਪਤੀ ਵਾਸਤੇ ਆਇਆ ਸੀ। ਪਰ ਤ੍ਰਿਸ਼ਨਾ

ਦੇ ਜਾਲ ਵਿਚ ਫਸ ਜਾਣ ਕਰਕੇ ਇਹ ਥਾਂ-ਥਾਂ ਭਟਕਦਾ ਅਤੇ ਦੁਖੀ ਹੁੰਦਾ ਸਦਾ ਹੀ ਪ੍ਰਮੇਸ਼ਰ ਨੂੰ ਵਿਸਿਮਰਨ ਕਰਕੇ ਰਖਦਾ ਹੈ।

*ਮਾਇਆ ਜਾਲੁ ਪਸਾਰਿਆ ਭੀਤਰਿ ਚੋਗ ਬਣਾਇ॥*
*ਤ੍ਰਿਸਨਾ ਪੰਖੀ ਫਾਸਿਆ ਨਿਕਸੁ ਨ ਪਾਏ ਮਾਇ॥*

*ਪੰਨਾ - 50*

ਇਹ ਤ੍ਰਿਸ਼ਨਾ, ਮਾਇਕ ਦੁਨੀਆਂ ਦਾ ਅਜਿਹਾ ਜਜ਼ਬਾ ਹੈ ਕਿ ਆਦਮੀ ਸਦਾ ਹੀ ਇਸ ਉਧੇੜ-ਬੁਣ ਵਿਚ ਰਹਿੰਦਾ ਹੈ ਕਿ ਜੇ ਮੇਰੇ ਪਾਸ ਇਕ ਲੱਖ ਰੁਪਿਆ ਹੋਵੇ ਤਾਂ ਮੈਂ ਆਹ-ਆਹ ਕੰਮ ਕਰ ਲਵਾਂ। ਜਦੋਂ ਇਕ ਲੱਖ ਹੋ ਜਾਵੇ ਤਾਂ ਕਹਿੰਦਾ ਹੈ ਕਿ ਦੱਸ ਲੱਖ ਹੋ ਜਾਵੇ, ਜਦੋਂ ਇਹ ਵੀ ਹੋ ਗਿਆ ਫੇਰ ਕਰੋੜ, ਅਰਬ ਦੀ ਇੱਛਿਆ ਕਰਦਾ ਹੈ। ਆਪਨੇ ਫੁਰਮਾਨ ਕੀਤਾ ਕਿ ਇਹ ਅਗਨ ਐਸੀ ਹੈ, ਜਿਉਂ-ਜਿਉਂ ਇਸ ਵਿਚ ਪ੍ਰਾਪਤੀਆਂ ਦਾ ਬਾਲਣ ਪੈਂਦਾ ਜਾਵੇਗਾ, ਤਿਉਂ-ਤਿਉਂ ਵੱਧ ਭੜਕਦੀ ਹੈ ਅਤੇ ਆਦਮੀ ਅੰਨ੍ਹਾ ਹੋਇਆ ਆਪਣੇ ਪ੍ਰਮ ਮਨੋਰਥ ਦੀ ਪ੍ਰਾਪਤੀ ਤੋਂ ਵਾਂਝਾ ਰਹਿ ਕੇ ਅਨੇਕਾਂ ਵਾਸ਼ਨਾਵਾਂ ਦੇ ਅਚੁੱਕ ਭਾਰ ਲੈ ਕੇ ਪ੍ਰਲੋਕ ਗਵਨ ਕਰਦਾ ਹੈ। ਮਹਾਰਾਜ ਜੀ ਦਾ ਫੁਰਮਾਨ ਹੈ -

*ਵਡੇ ਵਡੇ ਰਾਜਨ ਅਰੁ ਭੂਮਨ*
*ਤਾ ਕੀ ਤ੍ਰਿਸਨ ਨ ਬੂਝੀ॥*
*ਲਪਟਿ ਰਹੇ ਮਾਇਆ ਰੰਗ ਮਾਤੇ*
*ਲੋਚਨ ਕਛੂ ਨ ਸੂਝੀ॥*
*ਬਿਖਿਆ ਮਹਿ ਕਿਨ ਹੀ*
*ਤ੍ਰਿਪਤਿ ਨ ਪਾਈ॥*
*ਜਿਉ ਪਾਵਕੁ ਈਧਨਿ ਨਹੀ ਧ੍ਰਾਪੈ*
*ਬਿਨੁ ਹਰਿ ਕਹਾ ਅਘਾਈ॥* *ਪੰਨਾ - 672*

ਕੋਈ ਵਿਰਲਾ ਪੁਰਸ਼ ਜਿਸਦੇ ਮਨ ਵਿਚ ਨਾਮ ਦਾ ਨਿਵਾਸ ਹੋ ਗਿਆ, ਉਸਦੀ ਤ੍ਰਿਸ਼ਨਾ ਬੁਝ ਜਾਇਆ ਕਰਦੀ ਹੈ। ਉਸਨੂੰ ਛੱਡ ਕੇ ਇਹ ਤ੍ਰਿਸ਼ਨਾ ਦਾ ਭਾਂਬੜ ਉਚੇ ਤੋਂ ਉਚਾ ਲਾਟਾਂ ਦਿੰਦਾ ਬੰਦੇ ਨੂੰ ਸਾੜਦਾ ਰਹਿੰਦਾ ਹੈ -

*ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੇ॥*
*ਕੋਟਿ ਜੋਰੇ ਲਾਖ ਕ੍ਰੋਰੇ ਮਨੁ ਨ ਹੋਰੇ॥*
*ਪਰੈ ਪਰੈ ਹੀ ਕਉ ਲੁਝੀ ਹੇ॥* *ਪੰਨਾ - 213*

ਹਰੀ ਦੇ ਨਾਮ ਦੀ ਦਵਾਈ ਦਾ ਜਦੋਂ ਤਕ ਇਹ ਪ੍ਰਯੋਗ ਨਹੀਂ ਕਰਦਾ ਅਤੇ ਪੂਰੇ ਗੁਰੂ ਦੀ ਸ਼ਰਨ ਵਿਚ ਜਾ ਕੇ ਉਸਦੇ ਬਚਨਾਂ ਨੂੰ ਨਹੀਂ ਕਮਾਉਂਦਾ, ਇਹ ਸੰਸਾਰ ਤ੍ਰਿਸ਼ਨਾ ਦੇ ਰੋਗ ਵਿਚ ਜਲਦਾ ਰਹਿੰਦਾ ਹੈ। ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ -

*ਇਹੁ ਜਗਤੁ ਮਿਟੀ ਕਾ ਪੁਤਲਾ ਜੋਗੀ*
*ਇਸੁ ਮਹਿ ਰੋਗੁ ਵਡਾ ਤ੍ਰਿਸਨਾ ਮਾਇਆ॥*
*ਅਨੇਕ ਜਤਨ ਭੇਖ ਕਰੇ ਜੋਗੀ ਰੋਗੁ ਨ ਜਾਇ ਗਵਾਇਆ॥*
*ਹਰਿ ਕਾ ਨਾਮੁ ਅਉਖਧੁ ਹੈ ਜੋਗੀ ਜਿਸਨੋ ਮੰਨਿ ਵਸਾਏ॥*
*ਗੁਰਮੁਖਿ ਹੋਵੈ ਸੋਈ ਬੂਝੈ ਜੋਗ ਜੁਗਤਿ ਸੋ ਪਾਏ॥*

*ਪੰਨਾ - 909*

ਤ੍ਰਿਸ਼ਨਾਲੂ ਪੁਰਸ਼ ਬਾਰੇ ਪ੍ਰਸਿੱਧ ਹੈ ਕਿ ਇਕ ਗਰੀਬ ਆਦਮੀ ਆਪਣੇ ਦਲਿੱਦਰ ਦੇ ਨਾਸ਼ ਲਈ ਮਹਾਂਪੁਰਸ਼ਾਂ ਦੀ ਸੇਵਾ ਕਰਿਆ ਕਰਦਾ ਸੀ। ਮਹਾਂਪੁਰਸ਼ਾਂ ਨੇ ਉਸਨੂੰ ਚਾਰ ਬੱਤੀਆਂ ਦੇ ਕੇ ਕਿਹਾ ਕਿ ਅੱਧੀ ਰਾਤ ਇਕ ਬੱਤੀ ਜਲਾ ਕੇ ਪੂਰਬ ਦਿਸ਼ਾ ਜਾਈਂ, ਉਥੇ ਧਨ ਹੋਵੇਗਾ। ਫੇਰ ਜੇ ਤੇਰਾ ਘਰ ਪੂਰਾ ਨਾ ਹੋਇਆ ਤਾਂ ਇਵੇਂ ਹੀ ਪੱਛਮ ਦਿਸ਼ਾ ਜਾਈਂ, ਉਥੇ ਵੀ ਧਨ ਮਿਲੇਗਾ। ਫੇਰ ਤੂੰ ਉੱਤਰ ਦਿਸ਼ਾ ਵਿਚ ਜਾਈ, ਉਥੇ ਵੀ ਧਨ ਮਿਲੇਗਾ। ਪਰ ਭੁੱਲ ਕੇ ਵੀ ਦੱਖਣੀ ਦਿਸ਼ਾ ਵਿਚ ਨਾ ਜਾਈਂ। ਬਹੁਤ ਖੁਸ਼ ਹੋਇਆ, ਘਰ ਆ ਗਿਆ। ਅੱਧੀ ਰਾਤ ਪੂਰਬ ਦਿਸ਼ਾ ਵਲ ਗਿਆ। ਜਿਥੇ ਬੱਤੀ ਬੁਝੀ, ਉਥੋਂ ਤਾਂਬੇ ਦਾ ਖਜ਼ਾਨਾ ਮਿਲਿਆ; ਦੂਸਰੇ ਦਿਨ ਉਤਰ ਦਿਸ਼ਾ ਵਿਚ ਗਿਆ, ਉਥੇ ਚਾਂਦੀ ਦਾ ਖਜ਼ਾਨਾ ਮਿਲਿਆ, ਤੀਸਰੇ ਦਿਨ ਪੱਛਮ ਦਿਸ਼ਾ ਨੂੰ ਗਿਆ ਉਥੇ ਮੋਹਰਾਂ ਦਾ ਖਜ਼ਾਨਾ ਮਿਲਿਆ। ਇਹ ਸਾਰਾ ਧਨ ਇਸਦੇ ਵਾਸਤੇ ਬਹੁਤ ਜ਼ਿਆਦਾ ਸੀ ਪਰ ਇਸਨੂੰ ਸੰਤੋਖ ਨਾ ਆਇਆ। ਅਖੀਰ ਮਹਾਂਪੁਰਸ਼ਾਂ ਦੇ ਬਚਨਾਂ ਨੂੰ ਵਿਸਾਰ ਕੇ ਦੱਖਣ ਦਿਸ਼ਾ ਵਿਚ ਗਿਆ ਅਤੇ ਉਥੇ ਬਹੁਤ ਬੁਰੀ ਤਰ੍ਹਾਂ ਫਸ ਕੇ ਕੈਦ ਹੋ ਗਿਆ। ਨਾ ਤਾਂ ਪਹਿਲੇ ਖਜ਼ਾਨਿਆਂ ਦਾ ਉਸਨੂੰ ਕੋਈ ਲਾਭ ਹੋਇਆ, ਸਗੋਂ ਇਸ ਤ੍ਰਿਸ਼ਨਾ ਨੇ ਇਸਨੂੰ ਜੰਜਾਲਾਂ ਵਿਚ ਫਸਾ ਦਿਤਾ।

ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਜੀ ਨੇ ਇਸਦਾ ਇਲਾਜ 'ਨਾਮ' ਹੀ ਦੱਸਿਆ ਹੈ। ਤ੍ਰਿਸ਼ਨਾ ਅਗਨ ਵਿਚ ਜਲਦਾ ਸੰਸਾਰ ਖੱਪ ਰਿਹਾ ਹੈ। ਇਕ ਦੇਸ਼, ਦੂਜੇ ਤੋਂ ਰਾਜ ਖੋਹਣ ਦੀ ਇੱਛਾ ਨਾਲ ਯੁੱਧ ਦੀਆਂ ਤਿਆਰੀਆਂ ਕਰ ਰਿਹਾ ਹੈ। ਇਸ ਤ੍ਰਿਸ਼ਨਾ ਦਾ ਇਲਾਜ ਨਾਮ ਰਾਹੀਂ ਪ੍ਰਾਪਤ ਹੋਇਆ ਸੰਤੋਖ ਹੈ।

*ਤ੍ਰਿਸਨਾ ਬੁਝੈ ਹਰਿ ਕੈ ਨਾਮਿ॥*
*ਮਹਾ ਸੰਤੋਖੁ ਹੋਵੈ ਗੁਰ ਬਚਨੀ*
*ਪ੍ਰਭ ਸਿਉ ਲਾਗੈ ਪੂਰਨ ਧਿਆਨੁ॥* *ਪੰਨਾ - 682*

ਸੋ ਇਸ ਵਾਸਤੇ ਸੰਤੋਖ ਵਰਗਾ ਪ੍ਰਮ ਮਿਤਰ ਸੰਸਾਰ ਵਿਚ ਕੋਈ ਨਹੀਂ ਅਤੇ ਤ੍ਰਿਸ਼ਨਾ ਵਰਗਾ ਵੈਰੀ, ਸਦਾ ਦੁੱਖ ਦੇਣ ਵਾਲਾ, ਸਦਾ ਹੀ ਭਟਕਣਾ ਵਿਚ ਰੱਖਣ ਵਾਲਾ, ਹੋਰ ਕੋਈ ਨਹੀਂ। ਤ੍ਰਿਸ਼ਨਾ ਦੀ ਪੂਰਤੀ ਲਈ ਆਦਮੀ ਮਹਾਂ ਨਿੰਦਨੀ ਕੁਕਰਮ ਕਰਦਾ ਹੈ ਜਿਵੇਂ ਕਿ ਕਪਟ ਨਾਲ ਦੂਸਰੇ ਦਾ ਧਨ ਖੋਹਣਾ, ਚੋਰੀ ਕਰਨੀ, ਰਿਸ਼ਵਤਾਂ ਲੈਣੀਆਂ, ਮੰਤ੍ਰ, ਤੰਤ੍ਰ, ਜੰਤ੍ਰ, ਭੂਤ ਵਿਦਿਆ ਸਿਧ ਕਰਕੇ ਲੋਕਾਂ ਨੂੰ ਠੱਗਣਾ, ਖੋਟੇ ਕਰਮ ਕਰਕੇ ਆਪਣਾ ਜੀਵਨ ਬਰਬਾਦ ਕਰ ਲੈਣਾ। ਇਸ ਕਰਕੇ ਸੰਤੋਖ ਧਾਰਨ ਕਰਨਾ, ਇਹ ਇਸਦਾ ਪ੍ਰਮ ਮਿੱਤਰ ਹੈ।

**ਵਿਚਾਰ** - ਵਿਚਾਰ ਦੇ ਬਲ ਨਾਲ ਇਹ ਸੋਚਣਾ ਕਿ ਇਸ ਸੰਸਾਰ ਵਿਚ ਸਤਿ ਵਸਤੂ ਕਿਹੜੀ ਹੈ ਅਤੇ ਅਸਤਿ ਵਸਤੂ ਕਿਹੜੀ ਹੋਈ? ਪ੍ਰਮਾਤਮਾ ਅਤੇ ਆਤਮਾ ਇਹ ਸਦੀਵ ਹੀ ਸਤਿ ਹਨ ਅਤੇ ਨਾਮ ਰੂਪ ਧਾਰਨ ਕਰਨ ਵਾਲੀ ਮਾਇਆ ਅਸੱਤਿ ਅਤੇ ਛਿਨਭੰਗਰ ਹੈ। ਇਸੇ ਤਰ੍ਹਾਂ ਇਹ ਸੋਚਣਾ ਕਿ ਮੈਂ ਕੌਣ ਹਾਂ? ਮੈਂ ਨਾ ਤਾਂ ਪੰਜਾਂ ਤੱਤਾਂ ਵਿਚੋਂ ਕੋਈ ਤੱਤ ਹਾਂ, ਨਾ 25 ਪ੍ਰਕ੍ਰਿਤੀਆਂ ਵਿਚੋਂ ਕੋਈ ਪ੍ਰਕ੍ਰਿਤੀ, ਨਾ ਮੈਂ ਪੰਜ ਗਿਆਨ ਇੰਦਰੇ - ਅੱਖਾਂ, ਨੱਕ ਆਦਿ ਹਾਂ, ਨਾ ਪੰਜ ਕਰਮ ਇੰਦਰਿਆਂ ਵਿਚੋਂ ਹੱਥ, ਪੈਰ ਆਦਿ ਕੋਇ ਇੰਦਰੀਆਂ ਹਾਂ, ਨਾ ਮੈਂ ਮਨ ਹਾਂ ਕਿਉਂਕਿ ਮੈਂ ਇਹ ਕਹਿੰਦਾ ਹਾਂ ਕਿ ਮੇਰਾ ਮਨ ਨਹੀਂ ਟਿਕਦਾ ਅਤੇ ਨਾ ਹੀ ਮੈਂ ਬੁੱਧੀ ਹਾਂ, ਨਾ ਹੀ ਮੈਂ ਚਿਤ ਹਾਂ। ਫੇਰ ਮੈਂ ਕੀ ਹੋਇਆ? ਮੈਂ ਹਾਂ ਜ਼ਰੂਰ। ਫੇਰ ਵਿਚਾਰ ਕਰਕੇ ਮਹਾਂਪੁਰਸ਼ਾਂ ਦੇ ਬਚਨ ਸਰਵਣ ਕਰਨ ਤੋਂ ਪਤਾ ਲਗਦਾ ਹੈ ਕਿ ਮੈਂ ਆਤਮਾ ਹਾਂ ਅਤੇ ਪ੍ਰਮਾਤਮਾ ਦੀ ਅੰਸ ਹਾਂ; ਪ੍ਰਮਾਤਮਾ ਚੇਤਨ ਹੈ, ਮੈਂ ਵੀ ਚੇਤਨ ਹਾਂ; ਪ੍ਰਮਾਤਮਾ ਅਨੰਦ ਰੂਪ ਹੈ, ਮੈਂ ਵੀ ਅਨੰਦ ਰੂਪ ਹਾਂ; ਪ੍ਰਮਾਤਮਾ ਸਤਿ ਹੈ ਮੈਂ ਵੀ ਸਤਿ ਰੂਪ ਹਾਂ ਅਤੇ ਆਤਮਾ ਪ੍ਰਮੇਸ਼ਰ ਰੂਪ ਹੈ। ਕੇਵਲ ਜਗਤ ਦੀ ਬਿਆਧੀ ਕਰਕੇ ਇਸੇ ਪ੍ਰਮਾਤਮਾ ਦਾ ਨਾਮ ਬ੍ਰਹਮ ਤੋਂ

ਆਤਮਾ ਪਿਆ ਹੋਇਆ ਹੈ। ਇਸੇ ਤਰ੍ਹਾਂ ਦੇ ਨਾਲ ਵਿਚਾਰ ਕਰਕੇ ਆਪਣੇ ਆਪ ਨੂੰ ਪ੍ਰਮਾਤਮਾ ਦੀ ਅੰਸ਼ ਅਨੁਭਵ ਕਰਕੇ ਪ੍ਰਮਾਤਮਾ ਦਾ ਚਿੰਤਨ ਕਰੇ। ਬਾਰ-ਬਾਰ ਇਸ ਨੂੰ ਸਰੀਰ ਵਿਚ, ਮਨ ਵਿਚ, ਬੁੱਧੀ ਵਿਚ, ਅਹੰਭਾਵ ਵਿਚ ਧਾਰਨ ਕਰਨਾ। ਇਸ ਤਰ੍ਹਾਂ ਦੇ ਸਾਧਨ ਕਰਨ ਨਾਲ ਇਸ ਜੀਵ ਨੂੰ ਯਥਾਰਥਕ ਰੂਪ ਵਿਚ ਗਿਆਨ ਹੋ ਜਾਣ ਨਾਲ ਸਾਰੇ ਦੁਖਾਂ ਦੀ ਨਵਿਰਤੀ ਹੋ ਜਾਇਆ ਕਰਦੀ ਹੈ। ਇਸ ਗਿਆਨ ਦੀ ਪ੍ਰਾਪਤੀ ਨਾਲ ਹੀ ਮੁਕਤੀ ਦਾ ਦਰਵਾਜ਼ਾ ਪ੍ਰਾਪਤ ਹੋ ਜਾਇਆ ਕਰਦਾ ਹੈ ਕਿਉਂਕਿ ਇਸ ਅਵਸਥਾ ਦੀ ਪ੍ਰਾਪਤੀ ਲਈ ਅਤਿ ਕਰੜੀ ਕਮਾਈ ਕਰਨ ਦੀ ਲੋੜ ਹੈ। ਸੰਤਾਂ ਦੀ ਸੰਗਤ ਕਰਨ ਨਾਲ ਇਨ੍ਹਾਂ ਗੱਲਾਂ ਦਾ ਭੇਤ ਖੁੱਲ੍ਹ ਜਾਇਆ ਕਰਦਾ ਹੈ।

**ਸਤਿਸੰਗ** – ਜਿਸ ਥਾਂ ਉਪਰ ਸਤਿ ਪ੍ਰਮਾਤਮਾ, ਸਤਿ ਵਿਦਿਆ, ਸਤਿ ਧਰਮ ਦਾ ਨਿਰਣਾ ਹੁੰਦਾ ਹੋਵੇ, ਉਸ ਸਤਿਪੁਰਸ਼ ਦੀ ਸੰਗਤ ਨੂੰ ਸਤਿਸੰਗ ਕਿਹਾ ਜਾਂਦਾ ਹੈ।

*ਸਤਸੰਗਤਿ ਕੈਸੀ ਜਾਣੀਐ॥*
*ਜਿਥੈ ਏਕੋ ਨਾਮੁ ਵਖਾਣੀਐ॥* ਪੰਨਾ - 72

ਸਤਿਸੰਗ ਤੋਂ ਬਿਨਾਂ ਨਾ ਹੀ ਕੋਈ ਸਾਧਨ ਸਿੱਧ ਹੁੰਦਾ ਹੈ ਅਤੇ ਨਾ ਹੀ ਸ਼ੰਕਿਆਂ ਦੀ ਨਵਿਰਤੀ ਹੋ ਕੇ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਸਾਰੇ ਸਾਧਨਾਂ ਤੋਂ ਸ਼੍ਰੋਮਣੀ ਸਾਧਨ, ਸਤਿਸੰਗ ਕਰਨ ਦਾ ਹੈ।

*ਹਰਿ ਕੀਰਤਿ ਸਾਧਸੰਗਤਿ ਹੈ*
*ਸਿਰਿ ਕਰਮਨ ਕੈ ਕਰਮਾ॥*
*ਕਹੁ ਨਾਨਕ ਤਿਸੁ ਭਇਓ ਪਰਾਪਤਿ*
*ਜਿਸੁ ਪੁਰਬ ਲਿਖੇ ਕਾ ਲਹਨਾ॥* ਪੰਨਾ - 642

ਸਤਿਸੰਗ ਸਾਰੇ ਸਾਧਨਾਂ ਦਾ ਬੀਜ ਹੈ ਜਾਂ ਇਉਂ ਕਹੋ ਕਿ ਮਾਤਾ ਹੈ ਜਿਸ ਵਿਚੋਂ ਸਮ, ਸੰਤੋਖ, ਵਿਚਾਰ ਪੈਦਾ ਹੁੰਦੇ ਹਨ ਅਤੇ ਸਤਿਸੰਗ ਦੀ ਸਹਾਇਤਾ ਨਾਲ ਹੀ ਜੀਵ ਕੁਸੰਗਤ ਦੇ ਬੁਰਿਆਂ ਕਰਮਾਂ ਤੋਂ ਬਚਿਆ ਰਹਿ ਕੇ ਭਜਨ ਬੰਦਗੀ ਕਰਦਾ ਹੈ ਅਤੇ ਜੀਵਨ ਦਾ ਲਾਹਾ ਪ੍ਰਾਪਤ ਕਰਦਾ ਹੈ। ਜਿਹੜੇ ਪੁਰਸ਼ ਤੱਤ ਬੇਤੇ ਮਹਾਂਪੁਰਸ਼ਾਂ ਦੀ ਸੰਗਤ ਕਰਦੇ ਹਨ, ਉਨ੍ਹਾਂ ਦੇ ਕਰਮ-ਧਰਮ ਸ਼ੀਘਰ ਹੀ ਫਲੀਭੂਤ ਹੋ ਜਾਇਆ ਕਰਦੇ ਹਨ, ਕਿਉਂਕਿ ਸਤਿਸੰਗ ਦਾ ਮਾਹੌਲ ਹੀ ਐਸਾ ਹੁੰਦਾ ਹੈ ਜਿਥੇ ਨਿਰੋਲ ਸਤਿ ਦੇ ਬਚਨ ਹੀ ਸਰਵਣ ਤੇ ਮੰਨਣ ਕਰਨ ਨੂੰ ਮਿਲਦੇ ਹਨ। ਸਤਿਸੰਗ ਦੇ ਦੋ ਰੂਪ ਹੋਇਆ ਕਰਦੇ ਹਨ – ਇਕ ਨੂੰ 'ਬਹਿਰੰਗ ਸਾਧਨ' ਆਖਦੇ ਹਨ, ਦੂਸਰੇ ਨੂੰ 'ਅੰਤਰੰਗ ਸਾਧਨ' ਕਿਹਾ ਜਾਂਦਾ ਹੈ।

ਬਹਿਰੰਗ ਸਾਧਨ ਲਈ ਸਤਿਸੰਗ ਵਿਚ ਜਾਣਾ, ਆਪਣੇ ਸਾਰੇ ਖਿਆਲਾਂ ਨੂੰ ਸੰਕੋਚ ਕੇ ਮਹਾਂਪੁਰਸ਼ਾਂ ਦੇ ਬਚਨਾਂ ਨੂੰ ਹਿਰਦੇ ਵਿਚ ਵਸਾਉਣਾ; ਇਸਨੂੰ ਬਹਿਰੰਗ ਸਤਿਸੰਗ ਕਹਿੰਦੇ ਹਨ ਅਤੇ ਇਕਾਂਤ ਵਿਚ ਬੈਠ ਕੇ ਮਹਾਂਪੁਰਸ਼ਾਂ ਤੋਂ ਸੁਣੇ ਹੋਏ ਬਚਨ ਇਕ-ਇਕ ਕਰਕੇ ਇਸ ਤਰ੍ਹਾਂ ਵਿਚਾਰਨਾ, ਮੰਨਣਾ ਅਤੇ ਹਿਰਦੇ ਵਿਚ ਧਾਰਨ ਕਰਨਾ ਜਿਵੇਂ ਇਕ ਗਊ ਘਾਹ ਖਾ ਕੇ ਆਰਾਮ ਨਾਲ ਬੈਠ ਕੇ ਜੁਗਾਲੀ ਕਰਦੀ ਆਪਣੇ ਮੇਹਦੇ ਵਿਚ ਪਚਾਇਆ ਕਰਦੀ ਹੈ। ਇਸੇ ਤਰ੍ਹਾਂ ਇਨ੍ਹਾਂ ਬਚਨਾਂ ਨੂੰ ਹਿਰਦੇ ਵਿਚ ਥਾਂ ਦੇ ਕੇ ਮੰਨਨ ਕਰਨਾ। ਇਨ੍ਹਾਂ ਬਚਨਾਂ ਦੇ ਨਿਧਿਆਸਣ ਕਰਨ ਵਿਚ ਜੋ ਦੁਖ ਅਤੇ ਜਤਨ ਪ੍ਰਾਪਤ ਹੋਣ, ਉਨ੍ਹਾਂ ਨੂੰ ਧੀਰਜ ਅਤੇ ਪ੍ਰੇਮ ਨਾਲ ਸਹਾਰਨਾ। ਇਸ ਤਰ੍ਹਾਂ ਨਾਲ ਵਿਸ਼ੇਸ਼ ਲਾਭ ਵਾਸਤੇ ਆਪਣੇ ਗੁਰਭਾਈ ਨਾਲ ਜੋ ਮੰਨਣਸ਼ੀਲ, ਨਿਰਮਲ ਮਤਿ, ਧੀਰਜਵਾਨ ਅਤੇ ਸੋਹਣੇ ਚਿਤ ਵਾਲਾ ਹੋਵੇ, ਉਸ ਨਾਲ ਇਕ-ਇਕ ਬਚਨ ਦੀ ਵਿਚਾਰ ਕਰਨੀ। ਜੇ ਸਤਿਸੰਗ ਵਿਚ ਆ ਕੇ ਮਹਾਂਪੁਰਸ਼ਾਂ ਤੋਂ ਸੁਣੇ ਹੋਏ ਬਚਨ ਹਿਰਦੇ ਵਿਚ ਨਾ ਧਾਰਨ ਕੀਤੇ ਜਾਣ ਅਤੇ ਉਨ੍ਹਾਂ ਦੀ ਵਿਚਾਰ ਇਕਾਂਤ ਵਿਚ ਨਾ ਕੀਤੀ ਜਾਵੇ ਤਾਂ ਫਲ ਦੀ ਪ੍ਰਾਪਤੀ ਨਹੀਂ ਹੋਇਆ ਕਰਦੀ। ਇਸ ਵਾਸਤੇ ਦ੍ਰਿੜ੍ਹ ਇਰਾਦੇ ਨਾਲ ਸਤਿਸੰਗ ਕਰਦਾ ਰਹੇ। ਮਹਾਂਪੁਰਸ਼ਾਂ ਦੇ ਬਚਨਾਂ ਨੂੰ ਮੰਨਨ ਕਰਕੇ ਨਿਧਿਆਸਣ ਕਰੇ। ਕੁਛ ਸਮਾਂ ਲੰਘਣ ਤੋਂ ਉਪਰੰਤ ਪੰਜ ਕਲੇਸ਼ਾਂ ਦਾ ਨਾਸ਼ ਹੋ ਕੇ ਸਤਿਸੰਗ ਦੇ ਮਹਾਤਮ ਨੂੰ ਪ੍ਰਾਪਤ ਕਰਕੇ ਆਪਣੇ ਜਿਉਂਦੇ ਜੀਅ ਹੀ ਅਮਰ ਪਦਵੀ ਨੂੰ ਪ੍ਰਾਪਤ ਕਰਕੇ ਜੀਵਨ ਮੁਕਤ ਅਵਸਥਾ ਵਿਚ ਹੀ ਪ੍ਰਭੂ ਦਾ ਮਿਲਾਪ ਹੋ ਸਕਦਾ ਹੈ।

ਕਲਜੁਗ ਦਾ ਪ੍ਰਧਾਨ ਸਾਧਨ 'ਨਾਮ ਸਿਮਰਨ' ਹੈ। ਜਿਵੇਂ ਕਿ ਮਹਾਰਾਜ ਨੇ ਫੁਰਮਾਨ ਕਰਿਐ –

*ਅਬ ਕਲੂ ਆਇਓ ਰੇ॥*
*ਇਕੁ ਨਾਮੁ ਬੋਵਹੁ ਬੋਵਹੁ॥*
*ਅਨ ਰੂਤਿ ਨਾਹੀ ਨਾਹੀ॥*
*ਮਤੁ ਭਰਮਿ ਭੂਲਹੁ ਭੂਲਹੁ॥* ਪੰਨਾ - 1185

ਨਾਮ ਦੇ ਜਪਣ ਨਾਲ ਉਪਰਲੇ ਸਾਧਨ ਧਾਰਨ ਕਰਕੇ ਬਹੁਤ ਹੀ ਛੇਤੀ ਲਕਸ਼ ਦੀ ਪ੍ਰਾਪਤੀ ਹੋ ਜਾਇਆ ਕਰਦੀ ਹੈ। ਪਰ ਇਹ ਰਹਿਤ ਬਹੁਤ ਹੀ ਜ਼ਰੂਰੀ ਹੈ ਕਿ ਤੱਤ ਬੇਤੇ ਮਹਾਂਪੁਰਸ਼ਾਂ ਦੀ ਸੰਗਤ ਕਰੇ। ਇਸਦੇ ਵਿਪਰੀਤ ਜੇ ਰਾਗ, ਦ੍ਵੈਸ਼ ਵਾਲੀ ਬਿਰਤੀ ਵਾਲੇ ਕਥਾਕਾਰ, ਵਿਆਖਿਆਕਾਰ, ਪ੍ਰਚਾਰਕ ਦੀ ਸੰਗਤ ਜਾਂ ਅਗਿਆਨੀਆਂ ਦੀ ਸੰਗਤ ਕਰੇ, ਅਗਿਆਨੀਆਂ ਦੀਆਂ ਲਿਖੀਆਂ ਹੋਈਆਂ ਪੁਸਤਕਾਂ ਪੜ੍ਹੇ ਤਾਂ ਅਨੇਕ ਕਿਸਮ ਦੇ ਸੰਸੇ ਰੂਪ ਜ਼ਹਿਰੀਲੇ ਸੱਪ, ਬਿੱਛੂ ਆਦਿ ਪੈਦਾ ਹੋ ਜਾਇਆ ਕਰਦੇ ਹਨ। ਕਿਉਂਕਿ ਅਜਿਹੇ ਅਗਿਆਨੀ, ਅਨੁਭਵ ਤੋਂ ਵਿਹੂਣੇ ਪੁਰਸ਼ ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਂਤ ਤੋਂ ਉਲਟ ਸੰਤਾਂ, ਮਹਾਂਪੁਰਸ਼ਾਂ, ਬ੍ਰਹਮਗਿਆਨੀਆਂ ਦੀ ਨਿੰਦਿਆ ਕਰਨਾ ਹੀ ਆਪਣੇ ਬਚਨਾਂ ਨੂੰ ਅਤੇ ਕਲਮੀ ਲਿਖਤਾਂ ਦਾ ਕਮਾਲ ਸਮਝਦੇ ਹਨ। ਇਹ ਆਪ ਵੀ ਡੁੱਬਦੇ ਹਨ ਅਤੇ ਆਪਣੇ ਖਿਆਲਾਂ ਨਾਲ ਸਹਿਮਤ ਹੋਣ ਵਾਲੇ ਨੂੰ ਭਵਸਾਗਰ ਵਿਚ ਡੁਬੋ ਦਿੰਦੇ ਹਨ। ਕਿਉਂਕਿ ਗਿਆਨ ਦੇ ਚਖਸ਼ੂ ਨਾ ਹੋਣ ਕਰਕੇ ਜਗਤ ਦਾ ਵੱਡਾ ਭਾਗ ਅੰਨ੍ਹਿਆਂ ਦਾ ਹੈ। ਮਹਾਰਾਜ ਜੀ ਦਾ ਫੁਰਮਾਨ ਹੈ –

*ਅੰਨਾ ਆਗੂ ਜੇ ਥੀਐ, ਸਭੁ ਸਾਥੁ ਮੁਹਾਵੈ॥*
*ਭਾਈ ਗੁਰਦਾਸ ਜੀ, ਵਾਰ 35/2*

ਇਸ ਤਰ੍ਹਾਂ ਬਚਨ ਕਰਦਿਆਂ ਕਾਫੀ ਸਮਾਂ ਹੋ ਗਿਆ। ਮਹਾਰਾਜ ਜੀ ਨੇ ਬਚਨ ਬੰਦ ਕਰਦਿਆਂ ਕਿਹਾ ਕਿ ਚੰਡੀਗੜ੍ਹ ਦੀ ਸੰਗਤ ਬਹੁਤ ਸੂਝਵਾਨ ਹੈ। ਤੁਸੀਂ ਸਾਰੇ ਸੰਪਰਦਾਇਕ ਭੇਦਾਂ ਤੋਂ ਉਚੇ ਉਠ ਕੇ, ਰਾਗ ਤੇ ਦ੍ਵੈਸ਼ ਨੂੰ ਤਿਆਗ ਕੇ ਪ੍ਰੇਮ ਦੇ ਨਾਲ ਸਤਿਸੰਗ ਕਰਿਆ ਕਰੋ। ਇਹ ਸੁਣ ਕੇ ਸਾਰਿਆਂ ਨੇ ਮਹਾਂਪੁਰਸ਼ਾਂ ਦਾ ਹਾਰਦਿਕ ਧੰਨਵਾਦ ਕਰਦਿਆਂ ਕਿਹਾ ਕਿ ਮਹਾਂਪੁਰਸ਼ੋ, ਭਾਵੇਂ ਅਸੀਂ ਵੱਖੋ-ਵੱਖਰੀਆਂ ਸੰਪਰਦਾਵਾਂ ਨਾਲ ਸਬੰਧ ਰੱਖਦੇ ਹਾਂ ਪਰ ਆਪ ਦੇ ਅੰਮ੍ਰਿਤ ਬਚਨਾਂ ਦੀ ਵਰਸ਼ਾ ਉਸੇ ਤਰ੍ਹਾਂ ਹੈ ਜਿਵੇਂ ਪਾਣੀ ਦੇ ਭਰੇ ਹੋਏ ਬੱਦਲ, ਇਕ ਰਸ ਆਪਣੀ ਅੰਮ੍ਰਿਤ ਫੁਹਾਰ ਸਭ ਨੂੰ ਦਿੰਦੇ ਹਨ। ਪ੍ਰਮਾਤਮਾ ਕ੍ਰਿਪਾ ਕਰੇ ਕਿ ਅਸੀਂ ਆਪ ਜੀ ਤੋਂ ਜੋ ਪ੍ਰਕਾਸ਼ਮਈ ਗਿਆਨ ਪ੍ਰਾਪਤ ਕੀਤਾ ਹੈ, ਉਸਨੂੰ ਹਿਰਦੇ ਵਿਚ ਵਸਾਈਏ ਅਤੇ ਸੱਚੇ ਜਗਿਆਸੂ ਵਾਂਗੂੰ ਮਿਲਕੇ ਪ੍ਰਭੂ ਦੇ ਦਰ ਤੇ ਪੁੱਜਣ ਲਈ ਸਰਲ ਚਿਤ ਹੋ ਕੇ ਉਪਰਾਲਾ ਕਰੀਏ।

# ਮਹਾਂਪੁਰਸ਼ਾਂ ਦੇ ਅਨੁਭਵੀ ਬਚਨ

(ਇਹ ਬਚਨ 121 ਸਾਲ ਪੁਰਾਣੀ ਹੱਥ ਲਿਖਤ ਪੋਥੀ ਵਿਚੋਂ ਸੂਝਵਾਨ ਪਾਠਕਾਂ ਦੀ ਵਿਚਾਰ ਹਿਤ ਲਿਖੇ ਗਏ ਹਨ, ਬੋਲੀ ਪੁਰਾਣੀ ਹੋਣ ਕਰਕੇ ਜ਼ਿਆਦਾ ਧਿਆਨ ਮੰਗਦੀ ਹੈ। ਇਹ ਹੱਥ ਲਿਖਤ ਪੋਥੀ ਇਕ ਰੱਦੀ ਦੇ ਢੇਰ ਵਿਚੋਂ ਪ੍ਰਾਪਤ ਹੋਈ ਸੀ।)

*(ਲੜੀ ਜੋੜਨ ਲਈ ਦੇਖੋ, ਅਗਸਤ ਅੰਕ, ਪੰਨਾ - 16)*

ਨੋਟ – ਬਹੁਤੇ ਪਾਠਕਾਂ ਦੇ ਪਾਸ ਸਮਾਂ ਨਾ ਹੋਣ ਕਰਕੇ ਅਤੇ ਅਤਿ ਦੇ ਰੁਝਵਿਆਂ ਕਰਕੇ ਅੰਤਰਮੁਖ ਜਾ ਕੇ ਇਸ ਵਿਸ਼ੇ ਨੂੰ ਵਿਚਾਰ ਅਧੀਨ ਲਿਆਉਣਾ ਬਹੁਤ ਹੀ ਕਠਿਨ ਹੈ। ਇਸ ਵਿਚ ਜੋ ਖਿਆਲ ਹਨ, ਉਹ ਚਿਤ ਦੀ ਇਕਾਗਰਤਾ ਪੂਰੀ ਤਰ੍ਹਾਂ ਮੰਗਦੇ ਹਨ। ਫੁਰਨੇ ਰੁਕਣ, ਤਾਂ ਇਹ ਗਹਿਣ ਵਿਸ਼ਾ ਹਿਰਦੇ ਪੱਟ ਤੇ ਮੂਰਤੀਮਾਨ ਹੋਵੇ ਅਤੇ ਆਪਣਾ ਅਸਲੀ ਭਾਵ, ਅਨੁਭਵ ਮੰਡਲ ਦੇ ਪ੍ਰਕਾਸ਼ ਰਾਹੀਂ ਸਪਸ਼ਟ ਕਰੇ। ਸੋ ਪਾਠਕਾਂ ਪ੍ਰਤੀ ਬੇਨਤੀ ਹੈ ਕਿ ਇਹ ਅਤਿ ਗਹਿਣ ਵਿਸ਼ਾ, ਭਜਨ ਬੰਦਗੀ ਕਰਨ ਵਾਲਿਆਂ ਵਾਸਤੇ ਅਤੇ ਜੀਵਨ ਦੀ ਨਈਆ ਕਿਨਾਰੇ ਲਾਉਣ ਵਾਸਤੇ ਬਹੁਤ ਹੀ ਪ੍ਰਸ਼ੰਸਨੀਅ ਹੈ। ਇਸਨੂੰ ਪੜ੍ਹਨ ਲਈ ਚਿਤ ਨੂੰ ਇਕਾਗਰ ਕਰੋ, ਮਨ ਨੂੰ ਫੁਰਨਿਆਂ ਤੋਂ ਰੋਕ ਕੇ ਸੁਰਤਿ ਨੂੰ ਇਕ ਧੇਅ ਉਪਰ ਕੇਂਦਰਿਤ ਕਰਕੇ, ਜਦੋਂ ਪੜ੍ਹੋਂਗੇ ਤਾਂ ਇਸ ਸੂਖਸ਼ਮ ਵਿਦਿਆ (ਪਰਾ ਵਿਦਿਆ) ਬਾਰੇ ਕੁਛ ਜਾਣ ਕੇ ਅਨੰਦਿਤ ਹੋ ਉਠੋਂਗੇ।

**ਅਥ ਦੂਸਰਾ ਧਯਾਇ ਭਗਵੰਤ ਕੇ ਪਛਾਣਨੇ ਬਿਖੇ ਚਲੇਗਾ।**

ਤਾਂ ਤੇ ਜਾਣ ਤੂੰ ਜੋ ਸੰਤ ਜਨਹੁ ਕੇ ਬਚਨ ਵਿਖੇ ਇਹੁ ਬਚਨ ਪ੍ਰਸਿਧ ਹੈ ਅਰੁ ਉਨਹੁ ਨੇ ਇਹੀ ਉਪਦੇਸ ਕੀਆ ਹੈ ਜੋ ਹੇ ਭਾਈ! ਪ੍ਰਿਥਮੇ ਜਬ ਤੂੰ ਆਪ ਕੂੰ ਪਛਾਣਹਿ ਤਬ ਨਿਰਸੰਦੇਹ ਭਗਵੰਤ ਕੂੰ ਪਛਾਣਹਿਗਾ। ਇਸੀ ਪਰ ਸਾਂਈ ਨੇ ਭੀ ਕਹਾ ਹੈ – "ਜੋ ਜਿਸ ਨੇ ਆਪਣੇ ਮਨ ਕੂੰ ਪਛਾਣਯਾ ਹੈ ਸੋ ਤਿਸ ਨੇ ਭਗਵੰਤ ਕੂੰ ਪਛਾਣਯਾਂ ਹੈ।"

ਇਸ ਕੀ ਜੁਗਤਿ ਇਹੁ ਹੈ ਜੋ ਇਸ ਕਾ ਰਿਦਾ ਦ੍ਰਪਣ ਕੀ ਨਯਾਈ ਹੈ। ਤਾਂ ਤੇ ਜੋ ਪੁਰਖ ਇਸ ਵਿਖੇ ਬੁਧ ਕੀ ਦ੍ਰਿਸਟ ਕਰ ਦੇਖਤਾ ਹੈ ਤਬ ਉਸ ਕੂੰ ਭਗਵੰਤ ਕਾ ਦਰਸਨ ਪ੍ਰਤਖ ਭਾਸਤਾ ਹੈ। ਬਹੁੜਿ ਸਭੀ ਲੋਕ ਜੋ ਆਪ ਕੂੰ ਦੇਖਤੇ ਹੈ ਅਰੁ ਭਗਵੰਤ ਕੂੰ ਨਹੀ ਦੇਖ ਸਕਤੇ, ਤਿਸ ਕਾ ਕਾਰਨ ਇਹੁ ਹੈ ਜੋ ਜਿਸ ਪ੍ਰਕਾਰ ਆਪ ਕੂੰ ਦੇਖਣਾ ਸੰਤ ਜਨਹੁ ਨੇ ਕਹਾ ਹੈ, ਤਿਸ ਬਿਧਿ ਸੰਜੁਗਤ ਆਪ ਕੂੰ ਨਹੀ ਦੇਖਤੇ। ਤਾਂ ਤੇ ਜਿਸ ਦ੍ਰਿਸਟ ਕਰਕੈ ਰਿਦੇ ਰੂਪੀ ਦ੍ਰਪਣ ਵਿਖੇ ਭਗਵੰਤ ਕੂੰ ਦੇਖ ਸਕੀਤਾ ਹੈ, ਤਿਸ ਕਾ ਖੋਲਣਾ ਅਵਸਮੇਵ ਪਰਵਾਨੁ ਹੈ ਪਰ ਬਹੁਤੇ ਲੋਕਹੁ ਕੀ ਬੁਧਿ ਇਸ ਭੇਦ ਕੂੰ ਸਮਝ ਨਹੀ ਸਕਤੀ। ਤਾਂ ਤੇ ਜਿਸ ਪ੍ਰਕਾਰ ਸਭਨਹੁ ਕੂੰ ਸਮਝ ਸੁਗਮ ਹੋਵੈ, ਸੋ ਤਿਸੀ ਪ੍ਰਕਾਰ ਮੈ ਬਰਨਨ ਕਰਤਾ ਹੋਂ।

ਜੋ ਪ੍ਰਿਥਮੇ ਇਹੁ ਮਾਨੁਖ ਆਪਣੇ ਸਰੂਪ ਕੇ ਹੋਣੇ ਕਰਕੇ ਭਗਵੰਤ ਕੇ ਸਰੂਪ ਕੂੰ ਪਛਾਣੈ ਅਰੁ ਅਪਣੇ ਗੁਣਹੁ ਕਰਕੈ ਭਗਵੰਤ ਕੇ ਗੁਣਹੁ ਕੋ ਪਛਾਣੈ। ਬਹੁੜਿ ਅਪਣੇ ਸਰੀਰ ਅਰੁ ਇੰਦ੍ਰੀਆਂ ਵਿਖੇ ਜਿਉ ਕਰ ਇਸ ਜੀਵ ਕੂੰ (ਕੀ) ਆਗਯਾ ਬਰਤਤੀ ਹੈ ਤੈਸੇ ਹੀ ਸਰਬ ਜਗਤ ਵਿਖੇ ਭਗਵੰਤ ਕੀ ਆਗਯਾ ਕੂੰ ਪਛਾਣੈ। ਸੋ, ਤਿਸ ਕਾ ਬਿਖਯਾਣ ਇਹ ਹੈ ਜੋ ਜੈਸੇ ਇਹੁ ਮਾਨੁਖ ਅਪਣੇ ਆਪ ਕੂੰ ਜਾਣਤਾ ਹੈ ਜੋ ਮੈ ਹੋਂ ਅਰ ਇਉਂ ਭੀ ਜਾਨਿਤਾ ਹੈ ਜੋ ਕੇਤੇ ਕੰਕਾਲ (ਕਾਲ) ਤੇ ਆਗੇ ਮੇਰਾ ਨਾਮ ਰੂਪ ਕਛੂ ਨ ਥਾ; ਬਹੁੜਿ ਜਬ ਇਹ ਮਾਨੁਖ ਆਪਣੀ ਆਦਿ ਕੂੰ ਸਮਝੇ ਤਬ ਆਦਿ ਉਤਪਤ ਕਾ ਮਾਰਗ ਬੀਰਜੁ ਹੈ ਜੋ ਮਲੀਨ ਜਲ ਕੀ ਬੂੰਦ ਥੀ, ਜੋ ਉਸ ਬੂੰਦ ਵਿਖੇ ਬੁਧ ਸਰਵਣ, ਨੇਤ੍ਰ, ਸੀਸ, ਹਾਥ, ਪਾਂਵ, ਰਸਨਾ ਅਸਤ ਨਾੜੀ ਅਰੁ ਤੁਚਾ ਕਛੂ ਨ ਥੀ, ਬਹੁ ਕੇਵਲ ਸ੍ਵੇਤ ਜਲ ਹੀ ਥਾ। ਤਾਂ ਤੇ ਇਹੀ ਬਿਚਾਰ ਕਰੇ ਜੋ ਸਰੀਰ ਵਿਖੇ ਨਾਨਾਂ ਪ੍ਰਕਾਰ ਕੇ ਅਸਚਰਜ ਉਤਪਤ ਹੂਏ ਹੈਂ। ਸ ਇਸ ਨੇ ਆਪ ਹੀ ਬਨਾਏ ਕੇ ਕਿਸੀ ਕੇ (ਨੇ) ਇਸ ਕੂੰ ਉਤਪਤ ਕੀਆ ਹੈ! ਅਰੁ ਇਉਂ ਭੀ ਜਾਣਨਾ ਜੋਗੁ ਹੈ ਜੋ ਅਬ ਤੋ ਇਹੁ ਮਾਨੁਖ ਬੁਧਿ ਅਰੁ ਇੰਦ੍ਰੀਆਂ ਸੰਜੁਗਤ ਪੂਰਨ ਹੈ ਤਉ ਭੀ ਏਕ ਬਾਲ ਕੂੰ ਬਨਾਇ ਨਹੀ ਸਕਤਾ। ਪਰ ਜਬ ਇਸ ਕਾ ਬੀਰਜੁ ਰੂਪ ਥਾ ਤਬ ਤਉ ਮਹਾਂ ਨੀਚ ਜੜ੍ਹ ਥਾ ਤਬ ਆਪ ਕੂੰ ਕਿਉਂ ਕਰ ਬਨਾਇ ਸਕਤਾ ਥਾ।

ਸੋ, ਜਬ ਇਸ ਪ੍ਰਕਾਰ ਇਹ ਮਾਨੁਖ ਅਪਣੀ ਉਤਪਤ ਕੂੰ ਪਛਾਣੈ ਤਬ ਅਪਣੇ ਉਤਪਤ ਕਰਨੇਹਾਰੇ ਮਹਾਰਾਜ ਕੂੰ ਸੁਗਮ ਹੀ ਪਛਾਣਿ ਲੇਵੈ। ਬਹੁੜਿ ਜਬ ਅਪਣੇ ਅਸਚਰਜ ਰੂਪੀ ਅੰਗਹੁ ਕੂੰ ਦੇਖੈ ਤਬ ਭਗਵੰਤ ਕੂੰ (ਨੂੰ) ਦੇਖੈ ਤਬ ਭਗਵੰਤ ਕੀ ਸਮ੍ਰਥਾਈ ਕੂੰ ਪ੍ਰਗਟ ਹੀ ਸਮਝ ਲੇਵੈ ਅਰੁ ਇਉਂ ਭੀ ਜਾਣੈ ਜੋ ਵਹੁ ਈਸਵਰ ਐਸਾ ਸਮ੍ਰਥ ਹੈ ਜੋ ਜਿਸ ਪ੍ਰਕਾਰ ਕਿਸੀ ਪਦਾਰਥ ਕੂੰ ਉਤਪਤ ਕੀਯਾ ਚਾਹੈ ਸੋ ਕਰ ਸਕਤਾ ਹੈ। ਬਹੁੜਿ ਇਸ ਤੇ ਵਿਸੇਖ (ਵਿਸ਼ੇਸ਼) ਕਯਾ ਬਰਨਨ ਕਰੀਏ। ਉਸ ਕਾ ਬਲ ਐਸਾ ਹੈ ਜੋ ਐਸੇ ਮਲੀਨੁ ਜਲ ਕੀ ਬੂੰਦਿ ਤੇ ਇਹ ਸਰੀਰ ਸੁੰਦ੍ਰ ਬਨਾਇਆ ਹੈ। ਅਰੁ ਅਸਚਰਜ ਰੂਪ ਇੰਦ੍ਰੀਆਂ ਸਾਥ ਸਰੀਰ ਕੇ ਬਨਾਈਯਾਂ ਹੈ। ਅਰੁ, ਜਬ ਇਹ ਮਾਨੁਖ ਅਪਣੇ ਸਰਬ ਸੁਭਾਵ੍ਹੁ ਕੀ ਓਰ ਦੇਖੈ ਅਰੁ ਇੰਦ੍ਰੀਆਂ ਕੇ ਕਾਰਜਹੁ ਕੂੰ ਪਛਾਣੈ, ਤਬ ਇਸ ਬਾਰਤਾ ਕੂੰ ਜਾਨਿ ਲੇਵੈ ਜੋ ਏਕ ਏਕ ਅੰਗ ਅਰੁ ਸੁਭਾਵ ਕੂੰ ਕੈਸੇ ਗੁਣਹੁ ਕੇ ਨਮਿਤ ਬਨਾਯਾ ਹੈ; ਜੈਸੇ ਹਾਥ ਪਾਂਵ ਜਿਭਯਾ ਨੇਤ੍ਰ ਦਾਤ ਅਰ ਸਰੀਰ ਕੇ ਅੰਤਰ ਜੋ ਅੰਗ ਹੈ, ਤੈਸੇ ਰਿਦਾ ਅਰੁ ਨਾਭ ਅਰੁ ਅਵਰ ਜੋ ਇਤਯਾਦਿਕ ਅੰਗ ਵਿਸੇਖ ਹੈ, ਸੋ ਇਨ ਕੀ ਉਤਪਤ ਕੇ ਗੁਹਜ ਕਰਕੈ ਅਪਣੇ ਉਤਪਤ ਕਰਨੇਹਾਰੇ ਈਸੁਰ ਕੀ ਬਿਦਯਾ ਕੂੰ ਸਮਝੈ, ਜੋ ਉਸ ਕੀ ਬਿਦਯਾ ਅਪਾਰ ਹੈ ਅਰੁ ਸਰਬ ਪਦਾਰਥਹੁ ਵਿਖੇ ਭਰਪੂਰ ਹੈ। ਯਹੁ ਭੀ ਜਾਣੈ ਜੋ ਐਸੀ ਉਸ ਕੀ ਬਿਦਯਾ ਤੇ ਕੋਈ ਪਦਾਰਥ ਗੁਹਜ ਨਹੀਂ ਹੋ ਸਕਤਾ।

ਤਾਂ ਤੇ ਜਬ ਸਭ ਬੁਧਵਾਨ ਇਕਤ੍ਰ ਹੋਇ ਕਰ ਦੀਰਘੁ ਕਾਲ ਪ੍ਰਜੰਤ ਬੀਚਾਰ ਕਰਹਿ ਅਰੁ ਕਿਸੀ ਏਕ ਅੰਗ ਕੂੰ ਅਵਰ ਭਾਂਤਿ ਕਰਕੈ ਬਨਾਯਾ ਚਾਹਤਾ ਹੈ, ਤਬ ਜਿਸ ਪ੍ਰਕਾਰ ਆਗੇ ਭਗਵੰਤ ਬਨਾਏ ਹੈ, ਸੋ ਤਿਸ ਹੀ ਕੂੰ ਭਲਾ ਜਾਨਹਿ ਅਰੁ ਉਸ ਤੇ ਅਨਥਾ ਕਿਸੀ ਪ੍ਰਕਾਰ ਨ ਕਰ ਸਕਹਿ ਜੈਸੇ ਯਹੁ ਦਾਤ ਹੈ। ਸੋ, ਪ੍ਰਿਥਮੇ ਦਾਤਹੁ ਕੇ ਸੀਸ ਤੀਖਣ ਹੈ ਅਰੁ ਵਹੁ ਭੀ ਤੀਖਣਤਾ ਕਰਕੈ ਅਹਾਰ ਕੂੰ ਖੰਡ

ਖੰਡ ਕਰ ਦੇਤੇ ਹੈ। ਬਹੁੜਿ, ਦੂਸਰੇ ਜੋ ਦਾਂਤ ਹੈ ਸੋ ਤਿਨ ਕੇ ਸੀਸ ਚੌੜੇ ਹੈ, ਤਿਨਹੁ ਕਰ ਅਹਾਰ ਪੀਸਯਾ ਜਾਤਾ ਹੈ ਜੈਸੇ ਅਨਾਜਿ ਕੂੰ ਜੰਦ੍ਰ ਪੀਸਤਾ ਹੈ। ਅਰੁ ਜੰਦ੍ਰ ਵਿਖੇ ਨਲੀ ਕਰਕੈ ਅਨਾਜ ਏਕਠਾ ਹੋਇ ਆਵਤਾ ਹੈ ਤੈਸੇ ਹੀ ਰਸਨਾ ਭੀ ਗ੍ਰਾਸ ਕੂੰ ਏਕਠਾ ਕਰਕੈ ਦਾਂਤਹੁ ਤਲੈ ਦੇਤੀ ਹੈ। ਬਹੁੜ, ਰਸਨਾ ਕੇ ਨੀਚੇ ਏਕ ਸ੍ਰੋਵਰ ਰਾਖਯਾ ਹੈ, ਜੋ ਉਸ ਕਰਕੈ ਰਸਨਾ ਗ੍ਰਾਸ ਕੂੰ ਭਿਜੋਇ ਲੇਤੀ ਹੈ। ਅਬ ਅਹਾਰ ਕੂੰ ਭਿਗੋਵਣੇ ਕਰਕੈ ਕੋਮਲਤਾਈ ਉਪਜਤੀ ਹੈ। ਅਰੁ ਉਸ ਕਾ ਭਿਗੋਵਣਾ ਭੀ ਮਰਜਾਦਾ ਅਨੁਸਾਰ ਹੋਤਾ ਹੈ। ਤਾਂ ਤੇ ਵਹੁ ਗ੍ਰਾਸ ਸੁਖੇਨ ਹੀ ਕੰਠ ਵਿਖੇ ਉਤਰ ਜਾਤਾ ਹੈ। ਜੋ ਜਬ ਸਬ ਬੁਧਵਾਨ ਏਕਠੇ ਹੋਵਹਿ ਅਰੁ ਭਗਵੰਤ ਕੀ ਅਸਚਰਜ ਰੂਪ ਕਾਰੀਗਰੀ ਤੇ ਕਛੁ ਅਵਰ ਪ੍ਰਕਾਰ ਚਿਤਵਨੀ ਕਰਹਿ ਤਬ ਇਸ ਤੇ ਵਿਸੇਖ ਬਨਾਇ ਨ ਸਕਹਿ। ਤਾਂ ਤੇ ਜੋ ਕਛੁ ਭਗਵੰਤ ਨੇ ਕੀਆ ਹੈ ਸੋ ਉਸ ਕੀ (ਕੇ) ਵਿਖੇ ਸੰਪੂਰਨ ਭਲਾਈ ਅਰੁ ਸੁੰਦਰਤਾਈ ਹੈ। ਜੈਸੇ ਹਾਥ ਕੀ ਪਾਂਚ ਉਗਲੀਆਂ ਹੈ, ਸੋ ਚਾਰ ਅੰਗਲੀਯਹੁ ਕਾ ਸੁਭਾਵ ਏਕ ਹੈ ਅਰ ਪਾਂਚਵਾਂ ਜੋ ਅੰਗੂਠਾ ਹੈ ਸੋ ਤਿਸ ਕਾ ਸੁਭਾਵ ਭਿੰਨ ਹੈ ਅਰੁ ਇਸ ਕੀ ਊਚਤਾਈ ਥੋੜੀ ਹੈ, ਬਹੁੜ ਕੈਸਾ ਹੈ ਜੋ ਸਰਬ ਅੰਗਲੀਯਹੁ ਕੇ ਉਪਰ ਫਿਕਤਾ (ਫਿਰਤਾ) ਹੈ ਅਰੁ ਸਭਨਹੁ ਹਾਥ ਕਾਰਜ ਕਰਤਾ ਹੈ ਪਰ ਅੰਗਲੀਯਹੁ ਕੇ ਤੀਨ ਤੀਨ ਬੰਦ ਹੈਂ ਪਰ ਅੰਗੂਠੇ ਕੂੰ ਦੋਇ ਬੰਦ ਹੈ। ਤਾਂ ਤੇ ਅੰਗੂਠੇ ਕੂੰ ਐਸਾ ਦ੍ਰਿੜ ਬਨਾਯਾ ਹੈ ਜੋ ਜਬ ਚਾਹਤਾ ਹੈ ਤਬ ਅੰਗਲੀਯਹੁ ਕੂੰ ਸਮੇਟ ਕਰ ਮੁਠਿ ਕਰਿ ਲੇਤਾ ਹੈ, ਬਹੁੜਿ ਉਸ ਮੂਠੀ ਕੂੰ ਵਧਾੜਿ (ਖੋਲ੍ਹ) ਭੀ ਦੇਤਾ ਹੈ ਅਰੁ ਕਬੀ ਹਾਥ ਕੂੰ ਡੂੰਘਾ ਕਰਿ ਲੇਤਾ ਹੈ ਅਰੁ ਕਬਹੂੰ ਚੌੜਾ ਕਰਿ ਲੇਤਾ ਹੈ। ਅਰੁ ਨਾਨਾ ਪ੍ਰਕਾਰ ਜੋ ਸਸਤ੍ਰ ਹੈ ਸੋ ਅੰਗੂਠੇ ਹੀ ਕਰਿ ਕੇ ਸਿਧ ਹੋਤੇ ਹੈ। ਅਰੁ ਕਬਹੂੰ ਹਾਥ ਕੂੰ ਬਾਸਨਾ ਕੀ ਨਯਾਈ ਬਨਾਇ ਲੇਤਾ ਹੈ। ਤਾਤਪ੍ਰਜ ਇਹੁ, ਜੋ ਹਾਥ ਕੀ ਕ੍ਰਿਆ ਸਭ ਅੰਗੂਠੇ ਕਰ ਸਿਧ ਹੋਤੀ ਹੈ ਪਰੁ ਜਬ ਸਭੀ ਸਯਾਣੇ ਮਿਲ ਕਰ ਕਿਸੀ ਅਵਰ ਪ੍ਰਕਾਰ ਬੀਚਾਰ ਕਰਿ ਜੋ ਪਾਂਚੋ ਅੰਗੁਲੀਯਾਂ ਮਸਨ ਹੋਵਹ ਅਥਵਾ ਤੀਨ ਏਕ ਓਰ ਹੋਵੈ ਅਰ ਦੋ ਭਿੰਨ ਹੋਵਹਿ ਅਥਵਾ ਖਸਟ (ਛੇ) ਅੰਗੁਲੀਯਾਂ ਹੀ ਹੋਵਹਿ ਅਥਵਾ ਚਾਰ ਹੋਵਹ ਅਥਵਾ ਇਨ ਤੀਨ ਬੰਦਹੁ ਤੇ ਚਾਰ ਕੀਆ ਚਾਹੈ। ਜੋ ਯਹੁ ਜੇਤਾ ਕਛੁ ਬਿਚਾਰ ਕਰਹਿਗੇ ਸੋ ਸਭ ਨੀਚੁ ਅਰੁ ਕਰੂਪ ਹੋਵੈਗਾ। ਤਾਂ ਤੇ ਜੋ ਕਛੁ ਭਗਵੰਤ ਨੇ ਬਨਾਇਆ ਹੈ ਸੋਈ ਭੂਰਨ (ਠੀਕ) ਹੈ। ਅਰੁ ਇਸੀ ਕਰਿ ਕੈ ਪ੍ਰਸਿਧ ਹੂਆ ਜੋ ਉਤਪਤ ਕਰਨੇਹਾਰੇ ਮਹਾਰਾਜ ਕੀ ਬਿਦਯਾ ਇਸ ਜੀਵ ਕੇ ਸਰੀਰ ਅਰੁ ਸਰਬ ਪਦਾਰਥਹੁ ਵਿਖੇ ਭਰਪੂਰ ਹੈ ਅਰੁ ਸਰਬ ਜਗਤ ਕੇ ਜਾਨਣੇਹਾਰਾ ਹੈ। ਬਹੁੜਿ ਜੇਤੇ ਕਛੁ ਸਰੀਰ ਕੇ ਅੰਗ ਹੈ ਸੋ ਸਭਨਹੁ ਵਿਖੇ ਐਸੇ ਹੀ ਗੁਣ ਅਰ ਭੇਦ ਹੈ ਪਰੁ ਜੋ ਕੋਈ ਇਨ ਭੇਦਹੁ ਕੋ ਸਮਝਤਾ ਹੈ ਸੋ ਭਗਵੰਤ ਕੀ ਬਿਦਯਾ ਕੂੰ ਦੇਖ ਕਰ ਅਧਿਕ ਅਸਚਰਜਮਾਨ ਹੋਤਾ ਹੈ।

ਤਾਂ ਤੇ ਯਹੁ ਪੁਰਖ ਅਪਣੇ ਅੰਗਹੁ ਕੀ ਓਰ ਦੇਖੈ ਬਹੁੜ ਅਹਾਰ ਅਰੁ ਬਸਤ੍ਰ ਅਰ ਪ੍ਰਿਥਵੀ ਆਦਿਕ ਜੋ ਅਸਥਾਨ ਹੈ ਸੋ ਤਿਨ ਕਾ ਵਿਚਾਰ ਕਰੈ। ਬਹੁੜਿ ਅਹਾਰਹੁ ਕੀ ਉਤਪਤ ਕਾ ਸੰਨਬੰਧ ਜੋ ਮੇਘ ਅਰੁ ਪਵਨ ਅਰ ਸੀਤ ਉਸਨ ਆਦਿਕ ਰਤੀ ਕੇ ਸਾਥ ਹੈ, ਤਿਸ ਕੂੰ ਪਛਾਣੈ ਅਰੁ ਅਸਚਰਜ ਰੂਪ ਜੋ ਖਾਣੀ ਹੈ, ਸੋ ਤਿਨਹੁ ਵਿਖੇ ਜੋ ਲੋਹਾ ਅਰੁ ਤਾਂਬਾ ਇਤਯਾਦਿਕ ਅਵਰ ਧਾਤ ਉਪਜਤੀਯਾਂ ਹੈਂ। ਬਹੁੜਿ ਲੋਹੇ ਅਰੁ ਕਾਸਟ ਕਰਕੈ ਅਨੇਕ ਭਾਂਤ ਕੇ ਸਸਤ੍ਰ ਬਨਤੇ ਹੈਂ। ਇਨਹੁ ਸਸਤ੍ਰਹੁ ਕੀ ਵਿਦਯਾ ਅਰੁ ਕਾਰੀਗਰੀ ਜੋ ਹੈ ਸੋ ਇਹ ਭੀ ਅਪਾਰ ਹੈ। ਪਰ ਜਬ ਕੋਈ ਪੁਰਖ ਵਿਚਾਰ ਕਰਕੈ ਦੇਖੈ ਤਬ ਏ ਪਦਾਰਥ ਸਭ ਹੀ ਜਗਤ ਵਿਖੇ ਚਾਹੀਤੇ ਥੇ; ਸੋ ਭਗਵੰਤ ਨੇ ਆਗੇ ਹੀ ਅਪਾਰ ਦਯਾ ਕਰਿ ਕੈ ਉਤਪਤ ਕੀਏ ਹੈਂ ਅਰੁ ਸੰਪੂਰਨ ਬਿਧ ਸੰਜੁਗਤ ਬਨਾਇ ਰਾਖੇ ਹੈਂ ਅਰੁ ਏਕ ਏਕ ਪਦਾਰਥ ਵਿਖੇ ਕੇਤੇ ਗੁਣ ਰਚੇ ਹੈਂ। ਸੋ ਪ੍ਰਿਥਮੇ ਹੀ ਜਬ ਭਗਵੰਤ ਇਨ ਕੂੰ ਉਤਪਤ ਨ ਕਰਤਾ ਤਬ ਯੂੰ ਭੀ ਕੋਈ ਨ ਜਾਨਤਾ ਜੋ ਅਮਕਾ ਪਦਾਰਥ ਮੁਝ ਕੂੰ ਚਹੀਤਾ ਹੈ ਅਰੁ ਮਾਂਗ ਲੇਊਂ। ਤਾਂ ਤੇ ਭਗਵੰਤ ਨੇ ਆਪਣੀ ਦਯਾ ਕਰਕੈ ਪਛਾਨਣੇ ਅਰੁ ਮਾਂਗਣੇ ਬਿਨਾ ਹੀ ਸਭੀ ਪਦਾਰਥ ਦੀਏ ਹੈਂ ਅਰੁ ਜੀਵਹੁ ਕੂੰ ਸਰਬ ਕਾਰਜਹੁ ਕੀ ਵਿਦਯਾ ਦੀਨੀ ਹੈ। ਸੋ, ਇਸ ਕਰਕੈ ਭਗਵੰਤ ਕੀ ਪਰਮ ਦਯਾ ਪਛਾਣੀ ਜਾਤੀ ਹੈ ਜੋ ਵਹੁ ਮਹਾਰਾਜ ਸਰਬ ਸ੍ਰਿਸਟ ਪਰ ਮਹਾਂ ਕ੍ਰਿਪਾਲ ਹੈ ਅਰੁ ਉਸ ਕੀ ਐਸੀ ਦਯਾ ਕੂੰ ਦੇਖ ਕਰਿ ਸਰਬ ਸੰਤ ਅਸਚਰਜਮਾਨ ਹੋ ਰਹੈ ਹੈਂ। ਇਸੀ ਪਰ ਅਬਯਾਇ ਭੀ ਕਹਾ ਹੈ: "ਜੋ ਜੈਸੇ ਬਾਲਕ ਕੇ ਊਪਰ ਮਾਤਾ ਪਿਤਾ ਕੀ ਬਿਦਯਾ ਹੋਤੀ ਹੈ, ਤੈਸੇ ਹੀ ਸਰਬ ਜੀਵਹੁ ਪਰ ਭਗਵੰਤ ਇਸ ਤੇ ਭੀ ਅਧਿਕ ਦਯਾਲ ਹੈਂ।"

ਤਾਂ ਤੇ ਇਸ ਜੀਵ ਕੇ ਉਤਪਤ ਹੋਣੇ ਕਰਿ ਕੈ ਭਗਵੰਤ ਕੀ ਸਤਤਾ ਪਛਾਂਣੀ ਜਾਤੀ ਹੈ ਅਰੁ ਨਾਨਾਂ ਪ੍ਰਕਾਰ ਕੇ ਅੰਗਹੁ ਕੀ ਉਤਪਤ ਕਰਿ ਕੈ ਉਸ ਕੀ ਪੂਰਨ ਸੰਮ੍ਰਥਤਾਈ ਪਛਾਣਿ ਸਕੀਤੀ ਹੈ; ਬਹੁੜਿ ਸਰਬ ਅੰਗਹੁ ਵਿਖੇ ਜੋ ਅਨੇਕ ਭਾਂਤ ਕੇ ਗੁਣ ਅਰ ਕਾਰਜ ਰਚੇ ਹੈਂ। ਸੋ, ਇਸ ਕਰਕੈ ਭਗਵੰਤ ਕੀ ਪਰਮ ਵਿਦਯਾ ਭਾਸਿ ਆਵਤੀ ਹੈ। ਅਰੁ ਜੋ ਪਦਾਰਥ ਅਵਸਮੇਵ ਕਾਰਜਿ ਮਾਤ੍ਰ ਅਰੁ ਸੁੰਦ੍ਰਤਾਈ ਕੇ ਨਮਿਤ ਚਹੀਤੇ ਹੈਂ ਸੋ ਸਭੀ ਇਸ ਮਾਨੁਖ ਕੂੰ ਦੀਏ ਹੈਂ ਅਰੁ ਕਿਸੀ ਸੇ ਕਛੂ ਦੁਰਾਇ (ਛੁਪਾਇ) ਨਹੀ ਰਾਖਯਾ। ਸੋ, ਐਸੇ ਵੀਚਾਰ ਕਰਿ ਕੈ ਭਗਵੰਤ ਕੀ ਪਰਮ ਦਯਾ ਪਛਾਣੀ ਜਾਤੀ ਹੈ। ਤਾਂ ਤੇ ਅਪਣਾ ਪਛਾਨਣਾ, ਜੋ ਭਗਵੰਤ ਕੇ ਪਛਾਨਣੇ ਕੀ ਕੁੰਜੀ ਹੈ, ਸੋ ਇਸ ਕਾ ਅਰਥ ਇਹੀ ਹੈ ।੧।

**ਅਥ ਦੂਸਰੇ ਸਰਗ ਵਿਖੇ ਭਗਵੰਤ ਕੀ ਨ੍ਰਿਲੇਪਤਾ ਅਰੁ ਪਰਮ ਸੁਧਤਾ ਕੀ ਪਛਾਣਿ ਬਰਨਨ ਹੋਵੈਗੀ –**

ਤਾਂ ਤੇ ਜਾਣਿ ਤੂੰ ਜੋ ਜਬ ਤੈਨੇਂ ਅਪਣੈ ਸਰੂਪ ਕੀ ਸਤਤਾ ਕਰਿ ਕੈ ਭਗਵੰਤ ਕੇ ਸਰੂਪ ਕੂੰ ਪਛਾਣਯਾ ਅਰੁ ਅਪਣੇ ਗੁਣਹੁ ਕਰਿ ਕੈ ਭਗਵੰਤ ਕੇ ਗੁਣਹੁ ਕੂੰ ਪਛਾਂਣਯਾ, ਤਬ ਭਗਵੰਤ ਕੀ ਸੁਧਤਾ ਅਰੁ ਨ੍ਰਿਲੇਪਤਾ ਕਾ ਅਰੁਥ ਭੀ ਪਛਾਣਯਾ ਚਾਹੀਤਾ ਹੈ।

ਸੋ, ਸੁਧਤਾ ਕਾ ਅਰਥ ਯਹੁ ਹੈ ਜੋ ਜੇਤੀ ਕਛੁ ਅਸਥੂਲਤਾ ਮਨ ਕੇ ਸੰਕਲਪ ਵਿਖੇ ਆਵਤੀ ਹੈ, ਸੋ ਤਿਸ ਤੇ ਭਗਵੰਤ ਨ੍ਰਿਲੇਪ ਹੈ। ਅਰਥ ਯਹੁ ਜੋ ਉਸ ਕਾ ਸਰੂਪ ਸੰਕਲਪ ਵਿਖੇ ਨਹੀ ਪਾਵਤਾ; ਬਹੁੜਿ ਦੇਸਿ ਕਾਲ ਤੇ ਭੀ ਨ੍ਰਿਲੇਪ ਹੈ। ਸੋ, ਜਦਪ ਕੋਈ ਅਸਥਾਨ ਉਸਕੀ ਸਤਤਾ ਤੇ ਭਿੰਨ ਨਹੀਂ, ਤੌ ਭੀ ਉਸ ਕੂੰ ਐਸੇ ਨਹੀਂ ਕਹ ਸਕੀਤਾ ਜੋ ਭਗਵੰਤ ਅਮਕੇ ਅਸਥਾਨ ਵਿਖੇ ਰਹਤਾ ਹੈ। ਸੋ, ਇਸ ਨ੍ਰਿਲੇਪਤਾ ਕਾ ਲਛਣ ਭੀ ਅਪਣੇ ਵਿਖੇ ਹੀ ਪਛਾਣਿ ਸਕੀਤਾ ਹੈ। ਜੈਸੇ ਮੈਨੇ ਆਗੇ ਭੀ ਵਰਨਨ ਕੀਯਾ ਹੈ, ਜੋ ਇਸ ਜੀਵ ਕਾ ਚੈਤੰਨ ਸਰੂਪ ਹੈ, ਮਨ ਕੇ ਸੰਕਲਪ ਵਿਖੇ ਉਸ ਕਾ ਰੰਗ ਰੂਪ ਕਛੂ ਨਹੀ ਭਾਸਤਾ; ਬਹੁੜਿ ਮ੍ਰਿਜਾਦਾ ਤੇ ਰਹਤ ਹੈ ਅਰੁ ਅਖੰਡ ਹੈ ਅਰੂਪ ਹੈ। ਜੋ ਵਸਤੂ ਅਰੂਪ ਅਰੁ ਮ੍ਰਿਜਾਦਾ ਤੇ ਰਹਤ ਹੋਤੀ ਹੈ, ਉਸ ਕਾ ਸਰੂਪ ਸੰਕਲਪ ਵਿਖੇ ਕਦਾਚਿਤ ਨਹੀ ਆਵਤਾ;

ਕਾਹੇ ਤੇ ਜੋ ਜਿਸ ਪਦਾਰਥ ਕੂੰ ਨੇਤ੍ਰਹੁ ਕਰ ਦੇਖਯਾ ਹੋਵੈ

ਅਥਵਾ ਉਸ ਕੀ ਨਯਾਈਂ ਅਵਰ ਵਸਤੁ ਦੇਖੀ ਹੋਵੈ, ਤਬ ਉਸ ਕਾ ਅਕਾਰ ਸੰਕਲਪ ਵਿਖੇ ਆਵਤਾ ਹੈ। ਤਾਂ ਤੇ ਸੰਕਲਪ ਕੀ ਗਮ (ਪਹੁੰਚ) ਭੀ ਰੂਪ ਰੰਗ ਵਿਖੇ ਹੋਤੀ ਹੈ ਅਰੁ ਜਿਸ ਪਦਾਰਥ ਕੂੰ ਸੰਕਲਪ ਕਰ ਜਾਣਯਾ ਚਾਹਤਾ ਹੈ, ਸੋ ਤਿਸ ਕਾ ਅਰਥੁ ਇਹੁ ਹੈ ਜੋ ਅਮਕੀ ਬਸਤ ਕੈਸੀ ਹੈ ਅਰੁ ਉਸ ਕਾ ਰੂਪ ਰੰਗ ਕੈਸਾ ਹੈ ਅਰੁ ਉਸ ਕੀ ਮ੍ਰਿਜਾਦਾ ਕੇਤੀ ਹੈ, ਬਹੁਰਿ ਲਘ ਅਥਵਾ ਦੀਰਘ ਹੈ। ਸੋ, ਉਸ ਚੈਤੰਨ ਰੂਪ ਵਿਖੇ ਐਸੇ ਸੰਕਲਪਹੁ ਕਾ ਮਾਰਗੁ ਹੀ ਨਹੀ ਅਰੁ ਜਬ ਕੋਈ ਯਹੁ ਪ੍ਰਸਨ ਕਰੈ ਜੋ ਵਹੁ ਕੈਸਾ ਹੈ? ਸੋ, ਇਹੁ ਪ੍ਰਸਨ ਹੀ ਬਿਰਥਾ ਹੈ। ਅਰੁ ਜਬ ਤੂੰ ਇਸ ਸੰਸੇ ਕੂੰ ਦੂਰ ਕੀਆ ਚਾਹੈ ਜੋ ਜਿਸ ਪਦਾਰਥ ਕਾ ਰੰਗ ਰੂਪ ਕਛੁ ਨ ਹੋਵੈ ਤਹ ਉਸ ਪਦਾਰਥ ਕੂੰ ਕਿਉਕਰਿ ਸਤ ਜਾਣੀਏ? ਸੋ, ਤਿਸ ਕਾ ਉਤਰ ਯਹੁ ਹੈ ਜੋ ਇਸ ਵਾਰਤਾ ਕੂੰ ਭੀ ਤੂੰ ਅਪਣੈ ਅੰਤਰ ਹੀ ਦੇਖ ਜੋ ਤੇਰਾ ਚੈਤੰਨ ਸਰੂਪ ਹੈ ਜੋ ਮ੍ਰਿਜਾਦਾ ਅਰੁ ਪ੍ਰਵਾਂਨ ਤੇ ਰਹਤ ਹੈ ਅਰੁ ਉਸ ਕਾ ਸਰੂਪ ਵਰਨਨ ਵਿਖੇ ਨਹੀ ਆਵਤਾ। ਪੁਰ ਜਬ ਤੈਨੇ ਆਪ ਕੂੰ ਭੀ ਇਸ ਪਰਕਾਰ ਨ੍ਰਿਲੇਪ ਜਾਣਯਾ ਤਬ ਐਸੇ ਜੋਣਿ (ਜਾਣ) ਜੋ ਭਗਵੰਤ ਕੀ ਨ੍ਰਿਲੇਪਤਾ ਤੇਰੀ ਨ੍ਰਿਪੇਲਤਾ ਤੇ ਅਧਿਕ ਵਿਸੇਖ ਹੈ। ਪਰੁ ਇਹ ਲੋਕ ਸੁਨਿ ਕਰਿ ਅਸਚਰਜਮਾਨ ਹੋਤੇ ਹੈਂ ਜੋ ਜਿਸ ਕਾ ਰੂਪ ਰੰਗ ਕਛੁ ਨ ਹੋਵੇ, ਉਸ ਕੂੰ ਸਤਿ ਸਰੂਪ ਕਿਉਕਰਿ ਜਾਣੀਏ! ਬਹੁੜਿ ਜਬ ਵੀਚਾਰ ਕਰਕੈ ਦੇਖੈ ਤਬ ਉਹੁ ਆਪ ਭੀ ਰੂਪ ਰੰਗ ਤੇ ਰਹਤ ਹੈ ਅਰੁ ਸਤਿ ਸਰੂਪ ਹੈ ਅਰੁ ਆਪ ਕੂੰ ਪਛਾਣਿ ਨਹੀ ਸਕਤੇ। ਬਹੁੜਿ, ਜਬ ਯਹੁ ਮਾਨੁਖ ਅਪਣੇ ਸਰੀਰ ਬਿਖੇ ਵਿਚਾਰ ਕਰਕੈ ਦੇਖੈ ਤਬ ਸਹੰਸ੍ਰ ਪਦਾਰਥਹੁ ਕੂੰ ਰੂਪ ਰੰਗ ਤੇ ਰਹਤ ਪਛਾਂਣੈ; ਜੈਸੇ ਕ੍ਰੋਧ ਅਰੁ ਪੀੜਾ ਅਰੁ ਸੁਖ ਜੋ ਹੈ, ਸੋ ਯਹੁ ਭੀ ਪਦਾਰਥ ਅਰੂਪ ਹੈਂ। ਤਾਂ ਤੇ ਜੋ ਕੋਈ ਇਹ ਪ੍ਰਸਨ ਕਰੈ ਜੋ ਅਰੂਪ ਬਸਤ ਕਿਉਂਕਰਿ ਸਤਿ ਹੋਤੀ ਹੈ, ਸੋ ਇਹ ਪ੍ਰਸਨ ਹੀ ਵਿਅਰਥ ਹੈ। ਕਾਹੇ ਤੇ, ਜੋ ਜਬ ਇਹ ਪੁਰਖ ਰਾਗ ਅਰੁ ਸੁਗੰਧ ਅਰੁ ਸੁਵਾਦ ਕੇ ਰੂਪ ਅਰੁ ਚਿਹਨ ਕੂੰ ਦੇਖਯਾ ਚਾਹੈ ਤਬ ਇਨ ਕੇ ਅਕਾਰ ਦੇਖਣੇ ਬਿਖੇ ਭੀ ਅਸਮ੍ਰਥ ਹੋਤਾ ਹੈ। ਇਸ ਕਾ ਕਾਰਨ ਇਹੁ ਹੈ ਜੋ ਰੂਪ ਰੰਗ ਕੀ ਢੂੰਢ ਭੀ ਮਨ ਕੇ ਸੰਕਲਪ ਕੂੰ ਹੋਤੀ ਹੈ। ਪਰੁ ਪ੍ਰਿਥਮੇ ਜਿਸ ਪਦਾਰਥ ਕੂੰ ਨੇਤ੍ਰ ਦੇਖਤੇ ਹੈਂ, ਉਸ ਕੀ ਮੂਰਤ ਸੰਕਲਪ ਬਿਖੇ ਦ੍ਰਿੜ ਹੋ ਜਾਤੀ ਹੈ। ਬਹੁੜਿ ਸਰਬ ਪਦਾਰਥਹੁ ਕੇ ਰੰਗ ਰੂਪ ਕੂੰ ਦੇਖਯਾ ਚਾਹਤਾ ਹੈ ਪਰ ਸਰਬਣਹੁ (ਸਰਵਣੋਂ) ਕੀ ਵਿਖੇ ਜੋ ਸਬਦੁ ਹੈ, ਤਿਸ ਵਿਖੇ ਨੇਤ੍ਰਹੁ ਕਾ ਦੇਖਣਾ ਪਹੁੰਚ ਨਹੀ ਸਕਤਾ ਅਰੁ ਸਬਦੁ ਕਾ ਰੂਪ ਚਿਹਨੁ ਭੀ ਪਾਇ ਕਛੂ ਨਹੀ ਸਕੀਤਾ। ਤਾਂ ਤੇ ਜਿਸ ਪ੍ਰਕਾਰ ਸਬਦੁ ਨੇਤ੍ਰਹੁ ਕੀ ਦ੍ਰਿਸਟ ਤੇ ਵਿਲਖਣ ਹੈ ਤੈਸੇ ਹੀ ਰੂਪ ਰੰਗ ਕਾ ਦੇਖਣਾ ਸਰਬਣਹੁ ਤੇ ਬਿਲਖਣ ਹੈ। ਬਹੜਿ ਸਰਬ ਇੰਦ੍ਰੀਯਹੁ ਕੇ ਵਿਖੇ ਭਿੰਨ ਭਿੰਨ ਹੈ। ਪਰ ਜਿਸ ਪਦਾਰਥ ਕੀ ਜਾਣ ਬੁਧ ਕਰਕੈ ਪਾਇ ਸਕੀਤੀ ਹੈ, ਤਿਸ ਕੂੰ ਇੰਦ੍ਰੀ ਅਗੋਚਰ ਕਹੀਤਾ ਹੈ। ਅਰੁ ਰੂਪ ਰੰਗ ਕੀ ਜੋ ਪ੍ਰਾਪਤਿ ਹੈ ਸੋ ਇੰਦ੍ਰੀਯਹੁ ਕੇ ਦੇਸ ਵਿਖੇ ਪਾਈ ਜਾਤੀ ਹੈ ਪਰ ਜਿਸ ਭੇਦ ਕੂੰ ਪੁਰਖਾਰਥ (ਉਦਮ) ਅਰੁ ਜੁਗਤਿ ਕਰਕੈ ਸਮਝ ਸਕੀਤਾ ਹੈ।

ਸੋ, ਤਾਤਪ੍ਰਜੁ ਇਹ ਹੈ ਜੋ ਇਹ ਮਾਨੁਖ ਅਪਣੀ ਅਰੂਪਤਾ ਅਰੁ ਨਿਰਾਕਾਰਤਾ ਕਰਕੈ ਭਗਵੰਤ ਕੀ ਨਿਰਾਕਾਰਤਾ ਅਰੁ ਅਰੂਪਤਾ ਕੂੰ ਪਛਾਣੈ। ਅਰੁ ਯਹੁ ਭੀ ਜਾਣੈ ਜੋ ਜੈਸੇ ਇਹੁ ਜੀਵ ਸਤਿ ਸਰੂਪ ਹੈ ਸੋ ਰੂਪ ਰੰਗ ਤੇ ਰਹਤ ਹੈ। ਅਰੁ ਇਹ ਜੋ ਸਰੀਰੁ ਰੂਪ ਰੰਗ ਸਹਤ ਹੈ ਸੋ ਜੀਵ ਕਾ ਦੇਸ ਹੈ ਅਰੁ ਇਸ ਦੇਸ ਕਾ ਰਾਜਾ ਜੀਵ ਹੈ। ਤੈਸੇ ਹੀ ਜੋ ਸਰਬ ਸ੍ਰਿਸਟ ਕਾ ਜੋ ਈਸਰੁ ਭਗਵੰਤ ਹੈ ਸੋ ਅਰੂਪ ਅਰੁ ਨਿਰਾਕਾਰ ਹੈ। ਅਰੁ ਜੇਤਾ ਕਛੂ ਜਗਤ ਅਸਥੂਲ ਅਕਾਰਵੰਤ ਹੈ, ਸੋ ਮਹਾਰਾਜ ਕੀ ਆਗਯਾ ਵਿਖੇ ਵਰਤਤਾ ਹੈ। ਬਹੁੜਿ ਭਗਵੰਤ ਕੂੰ ਜੋ ਅਸਥਾਨ ਤੇ ਨ੍ਰਿਲੇਪ ਕਹਾ ਹੈ, ਤੈਸੇ ਹੀ ਇਸ ਜੀਵ ਕੂੰ ਭੀ ਹਾਥ ਅਰੁ ਪਾਂਵ ਅਰੁ ਸੀਸ ਕਿਸੀ ਅਵਰ ਅੰਗੁ ਵਿਖੇ ਪਾਇ ਨਹੀ ਸਕੀਤਾ; ਕਾਹੇ ਤੇ, ਜੋ ਇਹੁ ਇੰਦ੍ਰੀਆਂ ਅਰ ਸਰਬ ਅੰਗ ਖੰਡਾਕਾਰ ਹੈਂ ਪਰ ਚੈਤੰਨ ਰੂਪ ਜੀਵ ਹੈ ਸੋ ਅਖੰਡ ਹੈ। ਸੋ ਖੰਡਾਕਾਰ ਪਦਾਰਥ ਵਿਖੇ ਅਖੰਡ ਵਸਤੁ ਕਾ ਇਸਥਿਤ ਹੋਵਣਾ ਅਸੰਭਵ ਹੈ। ਇਸ ਜਬ ਖੰਡਾਕਾਰ ਪਦਾਰਥ ਵਿਖੇ ਅਖੰਡ ਵਸਤੁ ਹੋਵੈ, ਤਾਂ ਤੇ ਯਹੁ ਬਡਾ ਅਸਚਰਜ ਹੈ। ਸੋ, ਜਦਪ ਜੀਵ ਕੀ ਸਤਾ ਤੇ ਕੋਈ ਅੰਗ ਭਿੰਨ ਨਾਹੀ, ਪਰੁ ਤੌ ਭੀ ਉਸ ਕੂੰ ਕਿਸੀ ਏਕ ਅਸਥਾਨ ਵਿਖੇ ਕਹ ਨਹੀ ਸਕੀਤਾ ਅਰੁ ਸ੍ਰੀਰ ਕੇ ਸਰਬ ਅੰਗ ਜੀਵ ਕੀ ਆਗਯਾ ਵਿਖੇ ਅਧੀਨ ਹੈਂ ਅਰੁ ਜੀਵ ਸਬਨਹੁ ਕਾ ਰਾਜਾ ਹੈ, ਤੈਸੇ ਹੀ ਸਰਬ ਜਗਤ ਭਗਵੰਤ ਕੀ ਆਗਯਾ ਕੇ ਅਧੀਨੁ ਹੈ ਅਰੁ ਵਹੁ ਮਹਾਰਾਜ ਸਰਬ ਸ੍ਰਿਸਟ ਕਾ ਈਸਰ ਹੈ ਅਰੁ ਨ੍ਰਿਲੇਪ ਹੈ। ਸੋ, ਭਗਵੰਤ ਕੂੰ ਧਰਤੀ, ਅਕਾਸ ਅਰੁ ਪਤਾਲ ਵਿਖੇ ਕਹਾ ਨਹੀ ਜਾਤਾ। ਬਹੁੜਿ, ਭਗਵੰਤ ਕੀ ਜੋ ਨ੍ਰਿਲੇਪਤਾ ਅਰੁ ਸੁਧਤਾ ਹੈ, ਸੋ ਤਿਸ ਕਾ ਸੰਪੂਰਣ ਭੇਦ ਤਬ ਹੀ ਸਮਝਿ ਸਕੀਤਾ ਹੈ ਜਬ ਜੀਵ ਕੇ ਜਥਾਰਥ ਰੂਪ ਕਾ ਵਰਨਨ ਕਰੀਏ ਪਰੁ ਧਰਮ ਸਾਸਤ੍ਰ ਵਿਖੇ ਇਸ ਬਚਨ ਕੂੰ ਪ੍ਰਸਿਧ ਕਹਣੇ ਤੇ ਵਰਜਯਾ ਹੈ। ਸੋ, ਤਾਤਪ੍ਰਜੁ ਇਹੁ ਹੈ, ਜੋ ਜੈਸੇ ਸਾਂਈ ਭੀ ਕਹਾ ਹੈ – "ਸੋ ਇਸ ਮਾਨੁਖ ਕੂੰ ਮੈਨੇ ਅਪਨੇ ਸਰੂਪ ਅਨੁਸਾਰ ਉਤਪਤ ਕੀਆ ਹੈ"॥ 2 ॥

**ਅਥ ਤੀਸਰੇ ਸਰਗ ਵਿਖੇ ਭਗਵੰਤ ਕੀ ਪਾਤਸਾਹੀ ਕਾ ਵਰਨਨ ਹੋਵੈਗਾ।**

ਤਾਂ ਤੇ ਜਾਣ ਤੂ ਜੋ ਭਗਵੰਤ ਕਾ ਸਰੂਪ ਅਰੁ ਉਸ ਕੇ ਗੁਣ ਅਰੁ ਅਰੂਪਤਾ ਤੈ ਨੇ ਸਮਝੀ ਅਰੁ ਦੇਸ ਕਾਲ ਤੇ ਭੀ ਨ੍ਰਿਲੇਪ ਨਿਰਾਕਾਰ ਤੈ ਨੇ ਜਾਣਯਾ; ਸੋ, ਇਹੁ ਸਭ ਭੇਦੁਹੁ ਕੋ ਪਛਾਣਾ ਅਪਣੇ ਪਛਾਣੇ ਕਰਕੈ ਪ੍ਰਸਿਧ ਹੂਵਾ। ਤਬ ਭਗਵੰਤ ਕੀ ਪਾਤਿਸਾਹੀ ਕੇ ਪਛਾਂਨਣੇ ਕਾ ਪ੍ਰਸੰਗ ਭੀ ਤੁਝ ਕੂੰ ਸ੍ਰਵਨ ਕੀਯਾ ਚਾਹੀਏ ਜੋ ਵਹੁ ਮਹਾਰਾਜ ਅਪਣੀ ਪਾਤਿਸਾਹੀ ਵਿਖੇ ਕਿਉਂਕਿਰਿ ਵਰਤਤਾ ਹੈ ਅਰੁ ਸਰਬ ਦੇਵਤਿਹੁ ਕੂੰ ਕਿਸ ਪ੍ਰਕਾਰ ਆਗਯਾ ਵਿਖੇ ਚਲਾਵਤਾ ਹੈ ਅਰੁ ਦੇਵਤੇ ਉਸ ਕੀ ਆਗਯਾ ਵਿਖੇ ਕਿਉਂਕਰਿ ਮਾਨਤੇ ਅਰੁ ਚਲਤੇ ਹੈਂ; ਬਹੁੜਿ ਜਗਤ ਕੇ ਕਾਰਜਹੁ ਕੂੰ ਕਿਉਂਕਰਿ ਸਿਧ ਕਰਾਵਤਾ ਹੈ, ਅਰੁ ਅਕਾਸ ਲੋਕ ਤੇ ਉਸ ਕੀ ਆਗਯਾ ਭੂਮ ਲੋਕ ਵਿਖੇ ਕਿਉਂਕਰਿ ਆਵਤੀ ਹੈ; ਤਾਰਾ ਮੰਡਲ ਕੂੰ ਕਿਉਂਕਰਿ ਫਿਰਾਵਤਾ ਹੈ; ਭੂਮ ਲੋਕ ਕੇ ਜੀਵਹੁ ਕੇ ਕਾਰਜ ਦੇਵਤਿਹੁ ਕੇ ਅਧੀਨ ਕਿਸ ਪ੍ਰਕਾਰ ਰਾਖੇ ਹੈਂ ਅਰੁ ਸਰਬ ਜੀਵਹੁ ਕੀ ਪ੍ਰਤਿਪਾਲਨਾ ਅਕਾਸ ਦੁਵਾਰਾ ਕਿਉਕਰਿ ਹੋਤੀ ਹੈ? ਸੋ, ਇਸ ਬਿਦਯਾ ਕੂੰ ਭਗਵੰਤ ਕੇ ਕਰਤਤਹੁ ਕਾ ਪਛਾਨਣਾ ਕਹੀਤਾ ਹੈ। ਅਰੁ ਇਸ ਕਾ ਵਖਯਾਣ ਕਰਣਾ ਭੀ ਬਹੁਤ ਬਿਸਤਾਰ ਕਰ ਹੋਤਾ ਹੈ ਅਰੁ ਇਸਵਿਦਯਾ ਕੇ ਪਛਾਨਣੇ ਕੀ ਕੁੰਜੀ ਅਪਣੇ ਮਨ ਕੇ ਪਛਾਨਣੇ ਕਰਿ ਪ੍ਰਾਪਤਿ ਹੋਤੀ ਹੈ।

ਤਾਂ ਤੇ ਜਬਲਗੁ ਤੂੰ ਇਸ ਭੇਦ ਕੂੰ ਭੀ ਨ ਪਛਾਣਿ ਸਕਹ ਜੋ ਮੈਂ ਅਪਣੇ ਸਰੀਰ ਵਿਖੇ ਕਿਉਕਰ ਪਾਤਸਾਹੀ ਕਰਤਾ ਹੂੰ ਤਬਲਗੁ ਸਰਬ ਜਗਤ ਕਾ ਰਾਜਾ ਜੋ ਭਗਵੰਤ ਹੈ, ਤਿਸ ਕੀ ਪਾਤ੍ਸਾਹੀ ਕੇ ਭੇਦ ਕੂੰ ਕਿਉਂਕਰਿ ਪਛਾਨਹਿ ਗਾ। ਇਸੀ ਕਾਰ ਤੇ ਪ੍ਰਥਮੇ ਤੂੰ ਅਪਣੇ ਏਕ ਕਰਮ ਕੂੰ ਪਛਾਣਿ ਜੋ ਜੈਸੇ ਤੇਰੇ ਚਿਤ ਵਿਖੇ ਸਾਂਈਂ ਕਾ ਨਾਮ ਲਿਖਣੇ ਕੀ ਇਛਾ ਹੋਵੈ ਤਬ ਪ੍ਰਥਮੇ ਵਹੁ ਸੰਕਲਪ ਰਿਦੇ ਅਸਥਾਨ

ਵਿਖੇ ਜਾਇ ਪਹੁਚਤਾ ਹੈ। ਪਰੁ ਜਿਸ ਕੂੰ ਰਿਦਾ ਅਸਥਾਨ ਕਹੀਤਾ ਹੈ ਸੋ ਪ੍ਰਾਣਹੁ ਕੇ ਇਸਥਿਤ ਹੋਣੇ ਕੀ ਠੌਰ ਹੈ ਅਰੁ ਸਰਬ ਇੰਦ੍ਰੀਅਹੁ ਕਾ ਵਿਵਹਾਰ ਇਸ ਕਰਿ ਸਿਧ ਹੋਤਾ ਹੈ। ਤਾਂ ਤੇ ਬੈਦਕ ਵਿਦਯਾ ਵਿਖੇ ਪ੍ਰਾਣਹੁ ਕੇ ਅਸਥਾਨ ਕੂੰ ਚੇਤਨ ਕਹਤੇ ਹੈਂ। ਪਰ ਮੇਰੇ ਮਤ ਵਿਖੇ ਪ੍ਰਾਣੋ ਕੀ ਓਰ ਜੋ ਰਿਦੇ ਅਸਥਾਨ ਹੈ ਸੋ ਜੜ ਅਰੁ ਅਸਥੂਲ ਅਰੁ ਨਾਸਵੰਤ ਹੈ; ਬਹੁੜਿ ਰਿਦਾ ਜੋ ਚੈਤੰਨ ਸਰੂਪ ਅਰੁ ਗਯਾਨ ਕਾ ਅਸਥਾਨ ਹੈ, ਸੋ ਇਸ ਪ੍ਰਾਣ ਥਾਇ ਤੇ ਭਿੰਨ ਹੈ ਅਰੁ ਅਬਿਨਾਸੀ ਹੈ। ਅਰੁ ਜਹ ਵਹੁ ਸੰਕਲਪ ਰਿਦੇ ਅਸਥਾਨ ਤੇ ਸੀਸ ਵਿਖੇ ਪ੍ਰਵੇਸ ਕਰਤਾ ਹੈ ਤਬ ਉਸ ਨਾਮ ਕੀ ਮੂਰਤਿ ਸੰਕਲਪ ਵਿਖੇ ਦ੍ਰਿੜ ਹੋ ਜਾਤੀ ਹੈ। ਤਿਸ ਤੇ ਪੀਛੇ ਉਸ ਕੀ ਪ੍ਰੇਰਨਾ ਕਾਯਹੁ (ਕਾਇਆ) ਅਰੁ ਸਰਬ ਨਾੜੀਹੁ ਵਿਖੇ ਆਨਿ ਪਸਰਤੀ ਹੈ; ਬਹੁੜਿ ਅੰਗੁਲੀਯਾਂ ਅਰੁ ਲੇਖਣ ਦੁਵਾਰਾ ਕਾਗਦ ਉਪਰ ਅੱਛਰ ਪ੍ਰਗਟ ਹੋਤੇ ਹੈਂ। ਪਰੁ ਜੈਸੀ ਮੂਰਤ ਪ੍ਰਿਥਮੇ ਸੰਕਲਪ ਵਿਖੇ ਫੁਰੀ ਥੀ ਸੋ ਨੇਤ੍ਰ ਆਦਿਕ ਇੰਦ੍ਰੀਯਾਂ ਕੇ ਸਨਬੰਧ ਕਰਕੈ ਕਾਗਦ ਉਪਰ ਪ੍ਰਗਟ ਹੋਤੀ ਹੈ। ਪਰ ਜੈਸੇ ਤੁਝ ਕੂੰ ਭੀ ਪ੍ਰਿਥਮੇ ਸਾਂਈ ਕੇ ਨਾਮ ਲਿਖਣੇ ਕੀ ਇਛਾ ਹੀ ਪ੍ਰਗਟ ਹੂਈ ਥੀ ਤੈਸੇ ਹੀ ਸਰਬ ਜਗਤ ਕੀ ਉਤਪਤ ਕਾ ਕਾਰਣ ਭਗਵੰਤ ਕੀ ਇੱਛਾ ਹੈ ਅਰੁ ਜੈਸੇ ਉਸ ਇਛਾ ਕੀ ਪ੍ਰੇਰਨਾ ਤੇਰੇ ਰਿਦੇ ਅਸਥਾਨ ਵਿਖੇ ਫੁਰੀ ਥੀ ਤੈਸੇ ਹੀ ਪ੍ਰਥਮੇ ਭਗਵੰਤ ਕੀ ਇਛਾ ਭੀ ਈਸਰ ਵਿਖੇ ਆਨਿ ਫੁਰਤੀ ਹੈ। ਅਰੁ ਜੈਸੇ ਤੇਰੀ ਇਛਾ ਰਿਦੇ ਅਸਥਾਨ ਸੇ ਸੀਸ ਵਿਖੇ ਪਹੁਚਤੀ ਹੈ ਤੈਸੇ ਹੀ ਭਗਵੰਤ ਕੀ ਇਛਾ ਈਸਰ ਤੇ ਅਵਰ ਦੇਵਤਹੁ ਕੂੰ ਪਹੁੰਚਤੀ ਹੈ। ਅਰੁ ਜੈਸੇ ਤੇਰੀ ਇਛਾ ਕੀ ਮੂਰਤਿ ਪ੍ਰਿਥਮੇ ਸੰਕਲਪ ਵਿਖੇ ਦ੍ਰਿੜ ਹੂਈ ਥੀ ਅਰੁ ਉਨ ਕੇ ਅਨਸਾਰ ਅਛਰ ਪ੍ਰਗਟ ਹੁਏ ਹੈਂ, ਤੈਸੇ ਹੀ ਜੋ ਕਛੁ ਇਸ ਜਗਤ ਵਿਖੇ ਪ੍ਰਗਟ ਹੂਵਾ ਹੈ, ਸੋ ਪ੍ਰਿਥਮੇ ਤਿਸ ਕੀ ਮੂਰਤਿ ਮਹਤਤ (ਮਹਿਤੱਤ) ਵਿਖੇ ਪ੍ਰਗਟ ਹੋਤੀ ਹੈ। ਅਰੁ ਜੈਸੇ ਸੀਸ ਕੇ ਬਲ ਕਰਕੈ ਕਾਂਧੇ, ਭੁਜਾ ਅਰੁ ਅੰਗੁਲੀਯਾਂ ਹਲਤੀ ਹੈਂ ਤੈਸੇ ਹੀ ਦੇਵਤਿਹੁ ਕੀ ਸੱਤਾ ਨਿਛਤ੍ਰਹੁ ਅਰੁ ਤਾਰਾ ਮੰਡਲ ਕੂੰ ਹਲਾਵਤੀ ਹੈ। ਅਰੁ ਜੈਸੇ ਭੁਜਾ ਅਰੁ ਅੰਗੁਲੀਆਂ ਕੇ ਬਲ ਕਰਕੈ ਕਲਮੁ ਕਾ ਹਲਣਾ ਹੋਤਾ ਹੈ ਤੈਸੇ ਹੀ ਨਿਛਤ੍ਰਹੁ ਕੇ ਪਾਂਚ ਭੂਤਹੁ ਕੇ ਸੁਭਾਵ ਭਿੰਨ ਭਿੰਨ ਪ੍ਰਗਟ ਹੋਤੇ ਹੈਂ। ਅਰੁ ਜੈਸੇ ਕਲਮ ਕਰਕੈ ਸਯਾਹੀ ਕਾ ਪਸਰਨਾ ਅਰ ਅੱਛਰ ਪ੍ਰਗਟ ਹੋਤੇ ਹੈਂ ਤੈਸੇ ਹੀ ਵਾਇ ਪਿਤ ਕਫਿ ਆਦਿਕ ਜੋ ਭੂਤਹੁ ਕੇ ਸੁਭਾਵ ਹੈਂ, ਸੋ ਤਿਨਹੁ ਕਰਕੈ ਨਾਂਨਾਂ ਪ੍ਰਕਾਰ ਕੇ ਸਰੀਰ ਉਤਪਤ ਹੋਤੇ ਹੈਂ। ਅਰ ਜੈਸੇ ਕਲਮ ਕਾ ਕਾਰਜਿ ਇਹੀ ਥਾ ਸੋ ਉਸ ਕਰਿ ਕੈ ਆਦਿ ਸੰਕਲਪੁ ਅਨੁਸਾਰ ਨਾਮ ਕੀ ਮੂਰਤਿ ਕਾਗਦ ਪਰ ਪ੍ਰਗਟ ਹੂਈ ਤੈਸੇ ਹੀ ਪਾਂਚ ਤਤਹੁ ਕਾ ਕਰਤਤ (ਕਰਤੱਵ) ਇਹੀ ਹੈ ਜੋ ਦੇਵਤਯਾਂ ਕੀ ਸਹਾਇਤਾ ਪਾਇਕਰਿ ਇਨਹੁ ਵਿਖੇ ਨਾਂਨਾਂ ਪ੍ਰਕਾਰ ਕੇ ਸਰੀਰ ਅਰੁ ਵਨਾਸਪਤੀਆਂ ਉਤਪਤ ਹੋਤੀਆਂ ਹੈਂ। ਸੋ, ਜੈਸੇ ਆਦਿ ਨੇਤ ਉਤਪਤ ਹੂਈ ਹੈ ਤੈਸੇ ਹੀ ਸਰਬ ਜਗਤ ਉਤਪਤ ਪੜਯਾ ਹੈ। ਅਰੁ ਜੈਸੇ ਤੇਰੈ ਸਰਬ ਕਾਰਜਹੁ ਕੀ ਇਛਾਂ ਰਿਦੇ ਅਸਥਾਨ ਵਿਖੇ ਫੁਰਤੀ ਹੈ ਅਰੁ ਪੀਛੇ ਉਸ ਕਾ ਪ੍ਰਵੇਸ ਸਰਬ ਅੰਗਹੁ ਵਿਖੇ ਹੋਤਾ ਹੈ, ਤੈਸੇ ਹੀ ਸਰਬ ਜਗਤ ਕਾ ਆਦਿ ਕਾਰਣ ਈਸਰੁ ਹੈ ਅਰੁ ਪੀਛੇ ਈਸਰ ਕਾ ਬਲੁ ਦੇਵਤਹੁ ਕੂੰ ਪਹੁੰਚਤਾ ਹੈ ਅਰੁ ਉਸ ਕਰਕੈ ਸਰਬ ਕ੍ਰਿਆ ਸਿਧ ਹੋਤੀ ਹੈ, ਤੈਸੇ ਹੀ ਭਗਵੰਤ ਕੀ ਇਛਾ ਕਾ ਅਸਥਾਨ ਈਸਰੁ ਹੈ। ਅਰੁ ਈਸਰ ਕੀ ਸੱਤਾ ਕਰਕੈ ਸਰਬ ਜਗਤ ਕਾ ਵਿਵਹਾਰ ਸਿਧ ਹੋਤਾ ਹੈ। ਸੋ, ਇਸ ਵਾਰਤਾ ਵਿਖੇ ਕਛੁ ਭੇਦ ਨਹੀ ਪਰੁ ਜਿਨਿ ਕੇ ਬੁਧ ਰੂਪੀ ਨੇਤ੍ਰ ਖੁਲੇ ਹੈਂ ਤਿਨ ਕੂੰ ਪ੍ਰਗਟ ਭਾਸਤੀ ਹੈ ਅਰ ਇਸ ਬਚਨ ਕੇ ਅਰਥ ਕੂੰ ਭੀ ਵਹੀ ਸਮਝਤਾ ਹੈਂ; ਜੈਸੇ ਸਾਂਈ ਕਹਾ ਹੈ – "ਸੋ ਮੈ ਨੇ ਇਸ ਮਾਨੁਖ ਕੂੰ ਅਪਣੀ ਸੁਰਤਿ ਅਨੁਸਾਰ ਉਤਪਤ ਕੀਆ ਹੈ, ਤਾਂਤੇ ਨ੍ਰਿਸੰਦੇਹ ਜਾਣ ਤੂੰ ਜੋ ਪਾਤਿਸਾਹ ਕੇ ਭੇਦ ਕੂੰ ਕੋਈ ਪਾਤਸਾਹੁ ਹੀ ਜਾਨਤਾ ਹੈ ਅਰੁ ਅਨਥਾ ਕੋਈ ਨਹੀ ਜਾਨਿ ਸਕਤਾ। ਇਸੀ ਕਾਰਨ ਤੇ ਭਗਵੰਤ ਨੇ ਤੁਝ ਕੂੰ ਭੀ ਕਛੂ ਪਾਤਸਾਹੀ ਦਈ ਹੈ ਜੋ ਅਪਣੇ ਸਰੀਰ ਰੂਪੀ ਦੇਸ ਕੀ ਪਾਤਸਾਹੀ ਕਰਿ ਕੈ ਤੂੰ ਭਗਵੰਤ ਕੀ ਪਾਤਸਾਹੀ ਕੂੰ ਪਛਾਣਹਿ। ਤਾਂ ਤੇ ਤੂੰ ਮਹਾਰਾਜ ਕਾ ਸੁਕਰ ਕਰ ਜੋ ਤੁਝ ਕੂੰ ਪ੍ਰਿਥਮੇ ਉਤਪਤ ਕੀਆ ਹੈ; ਬਹੁੜਿ ਅਪਣੀ ਪਾਤਸਾਹੀ ਕੀ ਨਯਾਈਂ ਤੁਝ ਕੂੰ ਭੀ ਪਾਤਸਾਹੀ ਦਈ ਹੈ; ਰਿਦੇ ਅਸਥਾਨ ਕੂੰ ਤੇਰਾ ਬੈਕੁੰਠ ਬਨਾਯਾ ਹੈ, ਪ੍ਰਾਣ ਵਾਇ ਕੂੰ ਬ੍ਰਿਹਮ ਬਨਾਇਆ ਹੈ, ਸੀਸ ਕੂੰ ਦੇਵ ਲੋਕੁ ਬਨਾਯਾ ਹੈ ਅਰੁ ਤੇਰੇ ਚਿਤਿ ਕੂੰ ਮਹਾ ਤਤ ਬਨਾਇਆ ਹੈ। ਬਹੁੜਿ ਨੇਤ੍ਰ ਅਰੁ ਸ੍ਰਵਣ ਆਦਿਕ ਜੋ ਸਰਬ ਇੰਦ੍ਰੀਆਂ ਹੈਂ, ਸੋ ਤਿਨ ਕੂੰ ਦੇਵਤਾ ਰੂਪ ਇਸਥਿਤ ਕੀਏ ਹੈਂ ਅਰੁ ਤੇਰੇ ਸੀਸ ਕੂੰ ਅਕਾਸ ਕੀ ਨਯਾਈ ਇੰਦ੍ਰੀਆਂ ਅਸਥਾਨ ਬਨਾਇਆ ਹੈ। ਬਹੁੜਿ ਤੁਝ ਕੂ ਰੂਪ ਰੰਗ ਤੇ ਰਹਤ ਉਤਪਤ ਕੀਆ ਹੈ। ਅਰੁ ਜੇਤਾ ਕਛੂ ਰੂਪ ਰੰਗ ਸਹਤ ਸਰੀਰੁ ਹੈ ਸੋ ਤਿਸ ਪਰ ਤੁਝ ਕੂ ਰਾਜਾ ਬਨਾਇਆ ਹੈ। ਬਹੁੜਿ ਇਸ ਪ੍ਰਕਾਰ ਆਗਯਾ ਕਰੀ ਹੈ ਜੋ ਤੂ ਆਪਣੀ ਪਾਤਸਾਹੀ ਤੇ ਏਕੁ ਪਲਕ ਭੀ ਅਚੇਤ ਨ ਹੋਹੁ। ਕਾਹੇ ਤੇ, ਜੌ ਤੂ ਆਪਣੇ ਆਪ ਤੇ ਅਚੇਤ ਹੋਵਹਿ ਗਾ ਤਬ ਮੁਝ ਕੂੰ ਭੀ ਨ ਪਛਾਣਿ ਸਕਹਿਗਾ। ਤਾਂ ਤੇ ਤੂੰ ਪ੍ਰਿਥਮੇ ਆਪ ਕੂੰ ਪਛਾਣਿ।"

ਅਰੁ ਇਹੁ ਜੋ ਕਛੂ ਵਾਰਤਾ ਵਰਨਨ ਵਿਖੇ ਆਈ ਹੈ ਸੋ ਜੀਵ ਅਰੁ ਭਗਵੰਤ ਕੀ ਪਾਤਸਾਹੀ ਕੂੰ ਸੁਫਨਾ ਮਾਤ੍ਰ ਕਰਕੈ ਕਹਾ ਹੈ। ਬਹੁੜ ਜਬ ਜੀਵ ਕੇ ਸਰਬ ਅੰਗਹੁ ਅਰੁ ਸਰਬ ਸੁਭਾਵਹੁ ਕਾ ਵਰਨਨ ਕਰੀਏ ਤੌ ਭੀ ਬਹੁਤਿ ਬਿਸਤਾਰ ਹੋਤਾ ਹੈ। ਤੈਸੇ ਹੀ ਇਸ ਬ੍ਰਿਹਮੰਡ ਅਰੁ ਦੇਵਤਿਹੁ ਕਾ ਪ੍ਰਸਪਰ ਸਨਬੰਧ ਹੈ ਅਰੁ ਉਨ ਕੇ ਜੋ ਅਸਥਾਨ ਅਰੁ ਪੁਰੀਆਂ ਹੈਂ, ਸੋ ਏਹੁ ਬਿਦਯਾ ਭੀ ਅਪਾਰ ਹੈ। ਅਰੁ ਤਾਤਪ੍ਰਜ ਇਹੁ ਹੈ ਜੋ ਕੋਈ ਬੁਧਵੰਤ ਪੁਰਖ ਹੋਵੈ ਸੋ ਇਸ ਭੇਦ ਕੂੰ ਸਮਝ ਕਰਿ ਪ੍ਰਤੀਤ ਕਰੈ ਜੋ ਸਰਬ ਸ੍ਰਿਸਟ ਕਾ ਈਸਵਰੁ ਭਗਵੰਤ ਹੈ। ਪਰ ਜਿਸ ਕਾ ਰਿਦਾ ਮਲੀਨ ਹੋਤਾ ਹੈ ਸੋ ਇਤਨਾ ਭੀ ਨਹੀ ਸਮਝ ਸਕਤਾ ਅਰੁ ਐਸੇ ਅਚੇਤੁ ਹੋਤਾ ਹੈ ਕੇ ਭਗਵੰਤ ਕੇ ਸਰੂਪ ਕੀ ਸੁੰਦਰਤਾਈ ਅਰੁ ਸਮ੍ਰਥਾਈ ਪ੍ਰਤੀਤ ਨਹੀ ਕਰਤਾ। ਤਾਂ ਤੇ ਇਨਹੁ ਸੰਸਾਰੀ ਜੀਵਹੁ ਕੀ ਬੁਧ ਤੌ ਐਸੀ ਮਲੀਨੁ ਹੈ ਜੋ ਜੇਤਾ ਕਛੂ ਬਰਨਨ ਮੈ ਕੀਆ ਹੈ, ਤਿਸ ਕੂੰ ਨਹੀ ਸਮਝਤੇ। ਤਾਂ ਤੇ ਭਗਵੰਤ ਕੇ ਸਰੂਪ ਕੂੰ ਕਿਉਂਕਰਿ ਪਛਾਣਹਿ। 3 ।

'ਚਲਦਾਂ'

---

## ਕਵਿਤਾ

ਪਾਣੀ ਵਗਦਾ ਵਗਦਾ ਠੀਕ ਰਹਿੰਦੈ,
ਚੰਗਾ ਅਟਕਣਾ ਨਦੀ ਵਿਚ ਨੀਰ ਦਾ ਨਹੀਂ।

ਘੱਤੋ ਭਿਛਿਆ ਫਕੀਰ ਨੂੰ ਕਰੋ ਅੱਗੇ,
ਚੰਗਾ ਅਟਕਣਾ ਹੁੰਦਾ ਫਕੀਰ ਦਾ ਨਹੀਂ।

ਦੁਸ਼ਮਣ ਨਾਲ ਮੈਦਾਨ ਵਿਚ ਜੰਗ ਹੋਵੇ,
ਚੰਗਾ ਅਟਕਣਾ ਉਥੇ ਸ਼ਮਸ਼ੀਰ ਦਾ ਨਹੀਂ।

ਅਦਲੀ ਕਹਿੰਦੈ ਭਗਵਾਨ ਦਾ ਭਜਨ ਕਰੀਏ,
ਪਤਾ ਕੁਝ ਵੀ ਏਸ ਸਰੀਰ ਦਾ ਨਹੀਂ।

'ਨਸੀਬ ਸਿੰਘ ਅਦਲੀ'

# ਸ਼ੁਭ ਉਪਦੇਸ਼

*ਸੰਤ ਵਰਿਆਮ ਸਿੰਘ ਜੀ*
*ਬਾਨੀ ਤੇ ਮੁਖੀ ਵਿ. ਗੁ. ਰੂ. ਮਿਸ਼ਨ।*

**ਈਸ਼ਵਰ ਦਾ ਆਸਰਾ**

*ਕਾਹੇ ਰੇ ਮਨ ਚਿਤਵਹਿ ਉਦਮੁ*
*ਜਾ ਆਹਰਿ ਹਰਿ ਜੀਉ ਪਰਿਆ।।*

*ਪੰਨਾ - 10 (ਗੁਰਬਾਣੀ ਵਿਚੋਂ)*

ਕੋਈ ਵੀ ਮਨੁੱਖ ਦੋ ਸੁਆਮੀਆਂ ਦੀ ਸੇਵਾ ਨਹੀਂ ਕਰ ਸਕਦਾ ਕਿਉਂਕਿ ਉਹ ਇਕ ਨਾਲ ਵੈਰ ਅਤੇ ਦੂਜੇ ਨਾਲ ਪ੍ਰੇਮ ਰਖੇਗਾ ਜਾਂ ਇਕ ਨਾਲ ਮਿਲਿਆ ਰਹੇਗਾ ਅਤੇ ਦੂਜੇ ਨੂੰ ਤੁਛ ਸਮਝੇਗਾ। ਸੋ ਤੁਸੀਂ ਈਸ਼ਵਰ ਅਤੇ ਧਨ ਦੋਹਾਂ ਦੀ ਸੇਵਾ ਨਹੀਂ ਕਰ ਸਕਦੇ।

ਇਸ ਲਈ ਇਹ ਚਿੰਤਾ ਛਡ ਦਿਉ ਕਿ ਅਸੀਂ ਕੀ ਖਾਵਾਂਗੇ ਅਤੇ ਕੀ ਪੀਆਂਗੇ ਜਾਂ ਕੀ ਪਹਿਨਾਂਗੇ। ਕੀ ਜੀਵਨ, ਭੋਜਨ ਨਾਲੋਂ ਅਤੇ ਸਰੀਰ ਵਸਤਰਾਂ ਨਾਲੋਂ ਵੱਧ ਮਹੱਤਵ ਨਹੀਂ ਰਖਦੇ?

ਆਕਾਸ਼ ਦੇ ਪੰਛੀਆਂ ਨੂੰ ਦੇਖੋ! ਉਹ ਨਾ ਬੋਂਦੇ (ਬੀਜਦੇ) ਹਨ, ਨਾ ਕੱਟਦੇ ਹਨ ਅਤੇ ਨਾ ਹੀ ਸਾਂਭਦੇ ਹਨ। ਤਾਂ ਵੀ ਤੁਹਾਡਾ ਪਰਮ ਪਿਤਾ ਉਹਨਾਂ ਨੂੰ ਖਿਲਾਂਦਾ ਹੈ। ਕੀ ਤੁਸੀਂ ਉਹਨਾਂ ਤੋਂ ਵੱਧ ਮੁੱਲਵਾਨ ਨਹੀਂ?

ਤੁਹਾਡੇ ਵਿਚੋਂ ਕੌਣ ਹੈ ਜੋ ਚਿੰਤਾ ਅਤੇ ਜਤਨ ਕਰਕੇ ਆਪਣੀ ਉਮਰ ਦੀ ਡੋਰ ਨੂੰ ਰੱਤੀ ਭਰ ਵੀ ਵਧਾ ਸਕਣ ਦੀ ਸਮਰੱਥਾ ਰਖਦਾ ਹੈ? ਤੇ ਫਿਰ ਵਸਤਰਾਂ ਲਈ ਕਾਹਦੀ ਚਿੰਤਾ ਕਰਦੇ ਹੋ?

ਇਸ ਲਈ ਤੁਸੀਂ ਇਹ ਚਿੰਤਾ ਨਾ ਕਰੋ ਕਿ ਅਸੀਂ ਕੀ ਖਾਵਾਂਗੇ, ਕੀ ਪੀਆਂਗੇ ਜਾਂ ਕੀ ਪਹਿਨਾਂਗੇ, ਕਿਉਂਕਿ ਤੁਹਾਡਾ ਪਰਮ ਪਿਤਾ ਜਾਣਦਾ ਹੈ ਕਿ ਤੁਹਾਨੂੰ ਇਹਨਾਂ ਸਭਨਾਂ ਵਸਤਾਂ ਦੀ ਲੋੜ ਹੈ।

ਇਸ ਲਈ ਪਹਿਲਾਂ ਉਸਦੇ ਰਾਜ ਅਤੇ ਉਸਦੇ ਅਨੁਕੂਲ ਧਾਰਮਿਕਤਾ ਦੀ ਭਾਲ ਕਰੋ, ਇਹ ਵਸਤਾਂ ਤੁਹਾਨੂੰ ਸੁਤੇ ਸਿਧ ਹੀ ਮਿਲ ਜਾਣਗੀਆਂ। ਸੋ ਕਲ ਦੀ ਚਿੰਤਾ ਛੱਡੋ, ਕਲ ਦਾ ਦਿਨ ਆਪਣੀ ਚਿੰਤਾ ਆਪ ਕਰੇਗਾ। ਅੱਜ ਦੇ ਲਈ ਅੱਜ ਦਾ ਹੀ ਦੁਖ ਬਹੁਤ ਹੈ।

*(ਮੱਤੀ-6/24-34)*

**ਪ੍ਰਭੂ ਦੇ ਹਥਿਆਰ**

ਈਸ਼ਵਰ ਦੇ ਸਾਰੇ ਹਥਿਆਰਾਂ ਨਾਲ ਲੈਸ ਹੋ ਜਾਉ ਤਾਂ ਜੋ ਤੁਸੀਂ ਸ਼ੈਤਾਨ ਦਾ ਮੁਕਾਬਲਾ ਕਰ ਸਕੋ।

ਸਾਡਾ ਯੁਧ ਰਕਤ ਅਤੇ ਮਾਸ ਦੇ ਵਿਰੁਧ ਨਹੀਂ, ਸਗੋਂ ਸੱਤਾ, ਅਧਿਕਾਰੀ, ਇਸ ਸੰਸਾਰ ਦੇ ਅੰਧਕਾਰ ਦੇ ਸ਼ਾਸਕ ਅਤੇ ਉਸ ਦੁਸ਼ਟਤਾ ਦੀਆਂ ਅਸਰੀਰੀ ਸੈਨਾਵਾਂ ਨਾਲ ਹੈ ਜੋ ਉੱਚੇ ਸਥਾਨਾਂ ਤੇ ਹਨ।

ਇਸ ਲਈ ਸੱਚ ਦਾ ਕਮਰਕੱਸਾ ਧਾਰਣ ਕਰੋ, ਧਾਰਮਿਕਤਾ ਦੀ ਲੰਗੋਟ ਪਾਉ। ਪੈਰਾਂ ਵਿਚ ਸ਼ਾਂਤੀ ਦੇ ਸ਼ੁਭ ਸਮਾਚਾਰ ਵਾਲੀਆਂ ਪੰਜੇਬਾਂ ਪਾਉ। ਸ਼ਰਧਾ ਦੀ ਢਾਲ ਲੈ ਕੇ ਸਥਿਰ ਹੋ ਜਾਉ ਜਿਸ ਨਾਲ ਕਿ ਤੁਸੀਂ ਉਸ ਦੁਸ਼ਟ ਦੇ ਸਮਸਤ ਅਗਨੀ ਬਾਣਾਂ ਨੂੰ ਬੁਝਾ ਸਕੋ।

ਉੱਧਾਰ ਦਾ ਟੋਪ ਪਹਿਨੋ ਅਤੇ ਆਤਮਾ ਦੀ ਤਲਵਾਰ, ਜੋ ਕਿ ਈਸ਼ਵਰ ਦਾ ਸ਼ਬਦ ਹੈ, ਪਕੜ ਲਉ।

*(ਇਫਸੀਆਂ ਦੇ ਨਾਮ ਪੌਲੁਸ ਪ੍ਰੇਰਿਤ ਦਾ ਪੱਤਰ-6/10-17)*

*ਜਿਨਿ ਮਿਲਿ ਮਾਰੇ ਪੰਚ ਸੂਰਬੀਰ ਐਸੋ ਕਉਨੁ ਬਲੀ ਰੇ।।*

*ਪੰਨਾ - 404 (ਗੁਰਬਾਣੀ ਵਿਚੋਂ)*

**ਪ੍ਰਭੂ ਦੀ ਤਾੜਨਾ**

ਪ੍ਰਭੂ ਦੀ ਤਾੜਨਾ ਨੂੰ ਹਲਕੀ ਜਿਹੀ ਗਲ ਨਾ ਸਮਝੋ ਅਤੇ ਜਦ ਤੁਹਾਨੂੰ ਉਹ ਡਾਂਟ ਲਗਾਏ ਤਾਂ ਹਿੰਮਤ ਨਾ ਹਾਰੋ। ਕਿਉਂਕਿ ਪ੍ਰਭੂ ਜਿਸ ਨਾਲ ਪ੍ਰੇਮ ਕਰਦਾ ਹੈ, ਤਾੜਨਾ ਵੀ ਉਸੇ ਨੂੰ ਕਰਦਾ ਹੈ। ਤੁਸੀਂ ਦੁਖ ਨੂੰ ਪ੍ਰਭੂ ਦੀ ਤਾੜਨਾ ਸਮਝ ਕੇ ਸਹਿਨ ਕਰੋ। ਈਸ਼ਵਰ ਤੁਹਾਨੂੰ ਪੁੱਤਰ ਸਮਝਕੇ ਤੁਹਾਡੇ ਨਾਲ ਵਰਤਾਉ ਕਰਦਾ ਹੈ। ਉਹ ਕਿਹੜਾ ਪੁੱਤਰ ਹੈ ਜਿਸ ਦੀ ਤਾੜਨਾਂ ਪਿਤਾ ਨਹੀਂ ਕਰਦਾ? ਸ਼ੁਰੂ-ਸ਼ੁਰੂ ਵਿਚ ਤਾੜਨਾ ਚੰਗੀ ਨਹੀਂ ਲਗਦੀ, ਦੁਖਦਾਈ ਜਾਪਦੀ ਹੈ ਪਰ ਤਾਂ ਵੀ ਉਸ ਨੂੰ ਸਹਿਨ ਕਰੋ ਕਿਉਂਕਿ ਜੋ ਅਜਿਹਾ ਕਰਦੇ ਹਨ, ਉਹਨਾਂ ਨੂੰ ਬਾਅਦ ਵਿਚ ਧਰਮ ਦਾ ਸ਼ਾਂਤੀਦਾਇਕ ਫਲ ਮਿਲਦਾ ਹੈ।

*(ਇਬਰਾਨੀਆ ਦੇ ਨਾਮ ਪੌਲੁਸ ਪ੍ਰੇਰਿਤ ਦਾ ਪੱਤਰ-12/5-11)*

*ਜਬ ਲਗੁ ਹੁਕਮੁ ਨ ਬੂਝਤਾ ਤਬ ਹੀ ਲਉ ਦੁਖੀਆ।।*
*ਗੁਰ ਮਿਲਿ ਹੁਕਮੁ ਪਛਾਣਿਆ ਤਬ ਹੀ ਤੇ ਸੁਖੀਆ।।*

*ਪੰਨਾ - 400 (ਗੁਰਬਾਣੀ ਵਿਚੋਂ)*

**ਪ੍ਰੇਮ**

ਜੇਕਰ ਮੈਂ ਮਨੁੱਖਾਂ ਅਤੇ ਦੇਵਤਿਆਂ ਦੀ ਭਾਸ਼ਾ ਬੋਲਾਂ ਪਰ ਪ੍ਰੇਮ ਨਾ ਕਰਾਂ ਤਾਂ ਮੈਂ ਖੜਕਦਾ ਹੋਇਆ ਪਿੱਤਲ ਅਤੇ ਛਣਕਦੀ ਹੋਈ ਝਾਂਜਰ ਹਾਂ।

ਜੇਕਰ ਮੈਂ ਸੰਦੇਸ਼ ਦੇ ਸਕਾਂ, ਸਭ ਰਹੱਸਾਂ ਅਤੇ ਸਭ ਪ੍ਰਕਾਰ ਦੇ ਗਿਆਨ ਨੂੰ ਸਮਝਾਂ ਅਤੇ ਇਥੋਂ ਤਕ ਮੇਰੀ ਸ਼ਰਧਾ ਹੋਵੇ ਕਿ ਮੈਂ ਪਹਾੜ ਨੂੰ ਵੀ ਆਪਣੇ ਸਥਾਨ ਤੋਂ ਹਿਲਾ ਸਕਾਂ, ਪਰ ਜੇ ਪ੍ਰੇਮ ਨਾ ਕਰਾਂ ਤਾਂ ਮੈਂ ਕੁਝ ਵੀ ਨਹੀਂ।

ਜੇਕਰ ਮੈਂ ਆਪਣੀ ਸਾਰੀ ਧਨ-ਸੰਪਤੀ ਗਰੀਬਾਂ ਨੂੰ ਖੁਆ ਦਿਆਂ ਅਤੇ ਆਪਣਾ ਸਰੀਰ ਵੀ ਜਲਾਣ ਲਈ ਦੇ ਦਿਆਂ ਪਰ ਜੇ ਪ੍ਰੇਮ ਨਾ ਕਰਾਂ ਤਾਂ ਮੈਨੂੰ ਕੋਈ ਲਾਭ ਨਹੀਂ ਹੋਣਾ।

ਪ੍ਰੇਮ ਸ਼ਹਿਨਸ਼ੀਲ ਹੈ ਅਤੇ ਕਿਰਪਾਲੂ ਹੈ। ਪ੍ਰੇਮ ਈਰਖਾ ਨਹੀਂ ਕਰਦਾ। ਪ੍ਰੇਮ ਆਪਣੀ ਵਡਿਆਈ ਕਰਕੇ ਨਹੀਂ ਫੁਲਦਾ। ਉਹ ਕੁਚਾਲ ਨਹੀਂ ਚਲਦਾ, ਸੁਆਰਥੀ ਨਹੀਂ ਹੁੰਦਾ। ਝੁੰਝਲਾਂਦਾ ਨਹੀਂ ਅਤੇ ਬੁਰਾ ਨਹੀਂ ਸੋਚਦਾ। ਅਨੀਤੀ ਨਾਲ ਆਨੰਦਿਤ ਨਹੀਂ ਹੁੰਦਾ, ਸਤਜ ਦੁਆਰਾ ਆਨੰਦਿਤ ਹੁੰਦਾ ਹੈ। ਉਹ ਸਭ ਗੱਲਾਂ ਸਹਿ ਲੈਂਦਾ ਹੈ, ਸਭ ਗੱਲਾਂ ਦਾ ਵਿਸ਼ਵਾਸ ਕਰਦਾ ਹੈ, ਸਭ ਗੱਲਾਂ ਦੀ ਆਸ਼ਾ ਰਖਦਾ ਹੈ, ਸਭ ਗੱਲਾਂ ਵਿੱਚ ਧੀਰਜ ਧਰਦਾ ਹੈ।

ਪ੍ਰੇਮ ਕਦੀ ਹਾਰਦਾ ਨਹੀਂ। ਸੰਦੇਸ਼ ਹੋਣ ਤਾਂ ਉਹ ਖਤਮ ਹੋ ਜਾਣਗੇ, ਭਾਸ਼ਾਵਾਂ ਹੋਣ ਤਾਂ ਉਹ ਮਰਦੀਆਂ ਰਹਿਣਗੀਆਂ, ਗਿਆਨ ਹੋਵੇ ਤਾਂ ਉਹ ਮਿਟ ਜਾਵੇਗਾ, ਕਿਉਂਕਿ ਸਾਡਾ ਗਿਆਨ ਅਧੂਰਾ ਹੈ ਅਤੇ ਸਾਡਾ ਸੰਦੇਸ਼ ਅਧੂਰਾ ਹੈ।

ਗੱਲ ਕੀ, ਸ਼ਰਧਾ, ਆਸ਼ਾ, ਪ੍ਰੇਮ – ਇਹ ਤਿੰਨੋ ਸਥਾਈ ਹਨ, ਪਰ ਪ੍ਰੇਮ ਇਹਨਾਂ ਸਭਨਾਂ ਵਿਚੋਂ ਸ਼੍ਰੇਸ਼ਠ ਹੈ।

*(ਕੁਰਿੰਥੀਅਨਾਂ ਦੇ ਨਾਮ ਪੌਲੁਸ ਪ੍ਰੇਰਿਤ ਦਾ ਪਹਿਲਾ ਪੱਤਰ-13/1-13)*

*ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।। (ਗੁਰਬਾਣੀ ਵਿਚੋਂ)*

**ਭਾਉ ਅਤੇ ਭਉ (ਪ੍ਰੇਮ ਅਤੇ ਡਰ)**

ਪ੍ਰੇਮ ਵਿਚ ਭੈਅ ਲਈ ਕੋਈ ਸਥਾਨ ਨਹੀਂ, ਸਗੋਂ ਪੂਰਨ ਪ੍ਰੇਮ ਭੈਅ ਨੂੰ ਦੂਰ ਕਰ ਦਿੰਦਾ ਹੈ। ਭੈਅ ਦੁਖਦਾਇਕ ਹੁੰਦਾ ਹੈ ਅਤੇ ਜੋ ਭੈਅ ਰਖਦਾ ਹੈ, ਉਹ ਪ੍ਰੇਮ ਵਿਚ ਪੂਰਨ ਨਹੀਂ ਹੁੰਦਾ।

*(ਯੂਹੰਨਾ ਦੀ ਚਿੱਠੀ-4/18)*

*ਭੈ ਕੀਆ ਦੇਹਿ ਸਲਾਈਆ ਨੈਣੀ ਭਾਵ ਕਾ ਕਰਿ ਸੀਗਾਰੋ।।*
*ਪੰਨਾ - 722 (ਗੁਰਬਾਣੀ ਵਿਚੋਂ)*

ਗੁਰਬਾਣੀ ਵਿਚ ਨਿਰਮਲ ਭਉ (ਅਦਬ) ਦੀ ਪ੍ਰਮਾਣਤਾ ਹੈ।

*ਨਿਰਭਉ ਜਪੈ ਸਗਲ ਭਉ ਮਿਟੈ।।*
*ਪੰਨਾ - 293 (ਗੁਰਬਾਣੀ ਵਿਚੋਂ)*

**ਪਰਸਪਰ ਪ੍ਰੇਮ (ਪ੍ਰਭੂ ਪ੍ਰੇਮ ਹੈ)**

ਅਸੀਂ ਆਪਸ ਵਿਚ ਪ੍ਰੇਮ ਕਰੀਏ, ਕਿਉਂਕਿ ਪ੍ਰੇਮ ਈਸ਼ਵਰ ਤੋਂ ਉਤਪੰਨ ਹੈ ਅਤੇ ਜੋ ਕੋਈ ਪ੍ਰੇਮ ਕਰਦਾ ਹੈ, ਉਹ ਈਸ਼ਵਰ ਤੋਂ ਜਨਮਿਆਂ ਹੈ ਅਤੇ ਈਸ਼ਵਰ ਨੂੰ ਜਾਣਦਾ ਹੈ।

ਜੋ ਪ੍ਰੇਮ ਨਹੀਂ ਕਰਦਾ, ਉਹ ਈਸ਼ਵਰ ਨੂੰ ਨਹੀਂ ਜਾਣਦਾ, ਕਿਉਂਕਿ ਈਸ਼ਵਰ ਪ੍ਰੇਮ ਹੈ।

ਈਸ਼ਵਰ ਨੂੰ ਕਦੇ ਕਿਸੇ ਨੇ ਨਹੀਂ ਤੱਕਿਆ। ਪਰ ਜੇ ਅਸੀਂ ਆਪਸ ਵਿਚ ਪ੍ਰੇਮ ਕਰੀਏ ਤਾਂ ਈਸ਼ਵਰ ਸਾਡੇ ਅੰਦਰ ਵਾਸ ਕਰੇਗਾ ਅਤੇ ਉਸਦਾ ਪ੍ਰੇਮ ਸਾਡੇ ਅੰਦਰ ਪੂਰਨ ਹੋ ਜਾਏਗਾ।

ਜੋ ਪ੍ਰੇਮ, ਈਸ਼ਵਰ ਸਾਡੇ ਨਾਲ ਕਰਦਾ ਹੈ, ਉਸਨੂੰ ਅਸੀਂ ਜਾਣ ਗਏ ਹਾਂ ਅਤੇ ਉਸ ਵਿਚ ਸਾਡੀ ਸ਼ਰਧਾ ਹੈ। ਈਸ਼ਵਰ ਪ੍ਰੇਮ ਹੈ, ਜੋ ਪ੍ਰੇਮ ਵਿਚ ਟਿਕਿਆ ਰਹਿੰਦਾ ਹੈ, ਉਹ ਈਸ਼ਵਰ ਵਿਚ ਟਿਕਿਆ ਰਹਿੰਦਾ ਹੈ ਅਤੇ ਈਸ਼ਵਰ ਉਸ ਵਿਚ ਟਿਕਿਆ ਰਹਿੰਦਾ ਹੈ।

ਜੇ ਕੋਈ ਇਹ ਕਹਿੰਦਾ ਹੈ ਕਿ ਮੈਂ ਈਸ਼ਵਰ ਨਾਲ ਪ੍ਰੇਮ ਕਰਦਾ ਹਾਂ ਪਰ ਉਹ ਆਪਣੇ ਸਾਥੀਆਂ ਨਾਲ ਪ੍ਰੇਮ ਨਹੀਂ ਕਰਦਾ ਤਾਂ ਉਹ ਝੂਠਾ ਹੈ, ਕਿਉਂਕਿ ਜੋ ਆਪਣੇ ਸਾਥੀਆਂ ਨੂੰ ਜਿਹਨਾਂ ਨੂੰ ਕਿ ਉਸਨੇ ਦੇਖਿਆ ਹੈ, ਪ੍ਰੇਮ ਨਹੀਂ ਕਰਦਾ ਤਾਂ ਉਹ ਈਸ਼ਵਰ ਨੂੰ, ਜਿਸਨੂੰ ਕਿ ਉਸਨੇ ਦੇਖਿਆ ਵੀ ਨਹੀਂ, ਕਿਵੇਂ ਪ੍ਰੇਮ ਕਰ ਸਕਦਾ ਹੈ?

ਜੋ ਕੋਈ ਈਸ਼ਵਰ ਨਾਲ ਪ੍ਰੇਮ ਕਰਦਾ ਹੈ, ਉਹ ਆਪਣੇ ਸਾਥੀਆਂ ਨਾਲ ਵੀ ਪ੍ਰੇਮ ਕਰੇ।

*(ਯੂਹੰਨਾ ਦੀ ਪਹਿਲੀ ਚਿੱਠੀ-4/7-21)*

*ਜਤ੍ਰ ਤਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ।। (ਜਾਪੁ ਸਾਹਿਬ)*

ਵਾਹਿਗੁਰੂ ਪ੍ਰੇਮ ਰੂਪ ਹੋ ਕੇ ਸੰਪੂਰਨ ਹੈ।

**ਪਰਾਇਆਂ ਨਾਲ ਪ੍ਰੇਮ**

ਤੁਸੀਂ ਸੁਣ ਚੁਕੇ ਹੋ ਕਿ ਪ੍ਰਾਚੀਨ ਕਾਲ ਵਿਚ ਕਿਹਾ ਗਿਆ ਸੀ ਕਿ ਆਪਣੇ ਗੁਆਂਢੀਆਂ ਨਾਲ ਪ੍ਰੇਮ ਕਰੋ ਅਤੇ ਵੈਰੀਆਂ ਨਾਲ ਵੈਰ ਰੱਖੋ। ਪਰ ਨਹੀਂ, ਤੁਸੀਂ ਆਪਣੇ ਵੈਰੀਆਂ ਨਾਲ ਵੀ ਪ੍ਰੇਮ ਕਰੋ। ਜੋ ਤੁਹਾਨੂੰ ਸ਼ਰਾਪ ਦਿੰਦੇ ਹਨ, ਉਹਨਾਂ ਨੂੰ ਵਰਦਾਨ ਦਿਉ। ਜੋ ਤੁਹਾਡੇ ਨਾਲ ਘਿਰਣਾ ਕਰਦੇ ਹਨ, ਉਹਨਾਂ ਪ੍ਰਤੀ ਉਪਕਾਰ ਕਰੋ। ਜੋ ਤੁਹਾਨੂੰ ਧਿਰਕਾਰਦੇ ਹਨ ਅਤੇ ਸਤਾਂਦੇ ਹਨ, ਉਹਨਾਂ ਲਈ ਪ੍ਰਾਰਥਨਾ ਕਰੋ ਤਾਂ ਜੋ ਤੁਸੀਂ ਉਸ ਪਰਮ ਪਿਤਾ ਦੀ ਸੰਤਾਨ ਅਖਵਾਉ ਜੋ ਭਲਿਆਂ ਅਤੇ ਬੁਰਿਆਂ, ਨਿਆਂਕਾਰ ਅਤੇ ਅਨਿਆਈ ਦੋਹਾਂ ਉਪਰ ਇਕੋ ਜਿਹਾ ਸੂਰਜ ਉਦੇ ਕਰਦਾ ਅਤੇ ਇਕੋ ਜਿਹੀ ਵਰਖਾ ਵਰਸਾਉਂਦਾ ਹੈ।

ਜੇ ਤੁਸਾਂ ਆਪਣੇ ਪ੍ਰੇਮੀਆਂ ਨਾਲ ਹੀ ਪ੍ਰੇਮ ਕੀਤਾ ਤਾਂ ਤੁਸਾਂ ਕਾਹਦੀ ਮੱਲ ਮਾਰੀ, ਕਿਉਂਕਿ ਇੰਜ ਤਾਂ ਭਠਿਆਰੇ ਵੀ ਕਰਦੇ ਹਨ। ਅਤੇ ਜੇ ਤੁਸੀਂ ਆਪਣੇ ਭਰਾਵਾਂ ਨੂੰ ਹੀ ਨਮਸਕਾਰ ਕੀਤਾ ਤਾਂ ਦੂਜਿਆਂ ਨਾਲੋਂ ਤੁਸੀਂ ਕੀ ਚੰਗਾ ਕਰ ਲਿਆ? ਕੀ ਭਠਿਆਰੇ ਵੀ ਇੰਜ ਨਹੀਂ ਕਰਦੇ?

ਇਸ ਲਈ ਤੁਹਾਨੂੰ ਇਹੀ ਸ਼ੋਭਾ ਦਿੰਦਾ ਹੈ ਕਿ ਤੁਸੀਂ ਆਪਣੇ ਪਰਮ ਪਿਤਾ ਪਰਮੇਸ਼ਰ ਦੀ ਨਿਆਈਂ, ਪੂਰਨ ਬਣੋ।

*(ਮੱਤੀ-5/43-48)*

ਇਕ ਦੂਜੇ ਨਾਲ ਪ੍ਰੇਮ ਕਰੋ। ਜਿਹੋ ਜਿਹਾ ਮੈਂ ਤੁਹਾਡੇ ਨਾਲ ਪ੍ਰੇਮ ਕੀਤਾ ਹੈ, ਉਹੋ ਜਿਹਾ ਤੁਸੀਂ ਵੀ ਇਕ ਦੂਜੇ ਨਾਲ ਕਰੋ। ਜੇ ਤੁਸੀਂ ਇਕ ਦੂਜੇ ਨਾਲ ਪ੍ਰੇਮ ਕਰੋਗੇ ਤਾਂ ਹੀ ਲੋਕਾਂ ਨੂੰ ਪਤਾ ਲਗੇਗਾ ਕਿ ਤੁਸੀਂ ਮੇਰੇ ਸ਼ਿਸ਼ ਹੋ।

*(ਯੂਹੰਨਾ-1/34-35)*

ਮੇਰੀ ਆਗਿਆ ਹੈ ਕਿ ਜਿਹੋ ਜਿਹਾ ਮੈਂ ਤੁਹਾਡੇ ਨਾਲ ਪ੍ਰੇਮ ਕੀਤਾ ਹੈ, ਉਹੋ ਜਿਹਾ ਤੁਸੀਂ ਵੀ ਇਕ ਦੂਜੇ ਨਾਲ ਕਰੋ। ਇਸ ਤੋਂ ਵੱਡਾ ਪ੍ਰੇਮ ਕੋਈ ਨਹੀਂ ਕਿ ਕੋਈ ਆਪਣੇ ਮਿਤਰਾਂ ਲਈ ਆਪਣਾ ਪ੍ਰਾਣ ਦੇ ਦੇਵੇ।

*(ਯੂਹੰਨਾ-15/12-13)*

ਪ੍ਰੇਮ ਦੁਆਰਾ ਤੁਸੀਂ ਇਕ ਦੂਜੇ ਦੀ ਸੇਵਾ ਕਰੋ।

*(ਗਲਤੀਆਂ ਦੇ ਨਾਮ ਪੌਲੁਸ ਪ੍ਰੇਰਿਤ ਦਾ ਪੱਤਰ-5/13)*

ਜੇ ਕਿਸੇ ਪਾਸ ਸੰਸਾਰ ਦੀ ਸੰਪਤੀ ਹੋਵੇ ਅਤੇ ਉਹ ਆਪਣੇ ਭਰਾ-ਸਾਥੀ ਨੂੰ ਸੰਕਟ ਵਿਚ ਦੇਖ ਕੇ ਉਸ ਉਪਰ ਕਰੁਣਾ ਦੀ ਵਰਖਾ ਨਾ ਕਰਨਾ ਚਾਹੇ, ਤਾਂ ਉਸ ਵਿਚ ਈਸ਼ਵਰ ਦਾ ਪ੍ਰੇਮ ਕਦਾਚਿਤ ਬਣਿਆਂ ਨਹੀਂ ਰਹਿ ਸਕਦਾ।

ਅਸੀਂ ਸ਼ਬਦਾਂ ਅਤੇ ਜਿਹਬਾ ਦੇ ਦੁਆਰਾ ਹੀ ਨਹੀਂ, ਕਰਮਾਂ ਅਤੇ ਸਤਯ ਦੇ ਦੁਆਰਾ ਪ੍ਰੇਮ ਪ੍ਰਗਟ ਕਰੀਏ।

*(ਯੂਹੰਨਾ ਦੀ ਪਹਿਲੀ ਚਿੱਠੀ-3/17-18)*

*ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ।।*
*ਪੰਨਾ - 1382 (ਗੁਰਬਾਣੀ ਵਿਚੋਂ)*

**ਪੜੋਸੀ ਨਾਲ ਪ੍ਰੇਮ**

ਆਪਣੇ ਪ੍ਰਭੂ ਨਾਲ ਆਪਣੇ ਸੰਪੂਰਣ ਮਨ ਅਤੇ ਸਮਸਤ ਪ੍ਰਾਨ, ਸਾਰੀ ਬੁੱਧੀ ਦੇ ਨਾਲ ਪ੍ਰੇਮ ਕਰੋ ਅਤੇ ਆਪਣੇ ਪੜੋਸੀ ਨਾਲ ਆਪਣੇ ਹੀ ਸਮਾਨ ਪ੍ਰੇਮ ਕਰੋ।

*(ਲੂਕਾ-10/27)*

**(ਧੰਨਵਾਦ ਸਹਿਤ 'ਸਾਮੀ ਧਰਮਾਂ ਦੇ ਉਪਦੇਸ਼' ਵਿਚੋਂ।)**

# ਆਤਮ ਮਾਰਗ ਦਾ ਪ੍ਰਯੋਜਨ

*ਸੰਤ ਸਾਧੂ ਸਿੰਘ ਜੀ, ਡਬਲ ਐਮ. ਏ.*
*ਸੰਗਰੂਰ।*

(ਲੜੀ ਜੋੜਨ ਲਈ ਦੇਖੋ,ਅਗਸਤ ਅੰਕ, ਪੰਨਾ – 54)

ਇਹ ਗੱਲ ਸਾਰੇ ਹੀ ਧਰਮ ਸ਼ਾਸ਼ਤਰ, ਸਾਰੇ ਹੀ ਮਤ ਮਤਾਂਤ੍ਰਾਂ ਦੇ ਮੁਖੀ ਪੁਕਾਰ-ਪੁਕਾਰ ਕੇ ਦੱਸ ਰਹੇ ਹਨ ਕਿ ਇਨਸਾਨੀ ਸਰੀਰ, ਮਨੁੱਖੀ ਜਾਮਾ ਅਤਿਅੰਤ ਦੁਰਲੱਭ ਵਸਤੂ ਹੈ। ਇਹ 84 ਲੱਖ ਜੂਨ ਦੀ ਬਾਦਸ਼ਾਹ ਦੇਹੀ ਹੈ, ਗੁਰੂ ਮਹਾਰਾਜ ਜੀ ਵੀ ਐਸਾ ਹੀ ਫ਼ੁਰਮਾਉਂਦੇ ਹਨ ਕਿ ਇਹ ਵਾਰ-ਵਾਰ ਹੱਥ ਨਾਂ ਆਉਣੀ, ਬੜੀ ਦੇਰ ਬਾਅਦ ਇਹ ਸੁਨਹਿਰੀ ਮੌਕਾ (golden chance) ਹੱਥ ਆਇਆ ਹੈ, ਬੜਾ ਹੀ ਬੇਕੀਮਤਾ ਲਾਲ ਹੱਥ ਆਇਆ ਹੈ; ਇਸ ਨੂੰ ਭੰਗ ਦੇ ਭਾਣੇ ਨਹੀਂ ਗਵਾਉਣਾ ਚਾਹੀਦਾ।

*ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ।*
*ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ।।*
*ਪੰਨਾ - 631*

ਗੁਰੂ ਜੀ ਕਹਿੰਦੇ ਹਨ, ਐ ਇਨਸਾਨ! ਬੜੇ ਜੁਗਾਂ ਬਾਅਦ ਇਹ ਮਾਨਸ ਦੇਹੀ ਪ੍ਰਾਪਤ ਹੋਈ ਹੈ ਔਰ ਇਹ ਪ੍ਰਭੂ ਨੂੰ ਮਿਲਣ ਦੀ ਵਾਰੀ ਹੈ, ਫਿਰ ਤੂੰ ਇਹ ਸੁਨਹਿਰੀ ਮੌਕਾ ਹੱਥੋਂ ਕਿਉਂ ਗੁਆ ਰਿਹਾ ਹੈਂ? ਕਬੀਰ ਜੀ ਕਹਿੰਦੇ ਹਨ –

*ਕਬੀਰ ਮਾਨਸ ਜਨਮੁ ਦੁਲੰਭੁ ਹੈ*
*ਹੋਇ ਨ ਬਾਰੈ ਬਾਰ।।*
*ਜਿਉ ਬਨ ਫਲ ਪਾਕੇ ਭੁਇ ਗਿਰਹਿ*
*ਬਹੁਰਿ ਨ ਲਾਗਹਿ ਡਾਰ।।* *ਪੰਨਾ - 1366*

ਮਾਨਸ ਜਨਮ ਬੜਾ ਹੀ ਦੁਰਲੱਭ ਹੈ, ਇਹ ਵਾਰ-ਵਾਰ ਹੱਥ ਨਹੀਂ ਆਉਣਾ। ਜਿਵੇਂ ਦਰਖਤ ਨਾਲੋਂ ਫਲ ਇਕ ਵਾਰ ਟੁੱਟ ਕੇ ਧਰਤੀ ਤੇ ਗਿਰ ਜਾਵੇ, ਉਹ ਦੁਬਾਰਾ ਟਾਹਣੀ ਨੂੰ ਨਹੀਂ ਲੱਗਿਆ ਕਰਦਾ। ਗੁਰੂ ਜੀ ਇਕ ਥਾਂ ਹੋਰ ਵਿਸਥਾਰ ਨਾਲ ਸਮਝਾਉਂਦੇ ਹਨ –

*ਕਈ ਜਨਮ ਭਏ ਕੀਟ ਪਤੰਗਾ।।*
*ਕਈ ਜਨਮ ਗਜ ਮੀਨ ਕੁਰੰਗਾ।।*
*ਕਈ ਜਨਮ ਪੰਖੀ ਸਰਪ ਹੋਇਓ।।*
*ਕਈ ਜਨਮ ਹੈਵਰ ਬ੍ਰਿਖ ਜੋਇਓ।।*
*ਮਿਲੁ ਜਗਦੀਸ ਮਿਲਨ ਕੀ ਬਰੀਆ।।*
*ਚਿਰੰਕਾਲ ਇਹ ਦੇਹ ਸੰਜਰੀਆ।।* *ਪੰਨਾ - 176*

ਮਨੁੱਖਾ ਸਰੀਰ ਧਾਰਨ ਕਰਨ ਤੋਂ ਪਹਿਲਾਂ ਇਸਨੂੰ ਕਿਹੋ ਜਿਹੀਆਂ ਨਖਿੱਧ ਜੂਨੀਆਂ ਵਿਚ ਦੀ ਲੰਘਣਾ ਪਿਆ ਹੈ। ਉਹ ਜੂਨੀਆਂ ਜਿਨ੍ਹਾਂ ਤੋਂ ਸਾਨੂੰ ਨਫ਼ਰਤ ਹੈ। ਅਜਿਹੇ ਸਰੀਰ ਧਾਰਨ ਕਰਕੇ ਕਿਤਨੇ ਦੁਖਾਂ ਵਿਚੋਂ, ਨਰਕਾਂ ਵਿਚੋਂ ਲੰਘ ਕੇ, ਤਾਂ ਕਿਤੇ ਸਬੱਬੀਂ ਮਾਨੁਸ਼ ਦੇਹ ਇਸਨੂੰ ਮਿਲੀ ਹੈ। ਦੇਹ ਹੋਰ ਹੈ, ਦੇਹ ਨੂੰ ਧਾਰਨ ਕਰਨ ਵਾਲਾ ਹੋਰ ਹੈ। ਜਿਵੇਂ ਇਕ ਮਕੀਂਅ (ਮਕਾਨ ਵਿਚ ਰਹਿਣ ਵਾਲਾ) ਹੁੰਦਾ ਹੈ, ਦੂਜਾ ਮਕਾਨ ਹੁੰਦਾ ਹੈ; ਇਕ ਘੋੜੇ ਦਾ ਅਸਵਾਰ ਹੈ, ਦੂਜਾ ਘੋੜਾ ਹੈ; ਇਕ ਪਾਇਲਟ ਹੈ, ਦੂਜਾ ਹਵਾਈ ਜਹਾਜ਼ ਹੈ; ਇਕ ਗੱਡੀ ਹੈ, ਦੂਜਾ ਉਮਦਾ ਮਾਲਕ ਹੈ। ਇਸੀ ਤਰ੍ਹਾਂ ਸਾਡਾ ਤੇ ਦੇਹ ਦਾ ਸਬੰਧ ਹੈ। ਸਤਿ ਪੁਰਸ਼ ਆਪਣੇ ਸਰੀਰ ਨੂੰ ਗੱਡੀ ਹੀ ਮੰਨਦੇ ਹਨ। ਜਿਵੇਂ ਇਕ ਦਫਾ ਰੇਰੂ ਸਾਹਿਬ ਵਾਲੇ ਮਹਾਂਪੁਰਖ ਸੰਤ ਬਾਬਾ ਅਤਰ ਸਿੰਘ ਜੀ ਨੂੰ ਇਕ ਸੇਠ ਨੇ ਆਪਣੇ ਗ੍ਰਹਿ ਵਿਖੇ ਲੈ ਜਾਣ ਵਾਸਤੇ ਪ੍ਰਵਾਨਗੀ ਲੈ ਲਈ। ਸੇਠ ਕਹਿਣ ਲੱਗਿਆ, "ਮਹਾਰਾਜ! ਮੇਰੇ ਪਾਸ ਕਾਰ ਹੈ, ਜੇ ਹੁਕਮ ਹੋਵੇ ਮੈਂ ਆਪ ਜੀ ਵਾਸਤੇ ਕਾਰ ਭੇਜ ਦਿਆਂ।" ਅਗੋਂ ਮਹਾਂਪੁਰਖ ਕਹਿਣ ਲੱਗੇ, "ਨਹੀਂ ਸੇਠ ਜੀ! ਸਾਡੀ ਮੋਟਰ ਅਜੇ ਬਹੁਤ ਅੱਛੀ ਚੱਲ ਰਹੀ ਹੈ, ਅਸੀਂ ਆਪੇ ਹੀ ਸਮੇਂ ਸਿਰ ਆ ਜਾਵਾਂਗੇ।" ਸੇਠ ਹੈਰਾਨ ਹੋ ਗਿਆ ਕਿ ਇਹਨਾਂ ਪਾਸ ਕੋਈ ਮੋਟਰ ਕਾਰ ਤਾਂ ਹੈ ਨਹੀਂ, ਫਿਰ ਇਹ ਕਿਹੜੀ ਮੋਟਰ ਦਾ ਜ਼ਿਕਰ ਕਰ ਰਹੇ ਹਨ। ਉਸਨੂੰ ਨਹੀਂ ਸੀ ਪਤਾ ਕਿ ਗਿਆਨਵਾਨ ਪੁਰਸ਼ ਆਪਣੇ ਸਰੀਰ ਨੂੰ ਗੱਡੀ ਮੰਨਦਾ ਹੈ। ਅਗਿਆਨ ਕਰਕੇ, ਭੁੱਲ ਕਰਕੇ, ਜਹਾਲਤ ਦਾ ਪਰਦਾ ਕਰਕੇ ਇਹ ਆਪਣੇ ਆਪ ਨੂੰ ਆਤਮਾ ਦੀ ਬਜਾਇ, ਦੇਹ ਮੰਨ ਬੈਠਾ ਹੈ। ਦੇਹ ਦੇ ਸਬੰਧ ਕਰਕੇ ਅਤਿਅੰਤ ਦੁਖੀ ਹੈ। ਦੇਹ ਹੰਗਤਾ, ਦੇਹ ਮਮਤਾ ਸਾਰੇ ਦੁਖਾਂ ਦਾ ਮੂਲ ਹੈ। ਅਸੀਂ ਦੇਹ ਨਹੀਂ ਹਾਂ, ਅਸੀਂ ਆਤਮਾ ਹਾਂ, ਆਤਮ ਸਹਿਜ਼ਾਦੇ ਹਾਂ।

*ਕਹੁ ਕਬੀਰ ਇਹੁ ਰਾਮ ਕੀ ਅੰਸੁ।।* *ਪੰਨਾ - 871*

ਸਾਡਾ ਸਭ ਦਾ ਆਪਣਾ ਆਪਾ ਆਤਮਾ ਹੈ, ਜੋ ਤਮਾਮ ਦੁਖਾਂ ਤੋਂ ਪਰ੍ਹੇ ਹੈ ਜਿਸਦੇ ਵਿਚ ਦੁਖਾਂ ਦਾ ਨਾਮੋ ਨਿਸ਼ਾਨ ਨਹੀਂ ਹੈ, ਜਿਸ ਵਿਚ ਜਨਮ ਨਹੀਂ, ਬਚਪਨ ਨਹੀਂ, ਬੁਢਾਪਾ ਨਹੀਂ, ਮੌਤ ਨਹੀਂ, ਵਧਣਾ ਘਟਣਾ ਨਹੀਂ; ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਭੀ ਉਥੇ ਨਹੀਂ ਹਨ; ਸ਼ਬਦ, ਸਪਰਸ਼, ਰੂਪ, ਰਸ, ਗੰਧ – ਤੰਦੂਏ ਵੀ ਉਥੇ ਨਹੀਂ ਹਨ; ਪੰਜ ਕਲੇਸ਼ – ਅਵਿਦਿਆ, ਅਸਮਿਤਾ, ਰਾਗ, ਦ੍ਵੈਸ਼, ਅਭੀਨਿਵੇਸ਼ ਵੀ ਉਥੇ ਨਹੀਂ। ਆਸ਼ਾ, ਤ੍ਰਿਸ਼ਨਾ, ਚਿੰਤਾ – ਤਿੰਨ ਡਾਇਣਾਂ ਜੋ ਹਰ ਵਕਤ ਮਨ ਨੂੰ ਕੁਤਰ-ਕੁਤਰ, ਵੱਢ-ਵੱਢ ਖਾਂਦੀਆਂ ਹਨ, ਇਹਨਾਂ ਦੀ ਵੀ ਉਥੇ ਪਹੁੰਚ ਨਹੀਂ ਹੈ। ਆਧਿ, ਬਿਆਧ, ਉਪਾਧ ਤਿੰਨ ਤਾਪ ਵੀ ਹੇਠਾਂ ਹੀ ਰਹਿ ਜਾਂਦੇ ਹਨ। ਦੁੱਖ ਨਹੀਂ, ਚਿੰਤਾ ਨਹੀਂ, ਫਿਕਰ ਨਹੀਂ, ਗਮ ਨਹੀਂ, ਕਲਪਣਾ ਨਹੀਂ, ਹੋਰ ਤਾਂ ਕੀ ਕਹਿਣਾ ਹੈ, ਉਥੇ ਦ੍ਵੰਦ ਦਾ ਵੀ ਅਭਾਵ ਹੈ। ਐਨ੍ਹ ਸਤਿ ਚਿੱਤ ਅਨੰਦ ਦਾ ਸਾਗਰ ਹੈ। ਅਨੰਦ ਹੀ ਅਨੰਦ ਹੈ। ਉਹ ਸਾਡਾ ਆਪਣਾ ਆਪਾ ਹੈ। ਪਰ ਅਸੀਂ ਭੁੱਲ ਕਰਕੇ, ਅਗਿਆਨ ਕਰਕੇ ਆਪਣੇ ਆਪ ਨੂੰ ਆਤਮਾ ਦੀ ਬਜਾਇ ਦੇਹ ਮੰਨੀ ਜਾਂਦੇ ਹਾਂ। ਇਹ ਭੁੱਲ ਸਾਡੀ ਇਹੋ ਜਿਹੀ ਹੈ, ਜਿਵੇਂ ਕੋਈ ਘੋੜ ਸਵਾਰ ਆਪਣੇ ਆਪ ਨੂੰ ਘੋੜਾ ਮੰਨੀ ਜਾਵੇ ਜਾਂ ਮਾਲਕ ਹੀ ਆਪਣੇ ਆਪ ਨੂੰ ਮਕਾਨ ਹੀ ਮੰਨ ਬੈਠੇ। ਇਹ ਭੁੱਲ ਦੂਰ ਕਰਨ ਵਾਸਤੇ ਹੀ ਇਹ ਮਨੁੱਖਾ ਦੇਹੀ, ਸੁਨਿਹਰੀ ਮੌਕਾ ਵਾਹਿਗੁਰੂ ਦੀ ਕ੍ਰਿਪਾ ਨਾਲ ਹੱਥ ਆਇਆ ਹੈ। ਵਾਹਿਗੁਰੂ ਨੇ ਜੋ ਸਰੀਰ ਰੂਪੀ ਘੋੜਾ ਸਾਨੂੰ ਦਿਤਾ ਹੈ, ਇਕ ਦਿਨ ਵਾਪਸ ਵੀ ਲੈ ਲੈਣਾ ਹੈ। ਉਸ ਤੋਂ ਪਹਿਲਾਂ-ਪਹਿਲਾਂ ਇਸ ਸਰੀਰ ਰੂਪੀ ਘੋੜੇ ਤੋਂ ਪ੍ਰਭੂ ਪ੍ਰਾਪਤੀ ਦਾ ਕੰਮ ਲੈ ਲੈਣਾ ਹੀ, ਇਸ ਮਨੁੱਖਾ ਦੇਹੀ ਦਾ ਮੁੱਖ ਉਦੇਸ਼ ਹੈ, ਪਰਮ ਪ੍ਰਯੋਜਨ ਹੈ। ਜੇ ਹੁਣ ਇਨਸਾਨ ਆਪਣੀ ਭੁੱਲ ਦੂਰ ਨਾ ਕਰ ਸਕਿਆ ਤਾਂ ਮੁੜ ਕੇ ਉਹੀ ਕੋਹਲੂ ਚੱਕਰ

ਇਹਦੇ ਵਾਸਤੇ ਫਿਰ ਤਿਆਰ ਹੈ। ਤਦੇ ਹੀ ਗੁਰੂ ਮਹਾਰਾਜ ਜੀ ਸਾਨੂੰ ਐਸਾ ਫੁਰਮਾਨ ਕਰਦੇ ਹਨ –

*ਭਈ ਪਰਾਪਤਿ ਮਾਨੁਖ ਦੇਹੁਰੀਆ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥*
*ਅਵਰਿ ਕਾਜ ਤੇਰੈ ਕਿਤੈ ਨ ਕਾਮ॥*
*ਮਿਲੁ ਸਾਧ ਸੰਗਤਿ ਭਜੁ ਕੇਵਲ ਨਾਮ॥* *ਪੰਨਾ - 12*

*ਲਖ ਚਉਰਾਸੀਹ ਜੋਨਿ ਸਬਾਈ॥*
*ਮਾਣਸ ਕਉ ਪ੍ਰਭਿ ਦੀਈ ਵਡਿਆਈ॥*
*ਇਸੁ ਪਉੜੀ ਤੇ ਜੋ ਨਰੁ ਚੂਕੈ*
*ਸੋ ਆਇ ਜਾਇ ਦੁਖੁ ਪਾਇਦਾ॥* *ਪੰਨਾ - 1075*

*ਕਬੀਰ ਲੂਟਨਾ ਹੈ ਤ ਲੂਟਿ ਲੈ ਰਾਮ ਨਾਮ ਹੈ ਲੂਟਿ॥*
*ਫਿਰਿ ਪਾਛੈ ਪਛੁਤਾਹੁਗੇ ਪ੍ਰਾਨ ਜਾਹਿੰਗੇ ਛੂਟਿ॥*
*ਪੰਨਾ - 1366*

ਕਈ ਕੁ ਕਹਿੰਦੇ ਹਨ, ਲਉ ਜੀ ਗੁਰੂ ਵਾਲੇ ਬਣ ਜਾਵਾਂਗੇ, ਅਜੇ ਕੀ ਕਾਹਲੀ ਹੈ, ਜਿਵੇਂ ਉਹਨਾਂ ਨੇ ਆਪਣੇ ਸਰੀਰ ਦੀ ਮੁਨਿਆਦ ਬਾਰੇ ਪ੍ਰਭੂ ਤੋਂ ਲਿਖਵਾ ਕੇ ਅਸਟਾਮ ਆਪਣੀ ਜੇਬ ਵਿਚ ਪਾਇਆ ਹੁੰਦਾ ਹੈ। "ਓ ਭਾਈ! ਇਹ ਪਾਣੀ ਦੇ ਬੁਲਬਲੇ (ਸਰੀਰ) ਦੀ ਕੀ ਮੁਨਿਆਦ ਹੈ? ਕੋਈ ਵੀ ਮੁਨਿਆਦ ਨਹੀਂ ਹੈ। ਪਤਾ ਨੀਂ ਕਦੋਂ ਫੂਕ ਨਿਕਲ ਜਾਇ, ਪਤਾ ਨੀਂ ਕਦੋਂ ਪੈਂਚਰ ਹੋ ਜਾਏ। ਇਹਨੇ ਤਾਂ ਰਹਿਣਾ ਨਹੀਂ, ਨਾ ਕੋਈ ਰਹਿ ਸਕਿਆ ਹੈ" –

*ਰਹਣੁ ਨ ਪਾਵਹਿ ਸੁਰਿ ਨਰ ਦੇਵਾ॥*
*ਊਠਿ ਸਿਧਾਰੇ ਕਰਿ ਮੁਨਿ ਜਨ ਸੇਵਾ॥* *ਪੰਨਾ - 740*

ਸੋ ਜੋ ਮਨੁੱਖਾ ਦੇਹੀ ਦਾ ਮੁਖ ਕੰਮ ਹੈ, ਉਹ ਹੈ – ਪ੍ਰਭੂ ਪ੍ਰਾਪਤੀ। ਉਸ ਵਲ ਇਸਨੂੰ ਬਗੈਰ ਦੇਰ ਕੀਤਿਆਂ ਲੱਗਣ ਦੀ ਜ਼ਰੂਰਤ ਹੈ। ਜੇ ਐਸਾ ਨਹੀਂ ਕਰਦਾ ਤਾਂ ਇਹਦੇ ਵਾਸਤੇ ਫਿਰ 84 ਦਾ ਕੋਹਲੂ ਚੱਕਰ ਤਿਆਰ ਹੈ। ਜਿਵੇਂ –

ਇਕ ਰਾਜੇ ਨੇ ਪਹਾੜ ਦੀ ਚੋਟੀ ਤੇ ਇਕ ਗੋਲ ਸ਼ਕਲ ਦਾ ਕਿਲਾ ਬਣਵਾਇਆ ,ਜਿਸਦੇ 84 ਦਰਵਾਜ਼ੇ ਰੱਖੇ, ਜਿਨ੍ਹਾਂ ਵਿਚੋਂ 83 ਬੰਦ ਹਨ, ਸਿਰਫ਼ ਇਕ ਖੁਲ੍ਹਾ ਹੈ। ਦੇਵਨੇਤ ਨਾਲ ਉਸ ਕਿਲੇ ਵਿਚ ਇਕ ਨੇਤ੍ਰਹੀਣ ਕੈਦ ਹੈ, ਬੜਾ ਹੀ ਦੁਖੀ ਹੈ। ਉਚੀ-ਉਚੀ ਰੋਣਾ ਸ਼ੁਰੂ ਕਰ ਦਿਤਾ ਔਰ ਹਾਕਾਂ ਮਾਰਨੀਆਂ ਸ਼ੁਰੂ ਕਰ ਦਿਤੀਆਂ, "ਓ ਭਾਈ, ਕੋਈ ਮੇਰੇ ਤੇ ਤਰਸ ਕਰੋ, ਰਹਿਮ ਕਰੋ, ਮੈਨੂੰ ਇਸ ਕਿਲੇ ਦੀ ਕੈਦ ਚੋਂ ਕੱਢੋ।" ਬਾਹਰੋਂ ਕਿਸੇ ਦਇਆਵਾਨ ਨੇ ਉਸਦੀਆਂ ਹਾਕਾਂ ਸੁਣ ਕੇ ਕਿਹਾ ਕਿ ਇਸ ਕਿਲੇ ਦੇ 84 ਦਰਵਾਜ਼ੇ ਹਨ, ਜਿਨ੍ਹਾਂ ਵਿਚੋਂ ਇਕ ਦਰਵਾਜ਼ਾ ਖੁਲ੍ਹਾ ਹੈ, ਉਥੋਂ ਦੀ ਬਾਹਰ ਆ ਜਾ। ਅੰਦਰੋਂ ਉਹ ਨੇਤ੍ਰਹੀਣ ਆਦਮੀ ਕਹਿਣ ਲੱਗਿਆ, "ਓ ਭਾਈ, ਮੈਨੂੰ ਦਿਸਦਾ ਨਹੀਂ, ਮੈਂ ਨੇਤ੍ਰਹੀਣ ਹਾਂ, ਅੰਧਾ ਹਾਂ; ਮੈਂ ਕੀ ਕਰਾਂ, ਕਿਵੇਂ ਬਾਹਰ ਆਵਾਂ?" ਬਾਹਰਲੇ ਆਦਮੀ ਨੇ ਕਿਹਾ, "ਠੀਕ ਹੈ ਤੈਨੂੰ ਦਿਸਦਾ ਨਹੀਂ, ਤੇਰੇ ਨੇਤ੍ਰ ਨਹੀਂ, ਪਰ ਤੇਰੇ ਹੱਥ ਪੈਰ ਤਾਂ ਹਨ?" ਉਹ ਕਹਿਣ ਲੱਗਿਆ, "ਹਾਂ ਹੱਥ, ਪੈਰ ਤਾਂ ਕਾਇਮ ਹਨ।" ਬਾਹਰਲਾ ਆਦਮੀ ਕਹਿਣ ਲੱਗਿਆ, "ਗੌਰ ਨਾਲ ਸੁਣ, ਮੈਂ ਤੈਨੂੰ ਇਕ ਜੁਗਤ ਦਸਦਾ ਹਾਂ, ਤੂੰ ਉਸ ਜੁਗਤ ਤੇ ਅਮਲ ਕਰਕੇ ਇਸ ਕਿਲੇ 'ਚੋਂ ਅਜ਼ਾਦ ਹੋ ਸਕਦਾ ਹੈਂ, ਬਰੀ ਹੋ ਸਕਦਾ ਹੈਂ, ਮੁਕਤ ਹੋ ਸਕਦਾ ਹੈਂ।" ਉਹ ਕਹਿਣ ਲੱਗਿਆ, "ਹਾਂ ਮੈਨੂੰ ਛੇਤੀ ਦੱਸ?" ਬਾਹਰਲਾ ਆਦਮੀ ਕਹਿੰਦਾ, "ਤੂੰ ਕਿਲੇ ਦੀ ਕੰਧ ਨਾਲ ਹੱਥ ਲਾ ਕੇ ਤੁਰਨਾ ਸ਼ੁਰੂ ਕਰ ਦੇ, ਜਿਥੇ ਖੁਲ੍ਹਾ ਦਰਵਾਜ਼ਾ ਆਊਗਾ, ਉਥੋਂ ਦੀ ਬਾਹਰ ਆ ਜਾਵੀਂ।" ਅੰਦਰਲਾ ਕੈਦੀ ਆਦਮੀ ਕਹਿਣ ਲੱਗਿਆ, "ਬਿਲਕੁਲ ਠੀਕ ਹੈ, ਮੈਂ ਇਸੀ ਤਰ੍ਹਾਂ ਕਰਾਂਗਾ।" ਉਸਨੇ ਕਿਲੇ ਦੀ ਕੰਧ ਨਾਲ ਹੱਥ ਲਾ ਕੇ ਤੁਰਨਾ ਸ਼ੁਰੂ ਕਰ ਦਿਤਾ। ਜਿਹੜਾ ਦਰਵਾਜ਼ਾ ਆਉਂਦਾ ਹੈ, ਉਹੀ ਬੰਦ ਜਿਹੜਾ ਦਰਵਾਜ਼ਾ ਆਉਂਦੇ, ਕਿਉਂਕਿ 83 ਬੰਦ ਸਨ। ਖੁਲ੍ਹਾ ਦਰਵਾਜ਼ਾ ਤਾਂ 83 ਦਰਵਾਜ਼ੇ ਲੰਘ ਕੇ ਹੀ ਆਉਣਾ ਸੀ। ਖੈਰ ਉਹ ਵਿਚਾਰਾ ਕੰਧ ਨਾਲ ਹੱਥ ਲਾ ਕੇ ਤੁਰੀ ਗਿਆ। ਜਿਥੇ ਖੁਲ੍ਹਾ ਦਰਵਾਜ਼ਾ ਆਇਆ ਉਥੇ ਉਹਦੇ ਸਿਰ ਵਿਚ ਖਾਜ (ਖੁਰਕ) ਹੋਣ ਲਗ ਪਈ , ਕੰਧ ਨਾਲੋਂ ਹੱਥ ਚੁਕ ਕੇ ਸਿਰ ਵਿਚ ਖਾਜ ਕਰਨ ਲਗ ਪਿਆ, ਕਦਮ ਉਵੇਂ ਹੀ ਚੁਕੀ ਗਿਆ। ਇੰਨੇ ਚਿਰ ਵਿਚ ਖਾਜ ਕਰਦਿਆਂ ਉਹ ਖੁਲ੍ਹਾ ਦਰਵਾਜ਼ਾ ਲੰਘ ਗਿਆ। ਫੇਰ ਉਹੀ ਬੰਦ ਦਰਵਾਜ਼ੇ ਆਉਣੇ ਸ਼ੁਰੂ ਹੋ ਗਏ। ਅਖੀਰ ਥੱਕ ਕੇ, ਦੁਖੀ ਹੋ ਕੇ ਫਿਰ ਹਾਕਾਂ ਮਾਰਨ ਲੱਗ ਪਿਆ, "ਓ ਮੇਰੇ ਤੇ ਤਰਸ ਕਰੋ, ਮੈਂ ਬੜਾ ਦੁਖੀ ਹਾਂ, ਮੈਨੂੰ ਇਸ ਕਿਲੇ ਦੀ ਕੈਦ 'ਚੋਂ ਕੱਢੋ।" ਬਾਹਰਲਾ ਆਦਮੀ ਕਹਿਣ ਲੱਗਿਆ, "ਜਿਹੜੀ ਤੈਨੂੰ ਜੁਗਤ ਦੱਸੀ ਸੀ, ਉਹ ਬਿਲਕੁਲ ਠੀਕ ਸੀ, ਤੂੰ ਉਸਤੇ ਚੱਲ ਕੇ ਬਾਹਰ ਆ ਜਾਣਾ ਸੀ।" ਅੰਦਰਲਾ ਆਦਮੀ ਕਹਿਣ ਲਗਿਆ, "ਮੈਂ ਉਵੇਂ ਹੀ ਕੀਤਾ ਹੈ।" ਬਾਹਰਲਾ ਆਦਮੀ ਕਹਿਣ ਲੱਗਿਆ, "ਫੇਰ ਤੈਥੋਂ ਕੋਈ ਗਲਤੀ ਹੋਈ ਹੋਵੇਗੀ, ਵਰਨਾ ਤੂੰ ਲਾਜ਼ਮੀ ਬਾਹਰ ਆ ਜਾਣਾ ਸੀ।" ਅੰਦਰਲੇ ਆਦਮੀ ਨੇ ਫਿਰ ਸੋਚ ਕੇ ਕਿਹਾ, "ਹਾਂ ਇਕ ਵਾਰ ਮੇਰੇ ਸਿਰ ਵਿਚ ਖਾਜ ਹੋਣ ਲਗ ਪਈ ਸੀ, ਮੈਂ ਕੰਧ ਨਾਲੋਂ ਹੱਥ ਚੁੱਕ ਕੇ ਸਿਰ ਵਿਚ ਖਾਜ ਕਰਨ ਲਗ ਪਿਆ ਸੀ, ਉਦੋਂ ਉਹ ਖੁਲ੍ਹਾ ਦਰਵਾਜ਼ਾ ਲੰਘ ਗਿਆ ਹੋਣਾ ਹੈ, ਇਹ ਮੈਥੋਂ ਭੁੱਲ ਹੋ ਗਈ।" ਬਾਹਰਲਾ ਆਦਮੀ ਕਹਿਣ ਲੱਗਿਆ, "ਪ੍ਰੇਮੀਆਂ! ਹੁਣ ਇਕ ਪੂਰਾ ਚੱਕਰ ਤੈਨੂੰ ਫਿਰ ਲਾਉਣਾ ਪਵੇਗਾ, ਤਾਂ ਉਹ ਖੁੱਲਾ ਦਰਵਾਜ਼ਾ ਹੱਥ ਵਿਚ ਆਵੇਗਾ।" ਇਹ ਹੈ ਦ੍ਰਿਸ਼ਟਾਂਤ। ਵਾਹਿਗੁਰੂ ਰਾਜਾਨ ਰਾਜ ਹੈ। ਉਸਨੇ ਸ੍ਰਿਸ਼ਟੀ ਦੀ ਸਾਜਨਾ ਕੀਤੀ ਹੈ, ਉਸਦਾ ਕੋਈ ਪਾਰਾਵਾਰ ਪਾਇਆ ਹੀ ਨਹੀਂ ਜਾ ਸਕਦਾ। ਦਸਵੇਂ ਪਾਤਸ਼ਾਹ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਫੁਰਮਾਉਂਦੇ ਹਨ –

*ਤੁਮਰਾ ਲਖਾ ਨਾ ਜਾਇ ਪਸਾਰਾ॥*
*ਕਿਹ ਬਿਧ ਸਜਾ ਪ੍ਰਿਥਮ ਸੰਸਾਰਾ॥* *(ਚੌਪਈ)*

ਪ੍ਰਭੂ ਨੇ 84 ਲੱਖ ਜੂਨ ਪੈਦਾ ਕੀਤੀ ਹੈ। ਇਹ ਸੰਸਾਰ, ਮਾਨੋਂ ਇਕ ਕਿਲਾ ਹੈ। ਚੌਰਾਸੀ ਲੱਖ ਜੂਨ ਇਸ ਕਿਲੇ ਦੇ 84 ਦਰਵਾਜ਼ੇ ਹਨ। ਜਿਨ੍ਹਾਂ ਵਿਚੋਂ 83, 99, 999 ਨੂੰ ਤਾਂ ਅਧਿਕਾਰ ਹੀ ਨਹੀਂ, ਉਹਨਾਂ ਵਾਸਤੇ ਗੇਟ ਬੰਦ ਹੀ ਹਨ। ਕੇਵਲ ਇਕੋ ਦਰਵਾਜ਼ਾ (ਮਨੁੱਖਾ ਦੇਹ) ਹੀ ਖੁਲ੍ਹਾ ਦਰਵਾਜ਼ਾ ਹੈ – ਵਾਹਿਗੁਰੂ ਨੂੰ ਮਿਲਣ ਵਾਸਤੇ, ਜੋ ਬੜੇ ਲੰਮੇਂ ਚੱਕਰ ਤੋਂ ਪਿਛੋਂ ਪ੍ਰਾਪਤ ਹੋਇਆ ਹੈ। ਜੇ ਇਨਸਾਨ ਨੇ ਉਸ ਨੇਤ੍ਰਹੀਣ ਪੁਰਸ਼ ਵਾਂਗ ਗਲਤੀ ਕਰਕੇ, ਭੁੱਲ ਕਰਕੇ ਵਿਕਾਰਾਂ ਦੀ ਖਾਜ ਹਟਾਉਂਦਿਆਂ ਹੀ ਇਹ ਖੁਲ੍ਹਾ ਦਰਵਾਜ਼ਾ ਲੰਘਾ ਲਿਆ, ਸੁਨਹਿਰੀ ਮੌਕਾ ਮਿਸ ਕਰ ਲਿਆ ਤਾਂ ਫਿਰ ਇਹਦੇ ਵਾਸਤੇ ਵੀ ਉਹੀ ਚੌਰਾਸੀ ਦਾ ਕੋਹਲੂ ਚੱਕਰ ਫਿਰ ਤਿਆਰ ਹੈ। ਸਿਆਣਾ ਆਦਮੀ ਵਿਚਾਰ ਤੋਂ ਕੰਮ ਲਿਆ ਕਰਦਾ ਹੈ। ਇਆਣਾ ਵਿਚਾਰ ਤੋਂ ਕੰਮ ਨਹੀਂ ਲੈਂਦਾ। ਇਨਸਾਨ ਦੇ ਸਾਹਮਣੇ ਦੋ ਕਿਸਮ ਦੇ ਮਜ਼ਮੂਨ ਹਨ ਜਿਵੇਂ ਸਕੂਲਾਂ, ਕਾਲਜਾਂ ਵਿਚ ਦੋ ਕਿਸਮ ਦੇ ਸਬਜੈਕਟ ਹੁੰਦੇ ਹਨ – ਇਕ ਕੰਮਪਲਸਰੀ, ਦੂਜਾ ਆਪਸ਼ਨਲ। ਕੰਮਪਲਸਰੀ 'ਚੋਂ ਪਾਸ ਹੋਣਾ ਲਾਜ਼ਮੀ ਹੋਇਆ ਕਰਦਾ ਹੈ। ਆਪਸ਼ਨਲ ਤਾਂ ਕੇਵਲ ਨੰਬਰ

ਵਧਾਉਣ ਲਈ ਹੁੰਦਾ ਹੈ। ਇਸੀ ਤਰ੍ਹਾਂ ਸਾਡੇ ਲਈ ਵੀ ਦੋ ਮਜ਼ਮੂਨ ਹਨ - ਇਕ ਜ਼ਰੂਰੀ, ਦੂਜਾ ਗੈਰ ਜ਼ਰੂਰੀ। ਰੂਹਾਨੀ ਫਰ,ਜ਼ ਆਤਮ ਮਾਰਗ ਮੁਖ ਫਰਜ਼ ਹੈ - ਕੰਮਪਲਸਰੀ ਸਬਜੈਕਟ, ਜਿਸ ਵਿਚੋਂ ਪਾਸ ਹੋਏ ਬਿਨਾਂ ਕਲਿਆਣ ਹੈ ਹੀ ਨਹੀਂ। ਦੂਸਰਾ ਜਿਸਮਾਨੀ ਗੌਣ ਫਰਜ਼ ਹੈ, ਆਪਸ਼ਨਲ ਸਬਜੈਕਟ ਹੈ, ਉਹਦੀ ਬਾਬਤ ਸਭ ਜਾਣਦੇ ਹੀ ਹਨ। ਪਰ ਆਤਮਾ ਮਾਰਗ ਬਾਰੇ ਕੋਈ ਵਿਰਲੇ-ਵਿਰਲੇ ਜਾਣਦੇ ਹਨ। ਬਹੁਤੇ ਤਾਂ ਬੁੱਧ ਦੀ ਮਲੀਨਤਾ ਕਰਕੇ ਜਿਸਮਾਨੀ ਫਰਜ਼ ਨੂੰ ਹੀ ਮੁਖਤਾ ਦਿੰਦੇ ਹਨ, ਅਤੇ ਕਹਿੰਦੇ ਹਨ - ਰੂਹਾਨੀ ਫਰਜ਼ ਦੀ ਤਾਂ ਕੋਈ ਲੋੜ ਹੀ ਨਹੀਂ। ਇਹ ਉਹਨਾਂ ਦੀ ਬੜੀ ਭਾਰੀ ਭੁੱਲ ਹੈ। ਗੁਰਬਾਣੀ ਕਹਿੰਦੀ ਹੈ, "ਐ ਇਨਸਾਨ! ਜੇ ਤੂੰ ਹੁਣ ਗੁਰੂ ਵਾਲਾ ਬਣ ਕੇ ਆਪਣੀ ਭੁੱਲ ਦੂਰ ਨਾ ਕਰ ਸਕਿਆ ਤਾਂ ਫਿਰ ਵਾਰ-ਵਾਰ ਜੰਮਣ ਮਰਨ ਦਾ ਦੁਖ ਝੱਲਣਾ ਹੀ ਪੈਣਾ ਹੈ।"

*ਜਮਿ ਜਮਿ ਮਰੈ ਮਰੈ ਫਿਰਿ ਜੰਮੈ॥*
*ਬਹੁਤੁ ਸਜਾਇ ਪਇਆ ਦੇਸਿ ਲੰਮੈ॥*
*ਜਿਨਿ ਕੀਤਾ ਤਿਸੈ ਨ ਜਾਣੀ ਅੰਧਾ*
*ਤਾ ਦੁਖੁ ਸਹੈ ਪਰਾਣੀਆ॥* ***ਪੰਨਾ - 1020***

ਗੁਰੂ ਜੀ ਸਾਨੂੰ ਜ਼ਰੂਰੀ ਮਜ਼ਮੂਨ 'ਆਤਮ ਮਾਰਗ' ਦੀ ਸੋਝੀ ਦੇਣ ਵਾਸਤੇ ਆਏ ਸਨ ਜੋ ਕਿ ਬਹੁਤ ਹੀ ਸੌਖਾ ਮਾਰਗ ਹੈ -

*ਸਬਦ ਜਿਤੀ ਸਿਧ ਮੰਡਲੀ*
*ਕੀਤੋਸੁ ਆਪਣਾ ਪੰਥ ਨਿਰਾਲਾ॥*
*ਕਲਿਜੁਗ ਨਾਨਕ ਨਾਮ ਸੁਖਾਲਾ॥*
***ਭਾਈ ਗੁਰਦਾਸ ਜੀ, ਵਾਰ- 1/31***

*ਸਿਖਹੁ ਸਬਦੁ ਪਿਆਰਿਹੋ ਜਨਮ ਮਰਨ ਕੀ ਟੇਕ॥*
*ਮੁਖ ਊਜਲ ਸਦਾ ਸੁਖੀ ਨਾਨਕ ਸਿਮਰਤ ਏਕ॥*
***ਪੰਨਾ - 916***

(ਪਾਠਕਾਂ ਨੂੰ ਬੇਨਤੀ ਹੈ, ਰਸਾਲਾ ਪੜ੍ਹਨ ਉਪਰੰਤ ਉਚੀ ਜਗ੍ਹਾਂ ਰੱਖਣਾ ਜੀ ਕਿਉਂਕਿ ਇਸ ਵਿਚ ਗੁਰੂ ਪਾਤਸ਼ਾਹ ਦੀ ਬਾਣੀ ਦਰਜ਼ ਹੁੰਦੀ ਹੈ। ਸਰਬੱਤ ਨੂੰ ਸੁਖ ਸ਼ਾਂਤੀ ਪ੍ਰਦਾਨ ਕਰਨ ਲਈ ਹੋਰ ਮੈਂਬਰ ਬਣਾਉਣ ਦੀ ਸੇਵਾ ਕਰਨ ਦੀ ਖੇਚਲ ਕਰੋ ਜੀ।) (ਮੈਂਬਰ ਐਡੀਟੋਰੀਅਲ ਬੋਰਡ)

'ਚਲਦਾ'

## ਤਿੰਨ ਗੱਲਾਂ

ਵਕਤ ਨਿਕਲਿਆ ਨਿਕਲੀ ਗੱਲ ਮੂੰਹੋਂ,
ਤੀਰ ਨਿਕਲਿਆ ਪਰਤ ਨਾ ਆਉਣ ਤਿੰਨੇ।
ਬੇਇਤਬਾਰ ਹੁੰਦੇ ਭਲਾ ਸੋਚਦੇ ਨਹੀਂ,
ਚੁਗਲਖੋਰ, ਖੁਦਗਰਜ਼ ਬੇਈਮਾਨ ਤਿੰਨੇ।
ਵਕਤ ਮੌਤ ਤੇ ਗਾਹਕ ਉਡੀਕਦਾ ਨਹੀਂ,
ਆਉਣ ਜਾਣ ਬਣਿਆ ਆਉਣ ਜਾਣ ਤਿੰਨੇ।
ਮਾਪੇ ਹੁਸਨ ਜਵਾਨੀ ਨਾ ਮਿਲਣ ਮੁੜਕੇ,
ਜਰ, ਜ਼ੋਰੂ , ਜ਼ਮੀਨ ਲੜਾਣ ਤਿੰਨੇ।
ਅਕਲ ਸ਼ਕਲ ਕਿਸਮਤ ਰਲਦੀਆਂ ਨਹੀਂ,
ਹੋਣੀ ਮੌਤ ਕੁਦਰਤ ਬਲਵਾਨ ਤਿੰਨੇ।
ਭੁਲਾ ਭੁੱਲੀ ਤੇ ਭਾਣਾ ਕਰਤਾਰ ਦਾ ਏ,
ਯਾਦ ਰਖਣਾ ਉਚ ਇਹ ਬਚਨ ਤਿੰਨੇ।

*'ਰਣਜੀਤ ਸਿੰਘ ਸੈਣੀ'*

*(ਪੰਨਾ 18 ਦੀ ਬਾਕੀ)*

*ਗੁਰੁ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ॥*
*ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ*
*ਅਵਰ ਨ ਕੁੰਜੀ ਹਥਿ॥* ***ਪੰਨਾ - 1237***

ਸਚਾ ਗੁਰੂ ਇਕ ਐਸਾ ਵੈਦ-ਹਕੀਮ ਹੈ ਜੋ ਸਾਰੇ ਰੋਗਾਂ ਦਾ ਦਾਰੂ ਦਸਦਾ ਹੈ। ਸਾਰਾ ਸੰਸਾਰ ਕਿਸੇ ਨਾ ਕਿਸੇ ਰੋਗ ਨਾਲ ਗ੍ਰਸਤ ਹੈ। ਕੇਵਲ ਪ੍ਰਭੂ ਦਾ ਪ੍ਰਤਿਨਿਧ, ਗੁਰੂ ਹੀ ਰੋਗਾਂ ਤੋਂ ਮੁਕਤ ਹੈ। ਗੁਰੂ, ਸਿਖ ਦੇ ਮਨ ਵਿਚੋਂ ਹਉਮੈ ਵਰਗੇ ਦੀਰਘ ਰੋਗ ਦੀਆਂ ਜੜ੍ਹਾਂ ਪੁੱਟ ਦਿੰਦਾ ਹੈ -

*ਵੈਦਾ ਵੈਦੁ ਸੁ ਵੈਦੁ ਤੂ ਪਹਿਲਾਂ ਰੋਗੁ ਪਛਾਣੁ॥*
*ਐਸਾ ਦਾਰੂ ਲੋੜਿ ਲਹੁ ਜਿਤੁ ਵੰਞੈ ਰੋਗਾ ਘਾਣਿ॥*
***ਪੰਨਾ - 1279***

ਸਰਬ-ਸਮਰੱਥ, ਸਰਬ-ਸ਼ਕਤੀਮਾਨ, ਸਰਬ-ਵਿਆਪਕ ਪ੍ਰਭੂ ਦੀ ਹਸਤੀ ਸ਼ਕਤੀ ਦੇ ਵਿਸ਼ਵਾਸ਼ ਤੋਂ ਥਿੜਕਿਆ ਹੋਇਆ ਜੀਵ, ਪ੍ਰਭੂ ਸਿਮਰਨ ਦਾ ਚਿੰਤਾ (ਯਾਦ) ਛੱਡ ਕੇ, ਉਸਦੇ ਕੀਤੇ ਦੇਵੀ ਦੇਵਤਿਆਂ ਵਿਚ ਵਿਸ਼ਵਾਸ਼ ਬਣਾ ਬੈਠਦਾ ਹੈ। ਆਪਣੇ ਜੀਵਨ ਨਿਰਵਾਹ ਪ੍ਰਤਿ ਚਿੰਤਾਤੁਰ ਰਹਿੰਦਾ ਹੈ। ਗੁਰੂ ਸਾਹਿਬ ਸਿਖ ਨੂੰ ਦ੍ਰਿੜ੍ਹ ਕਰਾਉਂਦੇ ਹੋਏ ਉਪਦੇਸ਼ ਦਿੰਦੇ ਹਨ ਕਿ ਪੈਦਾ ਕੀਤੇ ਹੋਏ ਜੀਵਾਂ ਦੇ ਸੰਭਾਲ ਦੀ ਚਿੰਤਾ ਪ੍ਰਭੂ ਨੂੰ ਹੈ, ਤੂੰ ਕਰਤੇ ਨੂੰ ਹਿਰਦੇ ਵਿਚ ਯਾਦ ਰੱਖ -

*ਨਾਨਕ ਚਿੰਤਾ ਮਤਿ ਕਰਹੁ ਚਿੰਤਾ ਤਿਸ ਹੀ ਹੇਇ॥*
*ਜਲ ਮਹਿ ਜੰਤ ਉਪਾਇਅਨੁ ਤਿਨਾ ਭਿ ਰੋਜੀ ਦੇਇ॥*
***ਪੰਨਾ - 955***

*ਕੀਤਾ ਕਿਆ ਸਾਲਾਹੀਐ ਕਰੇ ਸੋਇ ਸਾਲਾਹਿ॥*
***ਪੰਨਾ - 1238***

*ਕਰਤਾ ਸੋ ਸਾਲਾਹੀਐ ਜਿਨਿ ਕੀਤਾ ਆਕਾਰੁ॥*
***ਪੰਨਾ - 1239***

ਸਾਸਤ੍ਰਾਂ, ਸਿੰਮ੍ਰਤੀਆਂ ਆਦਿ ਵੇਦਾਂ ਵਿਚ ਪਾਪ-ਪੁੰਨ, ਨਰਕਿ-ਸੁਰਗਿ, ਦਾਨ-ਫਲ ਦੀ ਵੀਚਾਰ ਹੈ। ਤੱਤ ਦੀ ਸਾਰ ਕੇਵਲ ਗੁਰੂ ਵਿਚ ਹੀ ਹੁੰਦੀ ਹੈ ਕਿਉਂਕਿ ਗਿਆਨ ਧਿਆਨ ਵਿਚ ਪ੍ਰਭੂ ਮੰਡਲੋਂ ਧੁਰ ਦੀ ਬਾਣੀ ਗੁਰੂ ਵਿਚ ਹੀ ਪ੍ਰਕਾਸ਼ਦੀ ਹੈ, ਗੁਰੂ ਹੀ ਆਖਦਾ ਹੈ, ਗੁਰੂ ਰਾਹੀਂ ਹੀ ਉੱਤਮ ਜਗਿਆਸੂਆਂ ਦੇ ਹਿਰਦੇ ਪ੍ਰਕਾਸ਼ਦੇ ਹਨ -

*ਕਥਾ ਕਹਾਣੀ ਬੇਦੀ ਆਣੀ ਪਾਪੁ ਪੁੰਨੁ ਬੀਚਾਰੁ॥*
*ਦੇ ਦੇ ਲੈਣਾ ਲੈ ਲੈ ਦੇਣਾ ਨਰਕਿ ਸੁਰਗਿ ਅਵਤਾਰ॥*
***ਪੰਨਾ - 1243***

*ਅੰਮ੍ਰਿਤ ਬਾਣੀ ਤਤੁ ਵਖਾਣੀ ਗਿਆਨ*
*ਧਿਆਨ ਵਿਚਿ ਆਈ॥*
*ਗੁਰਮੁਖਿ ਆਖੀ ਗੁਰਮੁਖਿ ਜਾਤੀ*
*ਸੁਰਤੀ ਕਰਮਿ ਧਿਆਈ॥* ***ਪੰਨਾ - 1243***

# ਗੁਰਮਤਿ ਸਿਧਾਂਤ ਪ੍ਰਚਾਰਕ
# ਸੰਤ ਸਮਾਜ ਦਾ ਪ੍ਰਯੋਜਨ
# "ਸੰਤ ਕਾ ਮਾਰਗੁ ਧਰਮ ਕੀ ਪਉੜੀ"

(ਸੋਰਠ ਮ: ੫, ਪੰਨਾ - 633)

ਅਜ ਦੇ ਪਦਾਰਥਵਾਦੀ ਯੁਗ ਵਿਚ ਬੰਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਿਆਰ ਸਤਿਕਾਰ ਤੋਂ ਦੂਰ ਹੋ ਕੇ ਨਾਸਤਕ ਬਣਦਾ ਜਾ ਰਿਹਾ ਹੈ। ਟੈਲੀਵੀਜ਼ਨ, ਦੂਰ ਸੰਚਾਰ ਸਾਧਨਾਂ, ਹਵਾਈ ਜਹਾਜ਼ਾਂ ਦੇ ਤੀਬਰ ਚਾਲ ਸਫਰਾਂ, ਟੈਲੀਫੋਨਾਂ, ਅਖਬਾਰਾਂ ਅਤੇ ਕੰਮਪਿਊਟਰਾਂ ਦੀਆਂ ਅਤਿ ਸੂਖਮ ਪ੍ਰਾਪਤੀਆਂ, ਰਾਕਟਾਂ ਰਾਹੀਂ ਅਕਾਸ਼ ਮੰਡਲ ਦੀਆਂ ਉਡਾਰੀਆਂ, ਦੂਰਬੀਨਾਂ ਅਤੇ ਖੁਰਦਬੀਨਾਂ ਰਾਹੀਂ ਕੁਦਰਤ ਦੇ ਸੂਖਸ਼ਮ ਨੇਮਾਂ ਤੇ ਸੀਮਤ ਝਾਤ ਪਾਉਣ ਦੇ ਕਾਰਨਾਮਿਆਂ ਨੇ ਮਨੁੱਖ ਨੂੰ ਚਕਾਚੌਧ ਕਰ ਦਿਤਾ ਹੈ। ਭਾਵੇਂ ਨਿਊਟਨ ਦੇ ਕਥਨ ਕਿ 'ਮਨੁੱਖ ਹਾਲੇ ਕੁਦਰਤ ਦੇ ਅਥਾਹ ਸਮੁੰਦਰ ਕੰਢੇ ਬੈਠਾ ਘੋਗੇ ਚੁਗ ਰਿਹਾ ਹੈ' ਅਨੁਸਾਰ ਪ੍ਰਮੇਸ਼ਰ ਦੀ ਰਚਨਾ ਅਤੇ ਉਸਦੇ ਸੂਖਮ ਗੁਪਤ ਨੇਮਾਂ ਬਾਰੇ ਮਨੁਖ ਨੇ ਬਹੁਤ ਘੱਟ ਜਾਣਿਆ ਹੈ, ਪਰ ਫੇਰ ਵੀ ਇਹ ਮਨੁੱਖ ਏਨੀ ਕੁ ਜਾਣਕਾਰੀ ਦੀ ਅਸਚਰਜਤਾ ਵਿਚ ਵਿਲੀਨ ਹੋਇਆ ਆਪਣੇ ਵਿਨਾਸ਼ ਦੇ ਸਾਧਨਾਂ ਨੂੰ ਵਿਕਸਤ ਕਰਕੇ ਧਰਮ ਦੇ ਮੂਲ ਸਿਧਾਂਤ -

*ਭਈ ਪਰਾਪਤਿ ਮਾਨੁਖ ਦੇਹੁਰੀਆ।।*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ।।*
*ਅਵਰਿ ਕਾਜ ਤੇਰੈ ਕਿਤੈ ਨ ਕਾਮ।।*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ।।*
*ਸਰੰਜਾਮਿ ਲਾਗੁ ਭਵਜਲ ਤਰਨ ਕੈ।।*
*ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ।। (ਪੰਨਾ- 12)*

*ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ।।*
*ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ।।*
*ਪੰਨਾ - 631*

*ਕਾਇਆ ਅੰਦਰਿ ਸਭੁ ਕਿਛੁ ਵਸੈ*
*ਖੰਡ ਮੰਡਲ ਪਾਤਾਲਾ।।*
*ਕਾਇਆ ਅੰਦਰਿ ਜਗਜੀਵਨ ਦਾਤਾ ਵਸੈ*
*ਸਭਨਾ ਕਰੈ ਪ੍ਰਤਿਪਾਲਾ।। ਪੰਨਾ - 754*

*ਸਰਬ ਧਰਮ ਮਹਿ ਸ੍ਰੇਸਟ ਧਰਮੁ।।*
*ਹਰਿ ਕੋ ਨਾਮੁ ਜਪਿ ਨਿਰਮਲ ਕਰਮੁ।। ਪੰਨਾ - 266*

ਤੋਂ ਮੁਨਕਰ ਹੋ ਰਿਹਾ ਹੈ।

ਕੁਝ ਵਿਦਵਾਨ ਬੁੱਧੀ ਮੰਡਲ ਦੀਆਂ ਸੋਚਾਂ ਵਿਚ ਡੁੱਬ ਕੇ ਸਿਖ ਧਰਮ ਦੇ ਮੂਲ ਸਿਧਾਂਤ ਨੂੰ ਨਾ ਸਮਝ ਕੇ ਕਹਿ ਰਹੇ ਹਨ ਕਿ ਗੁਰਮਤਿ ਵਿਚ 'ਨਾਮ' ਕੋਈ ਅੱਖਰਾਂ ਦੁਆਰਾ ਜਪਣ ਵਾਲੀ ਵਸਤੂ ਨਹੀਂ। ਸਤਿਗੁਰੂ ਜੀ ਦੇ ਕਹੇ ਬਚਨਾਂ - *'ਅਬ ਕਲੂ ਆਇਓ ਰੇ।। ਇਕੁ ਨਾਮੁ ਬੋਵਹੁ ਬੋਵਹੁ।।' (ਪੰਨਾ - 1185) 'ਬਾਰੰ ਬਾਰ ਬਾਰ ਪ੍ਰਭੁ ਜਪੀਐ।।' (ਪੰਨਾ - 286)* ਤੋਂ ਬੇਮੁਖ ਹੋਇਆ ਫਿਰਦਾ ਹੈ। ਗੁਰਮਤਿ ਵਿਚ ਨਾਮ ਜਪਣ, ਜਪਾਉਣ ਅਤੇ ਗੁਰਬਾਣੀ ਦੀ ਸਿਖਿਆ ਤੇ ਅਮਲ ਕਰਨ ਦਾ ਹੀ ਇਲਾਹੀ ਸਿਧਾਂਤ ਹੈ -

*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ*
*ਜੋ ਆਪਿ ਜਪੈ ਅਵਰਹ ਨਾਮੁ ਜਪਾਵੈ।। ਪੰਨਾ - 306*

ਦੇ ਸਿਧਾਂਤ ਤੇ ਪਹਿਰਾ ਦੇਣਾ ਹੈ।

ਅੱਜ ਦੇ ਕਮਾਈ ਅਤੇ ਪ੍ਰੇਮ ਹੀਣੇ ਵਿਦਵਾਨਾਂ ਦੇ ਲੱਛੇਦਾਰ ਵਿਆਖਿਆਨਾਂ ਅਤੇ ਲੇਖਾਂ ਦਾ ਭਰਮਾਇਆ ਹੋਇਆ ਮਨੁਖ ਆਪਣੇ ਮਹਾਨ ਸੋਮੇ ਪ੍ਰਮੇਸ਼ਰ ਰੂਪ ਸਮੁੰਦਰ ਤੋਂ ਵਿਛੜ ਕੇ ਜੀਵ ਰੂਪ ਪਾਣੀ ਛੱਪੜੀਆਂ, ਟੋਭਿਆਂ, ਤਲਾਬਾਂ ਵਿਚ ਰੁਕ ਕੇ ਆਪਣੀ ਨਿਰਮਲਤਾਈ ਗੁਆ ਬੈਠਾ ਹੈ। ਈਰਖਾ, ਦ੍ਵੈਖ, ਨਿੰਦਿਆ, ਵਿਕਾਰਾਂ ਅਤੇ ਹਉਮੈ ਰੂਪ ਕਿਰਮ ਪੈ ਗਏ ਹਨ, ਅਗਿਆਨਤਾ ਨਾਸਤਕਤਾ ਕੁਤਰਕ ਰੂਪ ਬਦਬੂ ਪੈ ਗਈ ਹੈ।

ਅੱਜ ਕਈ ਸਿੱਖ ਵਿਦਵਾਨ ਆਪ ਅਸਲੀਅਤ ਤੋਂ ਵਿਛੜ ਕੇ ਜਾਣੇ ਅਣਜਾਣੇ ਆਪਣੇ ਗੁਰੂ, ਗੁਰਬਾਣੀ ਤੇ ਕਿੰਤੂ ਪ੍ਰੰਤੂ ਕਰਨ ਲਗ ਪਏ ਹਨ, ਸਤਿਗੁਰੂ ਜੀ ਦੇ ਸਿੱਖੀ ਸਿਧਾਂਤਾਂ ਅਤੇ ਰਹਿਤ ਮਰਿਯਾਦਾ ਵਿਚ ਆਪਣੀ ਬੁੱਧੀ ਦੀ ਸੋਚ ਨੂੰ ਮੁੱਖ ਰਖ ਕੇ ਵਖਰੇਵੇਂ ਪੈਦਾ ਕਰ ਰਹੇ ਹਨ। ਗੁਰਬਾਣੀ ਦੇ ਸਿਧਾਤਾਂ ਅਤੇ ਇਤਿਹਾਸ ਨੂੰ ਤੋੜ ਮਰੋੜ ਕੇ ਆਪਣੀ ਮਰਜ਼ੀ ਅਨੁਸਾਰ ਪ੍ਰਚਾਰਿਆ ਜਾ ਰਿਹਾ ਹੈ, ਜਿਸ ਕਰਕੇ ਸਿੱਖ ਸੰਗਤਾਂ ਵਿਚ ਕਈ ਗੱਲਾਂ ਬਾਰੇ ਭਰਮ ਭੁਲੇਖੇ ਪੈਦਾ ਹੋ ਗਏ ਹਨ। ਉਨ੍ਹਾਂ ਨੂੰ ਸਮਝਣਾ ਔਖਾ ਹੋ ਗਿਆ ਹੈ ਕਿ ਜੋ ਮਰਯਾਦਾਵਾਂ ਬਜ਼ੁਰਗਾਂ ਤੋਂ ਅਸੀਂ ਅਤੇ ਸਿੱਖ ਸੰਪਰਦਾਵਾਂ ਸਾਂਭੀ ਤੁਰੀਆਂ ਆ ਰਹੀਆਂ ਹਨ, ਉਹ ਠੀਕ ਹਨ ਜਾਂ ਅੱਜ ਜੋ ਪੱਛਮੀ ਵਿਦਿਆ ਦੇ ਅਸਰ ਹੇਠ ਆਏ ਵਿਦਵਾਨ ਜਾਂ ਕਈ ਜਥੇਬੰਦੀਆਂ ਪ੍ਰਚਾਰ ਕਰ ਰਹੀਆਂ ਹਨ, ਉਹ ਠੀਕ ਹਨ? ਸੋ ਇਸ ਤਰ੍ਹਾਂ ਦੇ ਭੰਬਲਭੂਸੇ ਵਾਲੇ ਵਿਚਾਰਾਂ ਦੇ ਵਾਤਾਵਰਣ ਨੂੰ ਸਾਫ ਕਰਨ ਲਈ ਅਤੇ ਇਹ ਸਪਸ਼ਟ ਕਰਨ ਲਈ ਕਿ ਗੁਰਮਤਿ ਮਾਰਗ ਕੇਵਲ ਵਿਚਾਰ ਦਾ ਹੀ ਮਾਰਗ ਨਹੀਂ ਹੈ। ਇਹ ਗੁਰਮਤਿ ਦੇ ਸਿਧਾਂਤਾਂ ਨੂੰ ਅਪਨਾਉਣ, ਕਮਾਉਣ ਅਤੇ ਆਪਣੇ ਜੀਵਨ ਦੀ ਸੂਝ ਵੰਡਣ, ਭਟਕਣਾ ਤੋਂ ਬਚਾਉਣ ਦਾ ਮਾਰਗ ਹੈ। ਗੁਰਮਤਿ ਸਿਧਾਂਤ ਇਕ ਰੁਮਕਦਾ, ਖੇੜਿਆਂ ਭਰਿਆ, ਕੁਸ਼ਲਤਾ ਵੰਡਦਾ, ਪਰਮ ਸੁਗੰਧੀ ਭਰਿਆ ਜੀਵਨ ਹੈ ਜੋ ਸੰਸਾਰ ਦੇ ਸਾਰੇ ਦੁਖਾਂ ਨੂੰ ਖਤਮ ਕਰਨ ਦੀ ਸਮਰਥਾ ਰਖਦਾ ਹੈ। ਇਹ ਕੇਵਲ ਵਿਦਵਾਨਾਂ ਦੀ ਵਿਦਵਤਾ ਦਾ ਹੀ ਵਿਸ਼ਾ ਨਹੀਂ। ਵਿਦਵਾਨ ਹਉਮੈ ਮੰਡਲ ਦੇ ਹਨੇਰੇ ਵਿਚ ਦੌੜਾਂ ਲਾਉਂਦਾ ਹੈ। ਸਾਧੂ ਜੀਵਨ ਭੱਖਦਾ, ਪ੍ਰੇਰਨਾ ਦਿੰਦਾ, ਆਪਾ ਵੰਡਦਾ, ਕਹਿਣੀ ਤੇ ਕਰਨੀ ਭਰਿਆ ਜੀਵਨ ਹੈ।

ਸੋ ਗੁਰਮਤਿ ਨੂੰ ਸਾਰੇ ਵਿਸ਼ਵ ਵਿਚ ਪ੍ਰਚਾਰਨ ਲਈ, ਸਿੱਖੀ ਪ੍ਰਚਾਰ ਦੇ ਪ੍ਰਸਾਰ ਅਤੇ ਵਾਧੇ ਲਈ ਅਤੇ ਸਿੱਖੀ ਦੇ ਖਿਲਾਫ ਹੋ ਰਹੇ ਪ੍ਰਚਾਰ ਦਾ ਉਤਰ ਦੇਣ ਲਈ ਸਮੂਹ ਸਿੱਖ ਸੰਤ ਸੰਪ੍ਰਦਾਵਾਂ ਦੇ ਮਹਾਂਪੁਰਸ਼ਾਂ ਨੇ ਇਕੱਤਰ ਹੋ ਕੇ ਸੋਚਿਆ ਕਿ ਉਮਾਹ ਭਰੇ ਸੰਤ ਜੀਵਨ,

ਸੰਤ ਵਿਅਕਤੀਤੱਤ੍ਰ ਨੂੰ ਇਕ ਜਥੇਬੰਦੀ ਦੇ ਰੂਪ ਵਿਚ ਸੰਗਠਿਤ ਕੀਤਾ ਜਾਵੇ। ਸੋ ਇਸ ਆਸ਼ੇ ਨੂੰ ਮੁਖ ਰੱਖ ਕੇ **'ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ'** ਨਾਮ ਦੀ ਜਥੇਬੰਦੀ ਕਾਇਮ ਕੀਤੀ ਗਈ ਹੈ। ਇਹ ਕੋਈ ਸਿਆਸੀ ਜਥੇਬੰਦੀ ਨਹੀਂ ਹੈ। ਇਹ ਤਾਂ ਅਕਾਲ ਪੁਰਖ ਅਤੇ ਸਤਿਗੁਰੂ ਜੀ ਦੀ ਪ੍ਰੇਰਨਾ ਸਦਕਾ ਧਾਰਮਿਕ ਪ੍ਰਚਾਰ ਦੇ ਕਾਰਜਾਂ ਲਈ ਸਥਾਪਿਤ ਕੀਤੀ ਗਈ ਹੈ ਜਿਸ ਦਾ ਮੰਤਵ ਨਿਰੋਲ ਗੁਰਮਤਿ ਸਿੱਖੀ ਪ੍ਰਚਾਰ, ਗੁਰਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਂਤ ਨੂੰ ਸਮੁੱਚੀ ਮਾਨਵਤਾ ਦੇ ਘਰ ਘਰ ਪਹੁੰਚਾਉਣਾ, ਹਰ ਗੁਰੂ ਨਾਨਕ ਨਾਮ ਲੇਵਾ ਸਿੱਖ ਨੂੰ ਸਿੱਖੀ ਨਾਲ ਜੋੜਨਾ ਅਤੇ ਗੁਰਮਤਿ ਦੀ ਰਹਿਣੀ, ਬਹਿਣੀ, ਕਹਿਣੀ ਤੇ ਸਹਿਣੀ ਦਾ ਧਾਰਨੀ ਬਣਾਉਣਾ, ਬੇਅੰਮ੍ਰਿਤੀਆਂ ਨੂੰ ਅੰਮ੍ਰਿਤਧਾਰੀ ਬਨਾਉਣਾ। ਕੁਰਹਿਤੀਆਂ ਨੂੰ ਰਹਿਤਵਾਨ ਹੋਣ ਦੀ ਪ੍ਰੇਰਨਾ ਕਰਨੀ। ਪਤਿਤਾਂ ਨੂੰ ਸਾਬਤ ਸੂਰਤ ਰਖਵਾਉਣੀ। ਹਰ ਸਿੱਖ ਨੂੰ ਗੁਰਮੁਖੀ (ਪੰਜਾਬੀ) ਪੜ੍ਹਨ ਲਿਖਣ ਦੀ ਪ੍ਰੇਰਨਾ ਕਰਨੀ। ਇਤਿਹਾਸ ਦੀ ਸਹੀ ਵਾਕਫੀਅਤ ਦੇ ਕੇ ਸਿੱਖੀ ਦੇ ਅਮਲੀ ਜੀਵਨ ਦੀ ਪ੍ਰੇਰਨਾ ਕਰਨੀ। ਪੁਰਾਤਨ ਗੁਰਸਿਖਾਂ, ਮਹਾਂਪੁਰਸ਼ਾਂ ਦੇ ਜੀਵਨ ਚਰਿਤ੍ਰ ਅਤੇ ਸਿੱਖੀ ਪ੍ਰਤੀ ਕੀਤੇ ਕਾਰਨਾਮੇ, ਕੁਰਬਾਨੀ, ਸੇਵਾ, ਸਿਮਰਨ, ਤਿਆਗ ਆਦਿ ਦਾ ਜ਼ਿਕਰ ਕਰਕੇ ਸੰਗਤਾਂ ਨੂੰ ਗੁਰੂ ਚਰਨਾਂ ਅਤੇ ਸ਼ਬਦ ਗੁਰੂ ਦੇ ਲੜ ਲਾਉਣਾ ਹੀ ਸੰਸਥਾ ਦਾ ਮੁਖ ਮੰਤਵ ਹੈ।

ਇਨ੍ਹਾਂ ਸਪਸ਼ਟ ਤੇ ਸਹੀ ਨਿਸ਼ਾਨਿਆਂ ਦੇ ਹੁੰਦਿਆਂ ਹੋਇਆਂ ਵੀ ਜਦੋਂ ਦੀ ਜਥੇਬੰਦੀ ਹੋਂਦ ਵਿਚ ਆਈ ਹੈ, ਉਸ ਵੇਲੇ ਤੋਂ ਹੀ ਕੁਝ ਸੌੜੀ ਤੰਗਦਿਲ ਸੋਚ, ਨਿਜੀ ਮੁਫਾਦਾਂ ਨੂੰ ਮੁਖ ਰੱਖਣ ਵਾਲੇ ਲੋਕ ਸਮੇਂ ਦੀਆਂ ਥਪੇੜਾਂ ਨਾਲ, ਸਮਾਜਕ, ਮਜ਼ਹਬੀ ਰੁਕਾਵਟਾਂ, ਕੱਟੜਤਾਈਆਂ, ਤੰਗ ਦਿਲੀਆਂ, ਨਫਰਤਾਂ, ਸਾੜੇ, ਈਰਖਾਵਾਂ ਦੇ ਤਹਿਤ **'ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ'** ਪ੍ਰਤੀ ਝੂਠੀਆਂ, ਗਲਤ ਅਫਵਾਹਾਂ, ਆਪਣੇ ਬਿਆਨਾਂ ਅਤੇ ਕਈ ਵਿਦਵਾਨਾਂ ਤੋਂ ਲੇਖ ਲਿਖਵਾ ਕੇ ਫੈਲਾ ਰਹੇ ਹਨ। ਕਿਹਾ ਜਾ ਰਿਹਾ ਹੈ, 'ਇਹ ਪੰਥ ਦੋਖੀ ਹਨ, ਸ਼੍ਰੋਮਣੀ ਕਮੇਟੀ ਤੋੜਨਾ ਚਾਹੁੰਦੇ ਹਨ, ਕਬਜ਼ਾ ਕਰਨਾ ਚਾਹੁੰਦੇ ਹਨ, ਸ੍ਰੀ ਅਕਾਲ ਤਖਤ ਸਾਹਿਬ ਨੂੰ ਸਰਬ ਉਚ ਨਹੀਂ ਮੰਨਦੇ।' ਜਦੋਂ ਕਿ ਸੰਤ ਸਮਾਜ ਨੇ ਸਪਸ਼ਟ ਰੂਪ ਵਿਚ ਸਰਬ ਸੰਮਤੀ ਨਾਲ ਮਤੇ ਪਾ ਕੇ, ਬਿਆਨ ਅਖਬਾਰਾਂ ਵਿਚ ਛਪਵਾਏ ਹਨ ਕਿ ਅਸੀਂ ਸ਼੍ਰੋਮਣੀ ਕਮੇਟੀ ਦੇ ਵਿਰੁਧ ਨਹੀਂ, ਸ੍ਰੀ ਅਕਾਲ ਤਖਤ ਸਾਹਿਬ ਨੂੰ ਸਦਾ ਹੀ ਸਰਬ ਉਚ ਮੰਨਦੇ ਹਾਂ ਅਤੇ ਮੰਨਦੇ ਰਹਾਂਗੇ। ਪਰ ਪਿਛਲੇ ਕੁਝ ਸਮੇਂ ਤੋਂ ਲੈ ਕੇ ਸ੍ਰੀ ਅਕਾਲ ਤਖਤ ਸਾਹਿਬ ਤੇ ਕਈ ਕਈ ਜਥੇਦਾਰਾਂ ਦੇ ਨਾਮ ਇਕੋ ਸਮੇਂ ਇਸ ਸਰਬ ਉਚ ਅਹੁਦੇ ਲਈ ਐਲਾਨੇ ਜਾਂਦੇ ਰਹੇ ਅਤੇ ਐਲਾਨੇ ਹੋਏ ਹਨ। ਸਾਰੇ ਹੀ ਆਪੋ ਆਪਣੇ ਜਥੇਦਾਰ ਨੂੰ ਆਪੋ ਆਪਣੇ ਮੰਤਵਾਂ ਲਈ ਵਰਤ ਰਹੇ ਹਨ। ਜਿਸ ਕਰਕੇ ਸਾਡੀ ਇਸ ਸਰਬ ਉਚ ਪਦਵੀ ਦਾ ਵਕਾਰ, ਸੰਸਾਰ ਦੀਆਂ ਅੱਖਾਂ ਵਿਚ ਡਿਗਿਆ ਹੈ। ਇਸ ਵਕਾਰ ਨੂੰ ਕਾਇਮ ਕਰਨ ਵਾਸਤੇ ਸੰਤ ਸਮਾਜ ਚਾਹੁੰਦਾ ਹੈ ਕਿ ਸ੍ਰੀ ਅਕਾਲ ਤਖਤ ਸਾਹਿਬ ਦਾ ਜਥੇਦਾਰ ਇਕ ਹੀ ਹੋਵੇ ਅਤੇ ਸਰਬ ਪ੍ਰਵਾਨਤ ਹੋਵੇ, ਤਾਂ ਕਿ ਜਥੇਦਾਰ, ਇਕ ਜਥੇਬੰਦੀ ਦਾ ਨਾ ਹੋ ਕੇ ਸਮੁਚੇ ਖਾਲਸਾ ਪੰਥ ਨੂੰ ਸਮਰਪਿਤ ਹੋਵੇ ਅਤੇ ਪਾਰਟੀ ਨੀਤੀ ਤੋਂ ਉਪਰ ਹੋਵੇ। ਸਿਖ ਪੰਥ ਦੀਆਂ ਸੰਪ੍ਰਦਾਵਾਂ ਅਤੇ ਜਥੇਬੰਦੀਆਂ ਦੇ ਨੁਮਾਇੰਦੇ ਸਮੇਤ ਸ਼੍ਰੋਮਣੀ ਕਮੇਟੀ ਰਲ ਕੇ ਚੋਣ ਕਰਨ।

ਦੂਜਾ, ਸੰਤ ਸਮਾਜ ਦੇ ਖਿਲਾਫ ਇਸ ਤਰ੍ਹਾਂ ਪ੍ਰਚਾਰਿਆ ਜਾ ਰਿਹਾ ਹੈ ਜਿਵੇਂ ਕਿ ਇਹ ਖ਼ਾਲਸਾ ਪੰਥ ਦੇ ਪ੍ਰਚਾਰਕਾਂ ਦੀ ਨਹੀਂ, ਵਿਰੋਧੀਆਂ ਦੀ ਜਥੇਬੰਦੀ ਹੋਵੇ। ਇਸ ਜਥੇਬੰਦੀ ਦੀਆਂ ਮੈਂਬਰ ਦਮਦਮੀ ਟਕਸਾਲ, ਅੰਮ੍ਰਿਤਸਰ ਸਾਹਿਬ ਵਾਲੀ ਟਕਸਾਲ, ਸੇਵਾ ਪੰਥੀ, ਨਿਹੰਗ ਸਿੰਘ ਜਥੇਬੰਦੀਆਂ, ਰਾੜਾ ਸਾਹਿਬ, ਨਾਨਕਸਰ, ਕਾਰ ਸੇਵਾ ਵਾਲੇ ਮਹਾਂਪੁਰਸ਼ ਆਦਿ ਸੰਪਰਦਾਵਾਂ ਕੀ ਪੰਥ ਵਿਰੋਧੀ ਹਨ ਜਾਂ ਪੰਥ ਪ੍ਰਚਾਰਕ ਹਨ? ਹਾਂ ਇਹ ਜ਼ਰੂਰ ਹੈ ਕਿ ਇਹ ਸੰਪ੍ਰਦਾਵਾਂ ਅੰਮ੍ਰਿਤ ਸੰਚਾਰ ਤੇ ਗੁਰਮਤਿ ਪ੍ਰਚਾਰ ਸੇਵਾ, ਸਿਮਰਨ ਡਟ ਕੇ ਕਰਦੀਆਂ ਕਰਾਉਂਦੀਆਂਹਨ, ਸ਼ਰਾਬ ਦੀ ਵਰਤੋਂ ਤੋਂ ਰੋਕਦੀਆਂ ਹਨ, ਕੁਰਹਿਤਾਂ ਤੋਂ ਬਚਣ ਲਈ ਪ੍ਰੇਰਦੀਆਂ ਹਨ। ਕੀ ਇਹ ਕੰਮ ਪੰਥ ਵਿਰੋਧੀ ਹਨ? ਜੇ ਨਹੀਂ ਤਾਂ ਫਿਰ ਇਹ ਜਥੇਬੰਦੀ, **'ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ'** ਪੰਥ ਵਿਰੋਧੀ ਕਿਵੇਂ ਹੋਈ?

ਅਸਲ ਵਿਚ ਇਹ ਲੋਕ, ਕਰਨੀ ਕਮਾਈ ਵਾਲੇ ਮਹਾਂਪੁਰਸ਼ਾਂ ਦੇ ਇਕੱਠ ਤੋਂ ਡਰਦੇ ਹਨ। ਸਤਿਗੁਰੂ ਜੀ ਦੇ ਬਚਨ ਹਨ *'ਸੋ ਡਰੈ ਜਿ ਪਾਪ ਕਮਾਵਦਾ ਧਰਮੀ ਵਿਗਸੇਤੁ॥' (ਪੰਨਾ - 84)* ਅਨੁਸਾਰ ਇਨ੍ਹਾਂ ਦੇ ਅਉਗਣ ਡਰਾ ਰਹੇ ਹਨ, ਇਸ ਕਰਕੇ ਨਿੰਦਿਆ ਕਰਦੇ ਹਨ, ਪਰ ਸੰਤ ਮਹਾਂਪੁਰਸ਼ ਨਿੰਦਾ ਸੁਣ ਸੁਣ ਕੇ ਪ੍ਰਸੰਨ ਚਿੱਤ ਇਕੱਠੇ ਰਹਿੰਦੇ ਹੋਏ ਸਿੱਖੀ ਪ੍ਰਚਾਰ ਵਿਚ ਡਟੇ ਰਹਿਣਗੇ। ਹਨ੍ਹੇਰਾ ਲੱਖ ਯਤਨ ਕਰੇ - ਸੂਰਜ ਨੂੰ ਛਪਾਉਣ ਦਾ, ਪਰ ਸੂਰਜ ਚੜ੍ਹ ਕੇ ਰੋਸ਼ਨੀ ਬਖੇਰ ਹੀ ਦਿੰਦਾ ਹੈ। ਇਸੇ ਤਰ੍ਹਾਂ ਸੰਤ ਮਹਾਂਪੁਰਸ਼ ਸੱਚ ਦੇ ਝੰਡੇ ਨੂੰ ਬੁਲੰਦ ਕਰਦੇ ਹੋਏ, ਇਨ੍ਹਾਂ ਦੀਆਂ ਫੁੱਟ ਪਾਉਣ ਦੀਆਂ ਸ਼ਾਤਰ ਚਾਲਾਂ ਤੋਂ ਬਚਦੇ ਹੋਏ, ਆਪਣੇ ਮਿਥੇ ਹੋਏ ਨਿਸ਼ਾਨਿਆਂ, ਮੰਤਵਾਂ ਅਨੁਸਾਰ ਪੰਥ ਦੀ ਸੇਵਾ ਕਰਦੇ ਰਹਿਣ ਲਈ ਦ੍ਰਿੜ ਸੰਕਲਪ ਹਨ। ਪਹਿਲਾਂ ਤੋਂ ਹੀ ਮਹਾਂਪੁਰਸ਼ ਇਕੱਲੇ ਇਕੱਲੇ ਗੁਰਸਿਖੀ ਪ੍ਰਚਾਰ ਵਿਚ ਡਟੇ ਹੋਏ ਹਨ। ਪਰ ਹੁਣ ਸਾਰੀਆਂ ਸੰਪਰਦਾਵਾਂ ਅਤੇ ਮਹਾਂਪੁਰਸ਼ਾਂ ਨੇ ਸਤਿਗੁਰਾਂ ਦੇ ਬਚਨਾਂ *'ਗੁਰਸਿਖਾ ਇਕੋ ਪਿਆਰੁ ਗੁਰ ਮਿਤਾ ਪੁਤਾ ਭਾਈਆ॥' (ਪੰਨਾ - 648)* ਅਤੇ *'ਮਿਲਬੇ ਕੀ ਮਹਿਮਾ ਬਰਨਿ ਨ ਸਾਕਉ........॥' (ਪੰਨਾ - 498)* ਅਨੁਸਾਰ ਇਕ ਜਥੇਬੰਦੀ ਵਿਚ ਪਰੋਤੇ ਜਾ ਕੇ ਸਾਂਝੇ ਰੂਪ ਵਿਚ ਸਾਧਨ ਜੁਟਾ ਕੇ ਲਿਖਤੀ ਰੂਪ ਵਿਚ ਗੁਰਬਾਣੀ, ਗੁਰਸਿੱਖ ਇਤਿਹਾਸ ਅਨੁਸਾਰ ਗੁਰਮਤਿ ਦੀ ਰੌਸ਼ਨੀ ਸੰਸਾਰ ਵਿਚ ਫੈਲਾਉਣ ਦਾ ਫੈਸਲਾ ਕੀਤਾ ਹੈ। ਇਸ ਲਈ ਹੇਠ ਲਿਖੇ ਨਿਸ਼ਾਨੇ ਮੁਖ ਰੂਪ ਵਿਚ ਮਿਥੇ ਹਨ -

1. ਮਾਨਵਤਾ ਨੂੰ ਸ਼ਬਦ ਗੁਰੂ ਸ੍ਰੀ ਗ੍ਰੰਥ ਸਾਹਿਬ ਜੀ ਨਾਲ ਜੋੜਨਾ ਅਤੇ ਅੰਮ੍ਰਿਤ ਸੰਚਾਰ ਦੀ ਲਹਿਰ ਨੂੰ ਪ੍ਰਚੰਡ ਕਰਕੇ ਖਾਲਸਾ ਪੰਥ ਨੂੰ ਚੜ੍ਹਦੀਆਂ ਕਲਾ ਵਲ ਲਿਜਾਣਾ। *'ਰਹਿਣੀ ਰਹੈ ਸੋਈ ਸਿਖ ਮੇਰਾ।'* ਇਹਨਾਂ ਅਨੁਸਾਰ ਗੁਰੂ ਕਲਗੀਧਰ ਜੀ ਦੇ ਸਿਧਾਂਤ ਨੂੰ ਦ੍ਰਿੜ੍ਹ ਕਰਾਉਣਾ।

2. *'ਪਰਉਪਕਾਰੁ ਨਿਤ ਚਿਤਵਤੇ ਨਾਹੀ ਕਛੁ ਪੋਚ॥' (ਪੰਨਾ - 815)* ਦੇ ਬਚਨਾਂ ਅਨੁਸਾਰ ਮਾਨਵਤਾ ਨੂੰ ਅਗਿਆਨਤਾ ਦੇ ਹਨ੍ਹੇਰੇ ਅਤੇ ਮਨਮੁਖਤਾ ਦੀ ਲਾਗ ਤੋਂ ਬਚਾਉਣ ਲਈ *'ਗੁਰਬਾਣੀ ਇਸੁ ਜਗ ਮਹਿ ਚਾਨਣੁ.........॥' (ਪੰਨਾ - 67)* ਦੀ ਰੋਸ਼ਨੀ ਅਤੇ ਸਿਧਾਂਤ ਨੂੰ ਸੰਸਾਰ ਵਿਚ ਫੈਲਾਉਣ ਲਈ ਦੇਸ-ਪਰਦੇਸ ਵਿਚ ਸੈਂਟਰ ਸਥਾਪਤ ਕਰਨੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਂਤਾਂ ਨੂੰ ਅਨੇਕਾਂ ਜ਼ਬਾਨਾਂ ਵਿਚ ਛਪਵਾਉਣਾ ਅਤੇ ਆਨ ਧਰਮ; ਵਿਚ ਉਹਨਾਂ ਦੀਆਂ ਬੋਲਣ ਸਮਝਣ ਵਾਲੀਆਂ ਬੋਲੀਆਂ ਵਿਚ ਗੁਰਮਤਿ ਸਾਹਿਤ ਦੀ ਛਪਵਾਈ ਕਰਾ ਕੇ ਵੰਡਣਾ।

3. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਤਾਂ ਤੋਂ ਉਲਟ ਪੁਸਤਕਾਂ, ਅਖਬਾਰੀ ਲੇਖਾਂ ਨੂੰ ਵਿਚਾਰ ਕੇ, ਵਿਦਵਾਨਾਂ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਂਤ ਅਨੁਸਾਰ ਸਪਸ਼ਟਤਾ ਲਈ ਲੇਖ ਲਿਖਵਾਉਣ ਜਾਂ ਆਪ ਲਿਖ ਕੇ ਅਖਬਾਰਾਂ ਅਤੇ ਟ੍ਰੈਕਟਾਂ ਰਾਹੀਂ ਸੰਗਤਾਂ ਤਕ ਪਹੁੰਚਾਉਣੇ।

4. ਗੁਰਮਤਿ ਪ੍ਰਚਾਰ ਲਈ ਜੀਵਨ ਵਾਲੇ, ਕਹਿਣੀ ਕਰਨੀ ਦੀ ਕਮਾਈ ਵਾਲੇ, ਵਿਦਵਾਨ ਪਾਠੀ, ਰਾਗੀ, ਕਥਾ ਵਾਚਕ, ਪ੍ਰਚਾਰਕ, ਢਾਡੀ, ਕਵੀ ਪੈਦਾ ਕਰਨ ਲਈ ਉਚ ਪੱਧਰ ਦਾ ਗੁਰਮਤਿ ਵਿਦਿਆਲਾ (ਯੂਨੀਵਰਸਿਟੀ) ਸਥਾਪਿਤ ਕਰਨਾ, ਜਿਸ ਵਿਚ ਗੁਰਬਾਣੀ ਦਾ ਸ਼ੁਧ ਪਾਠ, ਗੁਰਬਾਣੀ ਸੰਗੀਤ, ਸ਼ਬਦ ਵਿਚਾਰ, ਸਿਖ ਇਤਿਹਾਸ ਤੋਂ ਬਿਨਾਂ ਹੋਰ ਭਾਸ਼ਾਵਾਂ ਦਾ ਗਿਆਨ ਅਤੇ ਹੋਰ ਧਰਮਾਂ ਦਾ ਵੀ ਅਧਿਐਨ ਕਰਵਾਇਆ ਜਾਵੇਗਾ। ਮਨੋਵਿਗਿਆਨ ਆਦਿ ਵਿਸ਼ਿਆਂ ਦੀ ਜਾਣਕਾਰੀ ਵੀ ਮੁਹਈਆ ਕੀਤੀ ਜਾਵੇਗੀ।

5. ਕਿਸੇ ਸਾਜਿਸ਼ ਅਧੀਨ ਇਕੀਵੀਂ ਸਦੀ ਨੂੰ ਮੁਖ ਰਖਕੇ ਗੁਰਮਤਿ ਸਿਧਾਂਤਾਂ ਵਿਚ ਤਬਦੀਲੀ ਦੀ ਲੋੜ ਦਾ ਜੋ ਪ੍ਰਚਾਰ ਕੀਤਾ ਜਾ ਰਿਹਾ ਹੈ, ਇਹ ਠੀਕ ਨਹੀਂ। ਜੁਗ ਤੇ ਸਦੀਆਂ ਤਾਂ ਬਦਲਦੇ ਰਹਿਣਗੇ।' ਪਰ *'ਗੁਰਮਤਿ ਮਤਿ ਅਚਲੁ ਹੈ ਚਲਾਇ ਨ ਸਕੈ ਕੋਇ॥' (ਪੰਨਾ - 548)* ਗੁਰੂ ਕੇ ਬਖਸ਼ੇ ਹੋਏ ਸਿਧਾਂਤ ਬਦਲੇ ਨਹੀਂ ਜਾ ਸਕਦੇ। *'ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ ਹਰਿ ਕਰਤਾ ਆਪਿ ਮੁਹਹੁ ਕਢਾਏ॥' (ਪੰਨਾ - 308) 'ਸਚੁ ਪੁਰਾਣਾ ਹੋਵੈ ਨਾਹੀ..........॥' (ਪੰਨਾ - 956)* ਗੁਰਵਾਕਾਂ ਅਨੁਸਾਰ ਗੁਰੂ ਕੇ ਸਿਧਾਂਤ ਸਦਾ ਇਕ ਰਸ ਤੇ ਅਟੱਲ ਹਨ। ਇਸ ਕਰਕੇ ਕਿਸੇ ਨੂੰ ਬਦਲਣ ਨਹੀਂ ਦਿਤੇ ਜਾਣਗੇ। ਰੋਕਣ ਲਈ ਸਦਾ ਯਤਨਸ਼ੀਲ ਰਹਿਣਾ।

6. ਸਾਰੀਆਂ ਸੰਪਰਦਾਵਾਂ, ਧਰਮਾਂ ਨਾਲ ਪਿਆਰ ਭਰੀ ਵਰਤੋਂ ਕਰਨੀ ਅਤੇ ਸਾਰੇ ਧਰਮਾਂ ਦੇ ਸਿਧਾਂਤ ਸਮਝ, ਸਮਝਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਂਤ ਤੇ ਨਿਸ਼ਚਾ ਦ੍ਰਿੜ ਕਰਨਾ, ਕਰਾਉਣਾ।

7. ਗੁਰਮਤਿ ਸਿਧਾਤਾਂ ਦਾ ਪ੍ਰਚਾਰ ਕਰਨ ਲਈ ਮਾਸਿਕ, ਪੰਦਰਵਾੜੇ ਤੇ ਸਪਤਾਹਿਕ ਮੈਗਜ਼ੀਨ, ਛੋਟੇ ਪੈਂਫਲਿਟ ਕਢਣੇ। ਰੋਜ਼ਾਨਾ ਅਖਬਾਰਾਂ ਰਾਹੀਂ ਗੁਰਮਤਿ ਦੇ ਲੇਖ ਲਿਖਵਾਉਣੇ, ਸਤਿਗੁਰੂ ਜੀ ਅਤੇ ਸਿੱਖਾਂ ਦੇ ਇਤਿਹਾਸ ਨੂੰ ਸਹੀ ਢੰਗ ਨਾਲ ਟ੍ਰੈਕਟਾਂ ਅਤੇ ਪੁਸਤਕਾਂ ਰਾਹੀਂ ਲਿਖਤੀ ਰੂਪ ਵਿਚ ਪੇਸ਼ ਕਰਨਾ।

8. ਦੁਖੀ ਮਾਨਵਤਾ ਦੀ ਸੇਵਾ ਲਈ ਗੁਰੂ ਕੇ ਹੁਕਮ ਨੂੰ *'ਦਇਆ ਕਰਣੰ ਦੁਖ ਹਰਣੰ' (ਪੰਨਾ - 709)* ਅਨੁਸਾਰ ਮਨੁਖ ਦੀਆਂ ਸਰੀਰਕ, ਸਮਾਜਿਕ, ਮਾਨਸਿਕ ਸਮਸਿਆਵਾਂ ਦੇ ਹੱਲ ਲਈ *'ਸਰਬ ਰੋਗ ਕਾ ਅਉਖਦੁ ਨਾਮੁ॥' (ਪੰਨਾ - 274)* ਦੀ ਸਿੱਖਿਆ ਪ੍ਰਦਾਨ ਕਰਨੀ, ਨਾਲ ਹੀ ਹਸਪਤਾਲ, ਡਿਸਪੈਂਸਰੀਆਂ ਸਥਾਪਿਤ ਕਰਨੀਆਂ। ਬਿਰਧਾਂ, ਲਾਵਾਰਸਾਂ, ਦੁਖੀਆਂ ਦੀ ਸਹਾਇਤਾ ਸੰਭਾਲ ਲਈ ਅਸਥਾਨ ਕਾਇਮ ਕਰਨੇ।

9. ਪੜ੍ਹੇ ਲਿਖੇ ਗ੍ਰੈਜੂਏਟ, ਬੇਰੁਜ਼ਗਾਰ ਸਿਖ ਨੌਜਵਾਨਾਂ ਨੂੰ ਗੁਰਬਾਣੀ ਤੇ ਸਿੱਖ ਇਤਿਹਾਸ ਦੀ ਵਾਕਫੀਅਤ ਦੇ ਕੇ ਗੁਰਮਤਿ ਪ੍ਰਚਾਰ ਵਿਚ ਲਾ ਕੇ ਉਨ੍ਹਾਂ ਨੂੰ ਯੋਗ ਮੁਆਵਜ਼ਾ ਦੇ ਕੇ ਸਿੱਖੀ ਪ੍ਰਚਾਰ ਨੂੰ ਬੜ੍ਹਾਵਾ ਦੇਣਾ।

10. ਸਿੱਖ ਪੰਥ ਦੇ ਮਸਲਿਆਂ ਦੇ ਸੰਬੰਧ ਵਿਚ ਸਾਰੇ ਮਹਾਂਪੁਰਸ਼ਾਂ ਨੂੰ ਇਕੱਤਰ ਕਰਕੇ, ਉਨ੍ਹਾਂ ਵਿਚੋਂ ਸਲਾਹਕਾਰ ਕਮੇਟੀ ਬਣਾ ਕੇ ਹੋਰ ਪੰਥਕ ਧਿਰਾਂ ਨਾਲ ਗੱਲਬਾਤ ਕਰਕੇ ਸਿਖ ਪੰਥ ਵਿਚ ਪਏ ਵਖਰੇਵੇਂ, ਮਤਭੇਦ ਦੂਰ ਕਰਨੇ। ਸਿੱਖ ਕੌਮ ਅਤੇ ਖਾਲਸਾ ਪੰਥ ਦੀ ਚੜ੍ਹਦੀ ਕਲਾ ਵਾਸਤੇ ਭਰਪੂਰ ਯਤਨ ਕਰਨੇ, ਇਸ ਦੇ ਨਾਲ ਨਾਲ ਸ੍ਰੀ ਅਕਾਲ ਤਖਤ ਸਾਹਿਬ ਦੀ ਸਰਬ ਉਚਤਾ ਨੂੰ ਬਰਕਰਾਰ ਰਖਣਾ।

11. *'ਆਤਮ ਰਸ ਜਿਹ ਜਾਨਹੀ ਸੋ ਹੈ ਖਾਲਸ ਦੇਵ' (ਦਸਮ ਗ੍ਰੰਥ)* ਦੇ ਹੁਕਮ ਅਨੁਸਾਰ ਆਤਮ ਰਸ ਦੀ ਪ੍ਰਾਪਤੀ, ਰੂਹਾਨੀ ਸੂਝ, ਅਤੇ ਆਤਮ ਜਾਗ੍ਰਿਤੀ ਲਈ ਨਾਮ ਸਿਮਰਣ ਅਭਿਆਸ ਸਮਾਗਮ, ਰੂਹਾਨੀ ਵਿਚਾਰ ਸਮਾਗਮ, ਸੰਤ ਸਮਾਗਮ, ਗੋਸ਼ਟੀਆਂ, ਸੈਮੀਨਾਰ, ਦੀਵਾਨ, ਸੰਮੇਲਨ ਕਰਨੇ।

12. ਗੁਰੂ ਕਾਲ ਤੋਂ ਲੈ ਕੇ ਵਰਤਮਾਨ ਸਮੇਂ ਤਕ ਸਿੱਖ ਸੰਪਰਦਾਵਾਂ (ਉਦਾਸੀ, ਨਿਰਮਲੇ, ਨਿਹੰਗ ਸਿੰਘ, ਸੇਵਾ ਪੰਥੀ, ਦਮਦਮੀ ਟਕਸਾਲ, ਨਾਨਕਸਰ, ਰਾੜਾ ਸਾਹਿਬ, ਹਰਖੋਵਾਲ, ਮਸਤੂਆਣਾ, ਕਾਰ ਸੇਵਾ ਵਾਲੇ ਮਹਾਂਪੁਰਸ਼ ਆਦਿ) ਕਿਸੇ ਨਾ ਕਿਸੇ ਰੂਪ ਵਿਚ ਸਿੱਖ ਧਰਮ ਦੇ ਪ੍ਰਚਾਰ, ਸੇਵਾ ਸੰਭਾਲ ਵਿਚ ਜੁਟੀਆਂ ਹੋਈਆਂ ਸਨ। ਇਹਨਾਂ ਨੂੰ ਇਕ ਥਾਂ ਇਕੱਤਰ ਕਰਕੇ ਸਾਰਿਆਂ ਦੇ ਸਹਿਯੋਗ ਨਾਲ ਸਿੱਖੀ ਦੀ ਬੁਨਿਆਦੀ ਰਹਿਤ ਮਰਯਾਦਾ ਨੂੰ ਇਕ ਕਰਕੇ ਸਿਖੀ ਸਿਧਾਂਤ ਨੂੰ ਅਮਲੀ ਰੂਪ ਵਿਚ ਪ੍ਰਚਾਰਨਾ ਅਤੇ ਸਿਖੀ ਸਿਧਾਂਤ ਨਾਲ ਜੋੜੀ ਰਖਣ ਲਈ ਯਤਨਸ਼ੀਲ ਰਹਿਣਾ।

13. ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਵੱਧ ਤੋਂ ਵੱਧ ਸਤਿਕਾਰ ਕਰਨਾ ਅਤੇ ਕਰਾਉਣਾ। ਜੋ ਮਰਯਾਦਾ, ਸਤਿਕਾਰ ਨਾਲ ਸੁਖ ਆਸਨ ਤੇ ਪ੍ਰਕਾਸ਼ ਕਰਨ, ਰੁਮਾਲੇ ਤੇ ਚਾਨਣੀ ਆਦਿ ਲਾਉਣ ਦੀ ਪੰਜਵੇਂ ਪਾਤਸ਼ਾਹ ਜੀ ਦੀ ਕਾਇਮ ਕੀਤੀ ਹੋਈ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਚਲ ਰਹੀ ਹੈ, ਉਸ ਅਨੁਸਾਰ ਸਾਰੇ ਗੁਰ-ਅਸਥਾਨਾਂ ਵਿਚ ਸੇਵਾ ਕਰਨ ਦੀ ਪ੍ਰੇਰਨਾ ਕਰਨੀ ਅਤੇ ਜੇ ਕੋਈ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਮਰਯਾਦਾ ਨੂੰ ਬਦਲਣ ਦਾ ਜਤਨ ਕਰੇ, ਉਸਨੂੰ ਰੋਕਣਾ।

14. ਸਾਰਿਆਂ ਨੇ ਮਿਲ ਬੈਠ ਕੇ ਆਪਣੀਆਂ ਕਮੀਆਂ ਨੂੰ ਵੇਖਣਾ, ਵਿਚਾਰਨਾ, ਦੂਰ ਕਰਨਾ, ਪਾਖੰਡ ਕਰਨ, ਕਰਾਉਣ ਵਾਲਿਆਂ ਤੋਂ ਬਚਣਾ। *'ਜਹ ਕਰਣੀ ਤਹਿ ਪੂਰੀ ਮਤਿ॥ ਕਰਣੀ ਬਾਝਹੁ ਘਟੇ ਘਟਿ॥' (ਪੰਨਾ - 25)* ਦੇ ਬਚਨਾਂ ਅਨੁਸਾਰ ਕਰਨੀ ਕਮਾਈ ਦੇ ਪੂਰਨੇ ਪਾ ਕੇ ਦੂਜੇ ਪ੍ਰਚਾਰਕਾਂ ਵਾਸਤੇ ਪੱਥ ਪ੍ਰਦਰਸ਼ਕ ਬਣਨਾ।

15. ਸਿਖ ਜਥੇਬੰਦੀਆਂ ਅਤੇ ਸੰਪ੍ਰਦਾਵਾਂ ਵਲੋਂ ਚਲਾਏ ਜਾ ਰਹੇ ਅਤੇ ਹੋਰ ਸਕੂਲਾਂ, ਕਾਲਜਾਂ ਵਿਚ ਸੰਸਾਰੀ ਵਿਦਿਆ ਦੇ ਨਾਲ ਨਾਲ ਧਾਰਮਿਕ ਵਿਦਿਆ ਪੜ੍ਹਾਉਣ ਦੇ ਪ੍ਰਬੰਧ ਲਈ ਪ੍ਰੇਰਨਾ ਕਰਨੀ, ਯਤਨਸ਼ੀਲ ਹੋਣਾ।


ਉਪਰ ਲਿਖੇ ਮੰਤਵਾਂ ਅਨੁਸਾਰ ਪੰਥਕ ਸੇਵਾ ਕਰਨ ਲਈ ਇਹ ਜਥੇਬੰਦੀ ਹੋਂਦ ਵਿਚ ਆਈ ਹੈ।

ਇਸ ਜਥੇਬੰਦੀ ਦਾ ਮੈਂਬਰ; ਹਰ ਉਹ ਗੁਰਮੁਖ, ਮਹਾਂਪੁਰਸ਼ ਜਿਸ ਦੇ ਅੰਦਰ ਸ੍ਰੀ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਆਦਰਸ਼ ਦਾ ਪੂਰਨ ਸਤਿਕਾਰ ਹੋਵੇ ਅਤੇ ਨਾਮ ਬਾਣੀ ਦੀ ਕਮਾਈ ਕਰਨ ਵਾਲਾ ਹੋਵੇ, ਸੇਵਾ ਭਾਵਨਾ ਵਾਲਾ ਹੋਵੇ, ਪਤਿਤ, ਕੁਰਹਿਤੀਆ, ਤਨਖਾਹੀਆ ਨਾ ਹੋਵੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਂਤ ਨੂੰ ਸੰਸਾਰ ਵਿਚ ਫੈਲਾਉਣ ਲਈ ਉਤਸੁਕ ਹੋਵੇ, ਸਤਿਗੁਰੂ

*(ਬਾਕੀ ਪੰਨਾ 43 ਤੇ)*

# ਹਿਮਾਲੀਆ ਦੇ ਸੰਤਾਂ ਦੇ ਸੰਗ ਨਿਵਾਸ
# ਗੁਰੂ ਦੇਵ - ਭੁਵਾਲ ਸੰਨਿਆਸੀ

ਮੂਲ ਲੇਖਕ - ਡਾ. ਸਵਾਮੀ ਰਾਮ ਜੀ
ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ



ਡਾ. ਸਵਾਮੀ ਰਾਮ ਜੀ ਅੱਜ ਦੇ ਸਮੇਂ ਦੇ ਇਕ ਉਚ ਕੋਟੀ ਦੇ ਯੋਗੀ, ਵਿਦਵਾਨ ਤੇ ਸਰਵ ਵਿਦਿਆ ਦੇ ਗਿਆਤਾ ਹਨ। ਭਾਰਤ ਵਿਚ ਸਵਾਮੀ ਜੀ ਦੇਹਰਾਦੂਨ ਦੇ ਨੇੜੇ ਇਕ Medical City ਦਾ ਨਿਰਮਾਣ ਕਰ ਰਹੇ ਹਨ। ਸਵਾਮੀ ਜੀ ਬਹੁਤ ਸਾਰੀਆਂ ਪੁਸਤਕਾਂ ਦੇ ਰਚਿਤਾ ਹਨ। ਉਨ੍ਹਾਂ ਦੀ ਸਭ ਤੋਂ ਵੱਧ ਵਿਕਣ ਵਾਲੀ ਪੁਸਤਕ 'Living With The Himalayan Masters' ਜੋ ਕਿ ਇਕ ਲੱਖ ਤੋਂ ਵੱਧ ਵਿਕ ਚੁੱਕੀ ਹੈ, ਤੇ ਅਸੀਂ ਉਸਨੂੰ 'ਆਤਮ ਮਾਰਗ' ਵਿਚ ਦੇ ਰਹੇ ਹਾਂ। ਪਿਛਲੀ ਲੜੀ ਵਿਚ ਤੁਸੀਂ ਉਨ੍ਹਾਂ ਦੇ ਬਚਪਨ ਬਾਰੇ ਪੜ੍ਹਿਆ, ਉਨ੍ਹਾਂ ਦੇ ਮਾਤਾ ਪਿਤਾ ਬਾਰੇ ਤੇ ਕਿਵੇਂ ਉਨ੍ਹਾਂ ਦਾ ਜਨਮ ਹੋਇਆ।

## ਅਧਿਆਇ - 2

ਜਿਸ ਘਟਨਾ ਤੋਂ ਮੇਰੇ ਗੁਰੂਦੇਵ ਸਾਰੇ ਭਾਰਤ ਵਿਚ ਪ੍ਰਸਿੱਧ ਹੋਏ ਤੇ ਲੋਕ ਉਨ੍ਹਾਂ ਨੂੰ ਜਾਨਣ ਲਗੇ, ਉਹ ਘਟਨਾ ਮੈਂ ਦਸਦਾ ਹਾਂ। ਉਸ ਸਮੇਂ ਦੇ ਸਾਰੇ ਵਕੀਲ, ਜੱਜ ਤੇ ਪੜ੍ਹੇ ਲਿਖੇ ਲੋਕ ਇਸ ਘਟਨਾ ਤੋਂ ਜਾਣੂ ਸਨ।

ਭੁਵਾਲ ਨਾਮ ਦੇ ਇਕ ਸੰਨਿਆਸੀ ਸਨ ਜੋ ਸੰਨਿਆਸ ਲੈਣ ਤੋਂ ਪਹਿਲਾਂ ਬੰਗਾਲ ਦੀ ਰਿਆਸਤ, ਭੁਵਾਲ ਦੇ ਰਾਜਕੁਮਾਰ ਸਨ। ਵਿਆਹ ਤੋਂ ਬਾਦ ਉਹ ਆਪਣੀ ਪਤਨੀ ਨਾਲ ਦਾਰਜੀਲਿੰਗ ਦੇ ਇਕ ਅਤਿ ਸੁੰਦਰ ਮਹਿਲ ਵਿਚ ਰਹਿਣ ਲਗ ਪਏ। ਉਨ੍ਹਾਂ ਦੀ ਪਤਨੀ ਪਹਿਲਾਂ ਤੋਂ ਹੀ ਇਕ ਡਾਕਟਰ ਨਾਲ ਪਿਆਰ ਕਰਦੀ ਸੀ। ਕੁਝ ਦੇਰ ਦੇ ਬਾਦ ਦੋਨੋਂ ਪ੍ਰੇਮੀਆਂ ਨੇ ਮਿਲਕੇ ਰਾਜਕੁਮਾਰ ਨੂੰ ਜ਼ਹਿਰ ਦੇਣੀ ਸ਼ੁਰੂ ਕਰ ਦਿਤੀ। ਹੌਲੀ-ਹੌਲੀ ਡਾਕਟਰ ਕੋਬਰਾ ਜ਼ਹਿਰ ਦੇ ਟੀਕੇ ਲਾਉਣ ਲਗ ਪਿਆ ਤੇ ਰਾਜ ਕੁਮਾਰ ਏਹੀ ਸੋਚਦਾ ਰਹਿ ਗਿਆ ਕਿ ਉਸਨੂੰ ਵਿਟਾਮਿਨ ਦੇ ਟੀਕੇ ਲਗ ਰਹੇ ਹਨ। ਫੇਰ ਡਾਕਟਰ ਨੇ ਜ਼ਹਿਰ ਦੀ ਮਾਤਰਾ ਵਧਾ ਦਿਤੀ ਤੇ ਅੰਤ ਕੁਝ ਮਹੀਨਿਆਂ ਦੇ ਬਾਦ ਰਾਜ ਕੁਮਾਰ ਦੀ ਮੌਤ ਹੋ ਗਈ। ਰਾਜ ਕੁਮਾਰ ਦੀ ਅੰਤਮ ਯਾਤਰਾ ਨਾਲ ਬਹੁਤ ਸਾਰੇ ਸਬੰਧੀ, ਮਿੱਤਰ ਤੇ ਸ਼ਹਿਰ ਨਿਵਾਸੀ ਸ਼ਾਮਿਲ ਹੋਏ। ਮ੍ਰਿਤਕ ਸਰੀਰ ਨੂੰ ਸ਼ਹਿਰ ਤੋਂ ਬਾਹਰ ਦੂਰ ਪਹਾੜੀ ਤੇ, ਜਿਥੇ ਨਾਲ ਪਾਣੀ ਵਗਦਾ ਸੀ, ਲੈ ਗਏ। ਜਿਉਂ ਹੀ ਚਿਤਾ ਨੂੰ ਅੱਗ ਲਾਈ, ਮੂਸਲਾਧਾਰ ਮੀਂਹ ਪੈਣ ਲਗ ਪਿਆ। ਜਲਦੇ ਹੋਏ ਸਰੀਰ ਨੂੰ ਉਸੇ ਤਰ੍ਹਾਂ ਛੱਡ ਕੇ ਲੋਕੀ ਚਲੇ ਗਏ। (ਦਾਰਜੀਲਿੰਗ ਉਨ੍ਹਾਂ ਸ਼ਹਿਰਾਂ ਵਿਚੋਂ ਹੈ, ਜਿਥੇ ਬਹੁਤ ਮੀਂਹ ਪੈਂਦਾ ਹੈ।) ਮੂਸਲਾਧਾਰ ਮੀਂਹ ਨਾਲ ਅੱਗ ਬੁਝ ਗਈ ਤੇ ਨਦੀ ਵਿਚ ਐਨਾ ਤੇਜ਼ ਪਾਣੀ ਆਇਆ ਕਿ ਉਹ ਰਾਜਕੁਮਾਰ ਦੇ ਸਰੀਰ ਨੂੰ ਰੋੜ੍ਹ ਕੇ ਲੈ ਗਿਆ।

ਸ਼ਮਸ਼ਾਨ ਘਾਟ ਤੋਂ ਕੋਈ ਤਿੰਨ ਮੀਲ ਦੂਰ, ਗੁਰੂਦੇਵ ਆਪਣੇ ਚੇਲਿਆਂ ਨਾਲ ਠਹਿਰੇ ਹੋਏ ਸਨ। ਉਸ ਵਕਤ ਗੁਰੂਦੇਵ ਕੰਚਨਜੰਗਾ ਦੇ ਪਹਾੜਾਂ ਤੋਂ ਕਮਾਉਂ ਵਿਚ ਸਥਿਤ ਸਾਡੀ ਗੁਫਾ ਵਲ ਜਾ ਰਹੇ ਸਨ। ਉਨ੍ਹਾਂ ਨੇ ਜਦੋਂ ਇਸ ਮੁਰਦੇ ਨੂੰ ਕਫਨ ਵਿਚ ਲਿਪਟੇ ਤੇ ਬਾਂਸਾਂ ਨਾਲ ਬੰਨ੍ਹਿਆਂ ਦੇਖਿਆ ਤਾਂ ਉਨ੍ਹਾਂ ਨੇ ਆਪਣੇ ਚੇਲਿਆਂ ਨੂੰ ਕਿਹਾ ਕਿ ਇਹਨੂੰ ਬਾਹਰ ਕੱਢ ਕੇ ਲਿਆਉ। ਉਨ੍ਹਾਂ ਨੇ ਮੁਰਦੇ ਨੂੰ ਕੱਢਿਆ ਤੇ ਬਾਂਸਾਂ ਨਾਲੋਂ ਖੋਲ੍ਹ ਦਿਤਾ, ਤੇ ਕਫਨ ਉਤਾਰ ਦਿਤਾ। ਗੁਰੂਦੇਵ ਨੇ ਕਿਹਾ, ਇਹ ਬੰਦਾ ਮਰਿਆ ਨਹੀਂ ਹੈ। ਇਹ ਗੂੜ੍ਹੀ ਨੀਂਦ ਯਾਨਿ ਕਿ ਅਚੇਤ ਅਵਸਥਾ ਦੀ ਨੀਂਦਰ ਵਿਚ ਹੈ। ਇਸ ਦੇ ਸਾਹ ਤੇ ਦਿਲ ਦੀ ਧੜਕਨ ਵਿਚ ਰੁਕਾਵਟ ਪੈ ਗਈ ਹੈ। ਪਿਛਲੇ ਜਨਮ ਵਿਚ ਇਹ ਮੇਰਾ ਚੇਲਾ ਸੀ।

ਉਹ ਮਿਰਤਕ ਸਰੀਰ, ਗੁਰੂਦੇਵ ਦੇ ਸਾਹਮਣੇ ਰੱਖ ਦਿਤਾ। ਥੋੜੀ ਹੀ ਦੇਰ ਬਾਦ ਉਹ ਸਰੀਰ ਹਿਲਣ ਜੁਲਣ ਲਗ ਪਿਆ ਤੇ ਕੋਈ ਦੋ ਘੰਟੇ ਦੇ ਬਾਦ ਰਾਜ ਕੁਮਾਰ ਨੂੰ ਪੂਰੀ ਤਰ੍ਹਾਂ ਹੋਸ਼ ਆ ਗਈ ਪਰ ਉਹ ਆਪਣੇ ਬਾਰੇ ਸਭ ਕੁਝ ਭੁੱਲ ਚੁਕਾ ਸੀ। ਉਸ ਤੋਂ ਬਾਦ ਉਹ ਗੁਰੂਦੇਵ ਕੋਲ ਹੀ ਰਹਿਣ ਲਗ ਪਿਆ ਤੇ ਗੁਰੂਦੇਵ ਤੋਂ ਦੀਕਸ਼ਾ ਲੈ ਕੇ ਸੰਨਿਆਸ ਲੈ ਲਿਆ। ਫਿਰ ਉਹ ਸੱਤ ਸਾਲ ਗੁਰੂਦੇਵ ਦੇ ਨਾਲ ਰਹੇ। ਉਸ ਤੋਂ ਬਾਦ ਗੁਰੂਦੇਵ ਨੇ ਉਨ੍ਹਾਂ ਨੂੰ ਤੀਰਥ ਯਾਤਰਾ ਤੇ ਜਾਣ ਲਈ ਕਿਹਾ ਤੇ ਨਾਲ ਇਹ ਵੀ ਕਿਹਾ ਕਿ ਜਾ ਕੇ ਉਹ ਹੋਰ ਸੰਤ ਮਹਾਤਮਾ ਦੇ ਦਰਸ਼ਨ ਕਰਨ। ਗੁਰੂਦੇਵ ਨੇ ਸਭ ਨੂੰ ਦੱਸ ਦਿਤਾ ਸੀ ਕਿ ਜਦੋਂ ਇਹ ਆਪਣੀ ਭੈਣ ਨੂੰ ਮਿਲੇਗਾ ਤਾਂ ਇਸਨੂੰ ਸਭ ਕੁਛ ਯਾਦ ਆ ਜਾਵੇਗਾ। ਗੁਰੂਦੇਵ ਨੇ ਆਪਣੇ ਸਾਰੇ ਚੇਲਿਆਂ ਨੂੰ ਬੁਲਾ ਕੇ ਕਿਹਾ ਕਿ ਹੁਣ ਛੇਤੀ ਹੀ ਏਥੋਂ ਚਲੇ ਜਾਣਾ ਚਾਹੀਦਾ ਹੈ।

ਰਾਜ ਕੁਮਾਰ ਬਹੁਤ ਦੇਰ ਸਾਧੂਆਂ ਸੰਤਾਂ ਨੂੰ ਮਿਲਦੇ ਰਹੇ ਤੇ ਇਕ ਥਾਂ ਤੋਂ ਦੂਸਰੀ ਥਾਂ ਜਾਂਦੇ ਰਹੇ। ਇਸੇ ਤਰ੍ਹਾਂ ਹੀ ਇਕ ਦਿਨ ਅਚਾਨਕ ਉਹ ਆਪਣੀ ਭੈਣ ਦੇ ਘਰ ਚਲੇ ਗਏ। ਭੈਣ ਨੇ ਦੇਖਦੇ ਹੀ ਉਨ੍ਹਾਂ ਨੂੰ ਪਛਾਣ ਲਿਆ ਤੇ ਕੁਛ ਘੰਟਿਆਂ ਦੇ ਵਿਚ ਹੀ ਰਾਜਕੁਮਾਰ ਦੀਆਂ ਸਾਰੀਆਂ ਪੁਰਾਣੀਆਂ ਯਾਦਾਂ ਪ੍ਰਬਲ ਹੋ ਉਠੀਆਂ। ਉਸ ਵਕਤ ਭਾਵੇਂ ਮੈਂ ਬੱਚਾ ਹੀ ਸੀ ਪਰ ਇਹ ਘਟਨਾ ਮੈਨੂੰ ਚੰਗੀ ਤਰ੍ਹਾਂ ਯਾਦ ਹੈ।

ਯਾਦਦਾਸ਼ਤ ਤਾਜ਼ਾ ਹੁੰਦਿਆਂ ਹੀ ਰਾਜਕੁਮਾਰ, ਤੇ ਉਸ ਦੇ ਰਿਸ਼ਤੇਦਾਰਾਂ ਵਿਚ ਇਕ ਤਰਥੱਲੀ ਪੈ ਗਈ ਤੇ ਉਨ੍ਹਾਂ ਨੇ ਕਚਹਿਰੀ ਜਾ ਕੇ ਇਨਸਾਫ ਲੈਣ ਦਾ ਫੈਸਲਾ ਕੀਤਾ। ਦੋਨੋਂ ਪਾਸਿਓਂ ਸੈਂਕੜੇ ਗਵਾਹ ਹਾਜ਼ਰ ਹੋਏ। ਕਚਹਿਰੀ ਵਿਚ ਜੋ ਸਵਾਲ ਪ੍ਰਮੁੱਖ ਤੌਰ ਤੇ ਸਾਹਮਣੇ ਆਇਆ, ਉਹ ਸੀ ਕਿ ਕੀ ਇਕ ਮੁਰਦਾ ਜੀਊਂਦਾ ਹੋ ਸਕਦਾ ਹੈ? ਇਹ ਭਾਰਤ ਦਾ ਇਕ ਇਹੋ ਜਿਹਾ ਕੇਸ ਸੀ ਜਿਸ ਵਿਚ ਸੈਂਕੜੇ ਲੋਕੀ ਕਚਹਿਰੀ ਵਿਚ ਆਇਆ ਕਰਦੇ ਸੀ। ਇਸ ਕੇਸ ਹਿਸਟਰੀ ਨੂੰ ਉਸ ਵਕਤ ਦੇ ਵਕੀਲ ਆਪਣੇ ਨਾਲ ਰਖਦੇ ਹੁੰਦੇ ਸੀ। ਅੰਤ ਇਹ ਸਾਬਤ ਹੋ ਗਿਆ ਕਿ ਰਾਜ ਕੁਮਾਰ ਨੂੰ ਕੋਬਰਾ (ਜ਼ਹਿਰੀਲਾ ਸੱਪ) ਜ਼ਹਿਰ ਦੇ ਇੰਨਜ਼ੈਕਸ਼ਨ ਲਗਵਾਏ ਗਏ। ਰਾਜ ਕੁਮਾਰ ਨੇ ਆਪਣੀ ਅੰਤਮ ਯਾਤਰਾ – ਮ੍ਰਿਤਕ ਸਰੀਰ ਨੂੰ ਅੱਗ ਲਾਉਣਾ, ਮੂਸਲਾਧਾਰ ਮੀਂਹ ਪੈਣਾ, ਉਸ ਦੇ ਸਰੀਰ ਦਾ ਨਦੀ ਵਿਚ ਰੁੜ੍ਹ ਜਾਣਾ, ਸਰੀਰ ਨੂੰ ਕੱਢੇ ਜਾਣਾ, ਮਹਾਤਮਾ ਦਾ ਮੇਲ ਤੇ ਮਹਾਤਮਾ ਤੋਂ ਦੀਕਸ਼ਾ ਲੈਣਾ; ਇਹ ਸਭ ਕੁਛ ਕਚਿਹਰੀ ਵਿਚ ਵਿਸਥਾਰ ਨਾਲ ਦੱਸਿਆ। ਮੇਰੇ ਗੁਰੂਦੇਵ ਤਾਂ ਕਚਹਿਰੀ ਨਹੀਂ ਗਏ ਪਰ ਉਨ੍ਹਾਂ ਨੇ ਆਪਣੇ ਦੋ ਚੇਲੇ ਜ਼ਰੂਰ ਰਾਜ ਕੁਮਾਰ ਦੀ ਸਹਾਇਤਾ ਲਈ ਭੇਜ ਦਿਤੇ। ਕਚਹਿਰੀ ਵਿਚ ਰਾਜ ਕੁਮਾਰ ਦੀ ਜਿਤ ਹੋਈ, ਤੇ ਰਾਜ ਕੁਮਾਰ ਭੁਵਾਲ ਵਾਪਸ ਚਲਾ ਗਿਆ; ਉਸ ਲਈ ਇਹੋ ਹੀ ਗੁਰੂ ਦੇਵ ਦੀ ਆਗਿਆ ਸੀ। ਪਰ ਉਹ ਇਕ ਸਾਲ ਬਾਦ ਚਲਾਣਾ ਕਰ ਗਏ।

ਏਸ ਘਟਨਾ ਤੋਂ ਬਾਦ ਸਾਰਾ ਭਾਰਤ ਹੀ ਮੇਰੇ ਗੁਰੂਦੇਵ ਦੇ ਬਾਰੇ ਜਾਣ ਗਿਆ ਸੀ ਤੇ ਉਨ੍ਹਾਂ ਨੂੰ ਲੱਭਣ ਦੀ ਖੋਜ ਵਿਚ ਲਗ ਗਿਆ ਸੀ। ਇਹ ਸਮਾਂ ਸਾਡੇ ਸਾਰਿਆਂ ਲਈ ਬੜਾ ਔਖਾ ਤੇ ਦੁਖਦਾਈ ਸੀ। ਅਸੀਂ ਗੁਰੂਦੇਵ ਦੀ ਸ਼ਾਂਤੀ ਵਿਚ ਕਿਸੇ ਕਿਸਮ ਦੇ ਵਿਘਨ ਨਹੀਂ ਪੈਣ ਦੇਣਾ ਚਾਹੁੰਦੇ ਸੀ। ਗੁਰੂਦੇਵ ਨੂੰ ਲੋਕਾਂ ਨਾਲ ਮਿਲਣਾ ਤੇ ਭੀੜ ਕਤਈ ਚੰਗੀ ਨਹੀਂ ਲਗਦੀ ਸੀ। ਬਹੁਤ ਵਾਰੀ ਬੋਧੀ ਜੀਵਾਂ ਨੇ ਉਨ੍ਹਾਂ ਦੇ ਬਾਰੇ ਜਾਨਣ ਦੀ ਕੋਸ਼ਿਸ਼ ਕੀਤੀ ਪਰ ਉਨ੍ਹਾਂ ਨੂੰ ਕੇਵਲ ਸ਼ਾਂਤੀ ਹੀ ਪਸੰਦ ਸੀ ਤੇ ਉਹ ਸਾਨੂੰ ਵੀ ਇਹੀ ਸਿੱਖਿਆ ਦੇਂਦੇ ਸਨ ਕਿ ਸਾਧਕ ਨੂੰ ਭੀੜ ਤੇ ਵਡਿਆਈ ਤੋਂ ਦੂਰ ਹੀ ਰਹਿਣਾ ਚਾਹੀਦਾ ਹੈ, ਕਿਉਂਜੋ ਏਹ ਦੋਨੋਂ; ਬੜੀਆਂ ਹੀ ਹਾਨੀਕਾਰਕ ਤੇ ਇਕ ਸਾਧਕ ਵਾਸਤੇ ਬਾਧਕ ਹਨ।

ਇਕ ਸਾਧਕ ਲਈ ਸੋਭਾ ਵਡਿਆਈ ਇਕ ਬੜੀ ਭਾਰੀ ਬਾਧਕ ਤੇ ਉਸਦੇ ਪਤਨ ਦਾ ਕਾਰਣ ਹੋਇਆ ਕਰਦੀ ਹੈ। ਸੰਸਾਰ ਛੱਡਣ ਤੋਂ ਬਾਦ ਵੀ ਸੋਭਾ ਵਡਿਆਈ ਦੀ ਇੱਛਾ ਬਣੀ ਰਹਿੰਦੀ ਹੈ। ਬਚਨ ਤੇ ਕਰਮ ਵਿਚੋਂ ਜਦੋਂ ਤਕ ਸਾਧਕ ਆਪਣੇ ਆਪ ਨੂੰ ਸਮਰਪਣ ਨਹੀਂ ਕਰਦਾ, ਤਦ ਤਕ ਉਹ ਪਰਮ ਅਨੰਦ ਨਹੀਂ ਮਾਣ ਸਕਦਾ। ਸੱਚਾ ਸਾਧਕ ਗੁਰੂ ਕ੍ਰਿਪਾ ਨਾਲ ਇਸ ਅਵਸਥਾ ਤੇ ਛੇਤੀਂ ਹੀ ਪਹੁੰਚ ਜਾਂਦਾ ਹੈ। ਇਹੋ ਜਿਹੇ ਸਿੱਧ ਪੁਰਸ਼, ਸੰਸਾਰ ਵਿਚ ਰਹਿੰਦੇ ਹੋਏ ਵੀ ਸੰਸਾਰ ਤੋਂ ਦੂਰ ਹਨ। ਮਾਨਵਤਾ ਦੀ ਭਲਾਈ ਹੀ ਇਹੋ ਜਿਹੇ ਸੰਤਾਂ ਦਾ ਇਕ ਮਾਤਰ ਉਦੇਸ਼ ਹੁੰਦਾ ਹੈ। ਮਨੁੱਖਤਾ ਤੋਂ ਉਹ ਆਪਣੇ ਲਈ ਕੁਛ ਵੀ ਨਹੀਂ ਉਮੀਦ ਰਖਦੇ, ਕਿਉਂਜੋ ਉਨ੍ਹਾਂ ਮੁਤਾਬਿਕ ਮਨੁਖਤਾ ਦੀ ਸੇਵਾ ਹੀ ਉਸ ਅਕਾਲਪੁਰਖ ਦੀ ਸਭ ਤੋਂ ਵੱਡੀ ਉਤਮ ਤੇ ਸਹਿਜ ਭਰੀ ਪ੍ਰੇਮਾ ਭਗਤੀ ਹੈ।

# ਅਧਿਆਇ – 3

## ਮਾਇਆ ਦੇ ਪਦ ਚਿੰਨ੍ਹ

ਅਜਕੱਲ ਸਾਰੇ ਸੰਸਾਰ ਵਿਚ 'ਯਤੀ' (ਹਿੰਮ ਪੁਰਖ) ਅਤੇ ਸੰਗਰੇਲਾ ਦੇ ਬਾਰੇ ਬਹੁਤ ਕੁਝ ਸੁਣਨ ਵਿਚ ਆਉਂਦਾ ਹੈ। ਭਾਵੇਂ ਇਹ ਸਾਰੀਆਂ ਕਹਾਣੀਆਂ ਹੀ ਹਨ ਪਰ ਪੱਛਮੀ ਦੇਸ਼ਾਂ ਦੇ ਵਸਨੀਕਾਂ ਲਈ ਬੜੀਆਂ ਹੀ ਆਕਰਸ਼ਕ ਹਨ। ਤੇ ਉਹ ਲੋਕ ਆਮ ਤੌਰ ਤੇ ਹਿੰਮ ਪੁਰਖ ਦੀ ਖੋਜ ਲਈ ਹਿਮਾਲੀਆ ਤੇ ਨਿਕਲ ਪੈਂਦੇ ਹਨ ਤੇ 'ਸ਼ੇਰਪਾ' ਲੋਕ, ਜੋ ਕਿ ਪਹਾੜਾਂ ਤੇ ਚੜ੍ਹਨ ਵਿਚ ਬਹੁਤ ਮਾਹਿਰ ਹੁੰਦੇ ਹਨ ਅਤੇ ਇਹ ਉਨ੍ਹਾਂ ਦਾ ਕਿੱਤਾ ਵੀ ਹੈ, ਉਨ੍ਹਾਂ ਨੂੰ ਹਿਮਾਲੀਆ ਦੇ ਰਸਤਿਆਂ ਤੇ ਬੜੀ ਮਾਹਿਰਤਾ ਨਾਲ ਲੈ ਜਾਂਦੇ ਹਨ। ਇਹ ਸ਼ੇਰਪਾ ਲੋਕ ਹਿਮਾਲੀਆ ਦੇ ਰਸਤੇ ਤਾਂ ਭਾਵੇਂ ਬਹੁਤ ਚੰਗੀ ਤਰ੍ਹਾਂ ਜਾਣਦੇ ਹਨ ਪਰ ਉਥੇ ਰਹਿੰਦਿਆਂ ਸਾਧੂਆਂ ਦੇ ਬਾਰੇ ਇਨ੍ਹਾਂ ਨੂੰ ਕੁਝ ਵੀ ਗਿਆਨ ਨਹੀਂ।

ਅਨੇਕਾਂ ਹੀ ਵਿਦੇਸ਼ੀ ਹਿੰਮ ਪੁਰਖ ਦੀ ਖੋਜ ਵਿਚ ਇਨ੍ਹਾਂ ਪਹਾੜਾਂ ਤੇ ਘੁੰਮੇ ਪਰ ਕਿਸੇ ਨੂੰ ਵੀ ਕੁਝ ਪਤਾ ਨਹੀਂ ਲਗ ਸਕਿਆ ਕਿਉਂਕਿ ਇਸ ਵਿਚ ਕੋਈ ਵਾਸਤਵਿਕਤਾ ਹੀ ਨਹੀਂ। ਹਿੰਮ ਪੁਰਖ ਦੀ ਕਲਪਨਾਤਮਿਕ ਗਾਥਾ ਦਾ ਸਬੰਧ ਉਥੇ ਦੀਆਂ ਦੋ ਗੁਫਾਵਾਂ ਨਾਲ ਹੈ। ਮੇਰੀ ਪ੍ਰੰਪਰਾ ਦੇ ਕਥਨ ਅਨੁਸਾਰ ਇਹ ਦੋਨੋਂ ਗੁਫਾਵਾਂ ਹਿਮਾਲੀਆਂ ਦੀਆਂ ਪ੍ਰਾਚੀਨ ਅਧਿਆਤਮਕ ਪ੍ਰੰਪਰਾ ਦਾ ਕੇਂਦਰ ਹਨ। ਉਨ੍ਹਾਂ ਵਿਚੋਂ ਇਕ ਗੁਫਾ 14000 ਫੁਟ ਦੀ ਉਚਾਈ ਤੇ ਕੰਚਨਜੰਗਾ ਪਹਾੜੀਆਂ ਤੇ ਸਥਿਤ ਹੈ, ਤੇ ਦੂਸਰੀ ਉਹ ਹੈ ਜਿਥੇ ਮੈਂ ਤਿੱਬਤ ਤੇ ਗੜ੍ਹਵਾਲ ਦੀ ਹੱਦ ਤੇ ਰਿਹਾ ਕਰਦਾ ਸੀ। ਇਸ ਗੁਫਾ ਵਿਚ ਕਈ ਸਾਧਕ ਰਹਿ ਸਕਦੇ ਹਨ। ਏਥੇ ਅੱਜ ਵੀ ਕਈ ਸਾਧਕ ਸਾਧਨਾ ਕਰਦੇ ਹਨ। ਇਹ ਗੁਫਾ 11500 ਫੁਟ ਤੋਂ 12000 ਫੁਟ ਦੀ ਉਚਾਈ ਤੇ ਹੈ। ਸੈਰ-ਸਪਾਟੇ ਕਰਨ ਵਾਲੇ ਲੋਕ ਘਟ ਹੀ ਏਥੇ ਤਕ ਪਹੁੰਚ ਸਕਦੇ ਹਨ। ਇਨ੍ਹਾਂ ਗੁਫਾ-ਨੁਮਾਂ ਮੱਠਾਂ ਵਿਚ ਅਜ ਵੀ ਸੰਸਕ੍ਰਿਤ, ਤਿਬਤੀ ਤੇ ਸਾਨਧਿਆ ਭਾਸ਼ਾ ਵਿਚ ਲਿਖੇ ਅਤਿ ਉਚ ਕੋਟੀ ਦੇ ਅਧਿਆਤਮ ਗ੍ਰੰਥ ਮੌਜੂਦ ਹਨ।

ਵਿਦੇਸ਼ੀ ਲੋਕ ਜੋ ਪਹਾੜਾਂ ਤੇ ਚੜ੍ਹਦੇ ਹਨ, ਉਹ ਆਮ ਤੌਰ ਤੇ ਆਪਣਾ ਸਫਰ ਦਾਰਜੀਲਿੰਗ ਯਾ ਕਾਠਮੰਡੂ ਤੋਂ ਸ਼ੁਰੂ ਕਰਦੇ ਹਨ। ਪਹਾੜਾਂ ਦੀ ਚੜ੍ਹਾਈ ਚੜ੍ਹਦਿਆਂ ਇਹ ਲੋਕ ਆਮ ਤੌਰ ਤੇ ਸ਼ੇਰਪਾ ਨਾਲ ਹਿੰਮ ਪੁਰਖ ਦੀਆਂ ਗੱਲਾਂ ਕਰਦੇ ਹਨ। ਉਹ ਆਪਣੇ ਨਾਲ ਕੈਮਰਾ, ਤੰਬੂ, ਆਕਸੀਜਨ ਤੇ ਡੱਬਿਆਂ ਵਿਚ ਬੰਦ ਭੋਜਨ ਨਾਲ ਰਖਦੇ ਹਨ। ਇਨ੍ਹਾਂ ਵਸਤੂਆਂ ਨੂੰ ਇਸਤੇਮਾਲ ਕਰਕੇ ਇਹ ਖਾਲੀ ਡੱਬੇ ਤੇ ਹੋਰ ਕੂੜਾ ਉਥੇ ਹੀ ਸੁੱਟ ਜਾਂਦੇ ਹਨ ਤੇ ਇਨ੍ਹਾਂ ਪਵਿਤ੍ਰ ਥਾਵਾਂ ਨੂੰ ਗੰਦਾ ਕਰ ਦਿੰਦੇ ਹਨ। ਹਿਮਾਲੀਆ ਤੇ ਇਹੋ ਜਿਹੀਆਂ ਗੁਪਤ ਥਾਵਾਂ ਹਨ ਜਿਨ੍ਹਾਂ ਦਾ ਪਤਾ ਕੇਵਲ ਤਪੱਸਵੀਆਂ ਨੂੰ ਹੀ ਹੈ।

ਇਕ ਵਾਰੀ ਮੈਂ ਇਕ ਵਿਦੇਸ਼ੀ ਨੂੰ ਮਿਲਿਆ ਜੋ ਕਿ ਕੁਝ ਭਾਰਤੀਆਂ ਨੂੰ ਨਾਲ ਲੈ ਕੇ ਹਿੰਮ ਪੁਰਖ ਦੀ ਖੋਜ ਵਿਚ ਨਿਕਲਿਆ ਹੋਇਆ ਸੀ। ਮੇਰੇ ਬਹੁਤ ਵਾਰੀ ਸਮਝਾਉਣ ਤੋਂ ਬਾਦ ਵੀ ਮੈਂ ਉਸ ਨੂੰ ਨਹੀਂ ਮਨਾ ਸਕਿਆ ਕਿ ਇਹੋ ਜਿਹਾ ਹਿੰਮ ਪੁਰਖ ਜੋ ਉਹ ਲੱਭ ਰਹੇ ਹਨ, ਵਾਸਤਵ ਵਿਚ ਕੁਝ ਵੀ ਨਹੀਂ ਹੈ। ਉਹ ਚਾਰ ਮਹੀਨਿਆਂ ਵਿਚ 33000 ਡਾਲਰ (ਤਕਰੀਬਨ ਤਿੰਨ ਲੱਖ ਰੁਪਿਆ) ਖਰਚ ਕੇ ਦਿੱਲੀ ਚਲਾ ਗਿਆ। ਇਹ ਅਮੀਰ ਅਮਰੀਕਨ ਹਿੰਮ ਪੁਰਖ ਦੇ ਨਾਂ

ਤੇ ਇਕ ਫਿਲਮ ਬਣਾਉਣੀ ਚਾਹੁੰਦੇ ਸੀ। ਅੰਤ ਵਿਚ ਉਸਨੇ ਇਕ ਨੇਪਾਲੀ ਸਾਧੂ ਦੇ ਨਾਂ ਤੇ ਹਿੰਮ ਪੁਰਖ ਦੀ ਤਸਵੀਰ ਛਾਪੀ ਵੀ ਸੀ।

ਮੈਂ ਸਿਕਿਮ ਵਿਚ ਇਕ ਪੱਛਮੀ ਇਸਤ੍ਰੀ ਨੂੰ ਮਿਲਿਆ ਜਿਸ ਨੂੰ ਦੋ ਸ਼ੇਰਪਾ ਰਾਹ ਦਿਖਾ ਰਹੇ ਸਨ। ਠੰਢ ਨਾਲ ਉਸ ਦਾ ਸਾਰਾ ਸਰੀਰ ਜੁੜ ਗਿਆ ਸੀ। ਉਸ ਨੇ ਦਸਿਆ ਕਿ ਹਿੰਮ ਪੁਰਖ ਦੇ ਦਰਸ਼ਨ ਹੀ ਉਸਦੇ ਜੀਵਨ ਦਾ ਇਕ ਮਾਤਰ ਉਦੇਸ਼ ਹੈ। ਉਸਨੇ ਦਾਰਜੀਲਿੰਗ ਵਿਚ ਰਹਿ ਕੇ ਤਿੰਨ ਵਾਰੀ ਹਿੰਮ ਪੁਰਖ ਦੇ ਦਰਸ਼ਨ ਕਰਨ ਦੀ ਕੋਸ਼ਿਸ਼ ਕੀਤੀ ਪਰ ਕੋਈ ਸਫਲਤਾ ਪ੍ਰਾਪਤ ਨਾ ਹੋ ਸਕੀ। ਮੈਂ ਬਚਪਨ ਤੋਂ ਹੀ ਹਿਮਾਲੀਆ ਪਰਬਤਾਂ ਵਿਚ ਵਿਚਰਦਾ ਆਇਆ ਹਾਂ ਪਰ ਮੈਨੂੰ ਕਦੇ ਵੀ 'ਸਨੋਮੈਨ' 'ਹਿੰਮ ਪੁਰਖ' ਦੇ ਸ਼ਾਕਸ਼ਾਤ ਦਰਸ਼ਨ ਨਹੀਂ ਹੋਏ। ਇਹ ਜ਼ਰੂਰੀ ਹੈ ਕਿ ਉਸ ਦੇ ਬਾਰੇ ਪਹਾੜੀ ਪਿੰਡਾਂ ਦੇ ਲੋਕਾਂ ਵਿਚ ਅਨੇਕਾਂ ਹੀ ਦੰਦ ਕਥਾਵਾਂ ਮਸ਼ਹੂਰ ਹਨ। ਦਾਦੀਆਂ, ਪੜ-ਦਾਦੀਆਂ ਬੱਚਿਆਂ ਨੂੰ ਇਹ ਕਹਾਣੀਆਂ ਸਦਾ ਹੀ ਸੁਣਾਉਂਦੀਆਂ ਰਹੀਆਂ ਹਨ। 'ਹਿੰਮ ਪੁਰਖ' ਦੀ ਕਹਾਣੀ ਉਨੀਂ ਹੀ ਪੁਰਾਣੀ ਹੈ, ਜਿੰਨੀ ਮਨੁਖ ਦੀ ਕਲਪਨਾ ਸ਼ਕਤੀ। ਬਰਫ ਨਾਲ ਲੱਦੇ ਪਹਾੜਾਂ ਨੂੰ ਦੇਖ ਕੇ ਬੰਦਾ ਚੁੰਧਿਆ ਜਾਂਦਾ ਹੈ। ਉਸ ਵਕਤ ਜੇ ਕਦੇ ਉਚੇ ਪਹਾੜਾਂ ਤੇ ਚਿੱਟਾ ਭਾਲੂ ਨਜ਼ਰ ਆ ਜਾਵੇ ਤਾਂ ਉਸੇ ਨੂੰ ਹੀ ਲੋਕੀ ਹਿੰਮ ਪੁਰਖ ਸਮਝਣ ਲਗ ਪੈਂਦੇ ਹਨ। ਇਹ ਭਾਲੂ ਬਹੁਤ ਉਚੇ ਪਹਾੜਾਂ ਤੇ ਰਹਿੰਦਾ ਹੈ ਤੇ ਜੋ ਲੋਕ ਪਹਾੜਾਂ ਤੇ ਚੜ੍ਹਨ ਆਉਂਦੇ ਹਨ, ਉਨ੍ਹਾਂ ਦਾ ਭੋਜਨ ਚੋਰੀ ਕਰਕੇ ਖਾਂਦਾ ਹੈ। ਬਰਫ ਤੇ ਜਦੋਂ ਵੀ ਇਹ ਭਾਲੂ ਤੁਰਦਾ ਹੈ, ਉਸਦੇ ਪੈਰਾਂ ਦੇ ਨਿਸ਼ਾਨ ਬੰਦੇ ਦੇ ਪੈਰਾਂ ਵਰਗੇ ਹੀ ਲਗਦੇ ਹਨ।

'ਹਿੰਮ ਪੁਰਖ' ਲਈ 'ਯਤੀ' ਸ਼ਬਦ ਅਸਲੋਂ ਹੀ ਦੁਰਵਰਤੋਂ ਲਗਦਾ ਹੈ। ਸੰਸਕ੍ਰਿਤ ਵਿਚ 'ਯਤੀ' ਦਾ ਅਰਥ 'ਸੰਨਿਆਸੀ' ਹੈ ਤੇ ਇਹ ਸ਼ਬਦ ਸ਼ੰਕਰਾਚਾਰੀਯ ਸਾਧੂਆਂ ਦੀ ਜਮਾਤ ਲਈ ਵੀ ਵਰਤਿਆ ਜਾਂਦਾ ਹੈ। 'ਯਤੀ' ਜੀਉਂਦੇ ਜਾਗਦੇ ਮਨੁੱਖਾਂ ਦੀ ਇਕ ਜਮਾਤ, ਇਕ ਪ੍ਰਥਾ ਹੈ, ਨਾ ਕਿ ਕਾਲਪਨਿਕ 'ਹਿੰਮ ਪੁਰਖ'।

ਸੰਸਾਰਿਕ ਮਾਇਆ ਮੰਡਲ ਵਿਚ ਰਹਿੰਦਿਆਂ, ਮਨੁਖ ਅਗਿਆਨਤਾ ਤੇ ਮੋਹ ਵਿਚ ਘਿਰਿਆ ਰਹਿੰਦਾ ਹੈ। ਗਿਆਨ ਦੀ ਪ੍ਰਾਪਤੀ ਤੋਂ ਬਿਨਾਂ ਅਗਿਆਨ ਤੇ ਗਿਆਨ ਦਾ ਭੇਦ ਜਾਣ ਸਕਣਾ ਹੀ ਇਕ ਕਲਪਨਾ ਦਾ ਵਿਸ਼ਾ ਬਣ ਜਾਂਦਾ ਹੈ। ਵਡੇ ਪਦ ਚਿੰਨ੍ਹ, ਇਕ ਮਾਇਆ ਅਥਵਾ ਅਗਿਆਨਤਾ ਦਾ ਹੀ ਪ੍ਰਤੀਕ ਹਨ। ਜਦੋਂ ਉਹ ਬਰਫ ਵਿਚ ਰਹਿਣ ਵਾਲਾ ਭਾਲੂ, ਬਰਫ ਵਿਚ ਤੇਜ਼ ਦੌੜਦਾ ਹੈ, ਉਸਦੇ ਪੈਰਾਂ ਦੇ ਨਿਸ਼ਾਨ ਬਰਫ ਤੇ ਵੱਡੇ ਲਗਣ ਲਗ ਪੈਂਦੇ ਹਨ। ਜਦੋਂ ਮੇਰੇ ਕੋਲ ਵੀ ਪਾਲਤੂ ਭਾਲੂ ਸੀ, ਮੈਂ ਬਰਫ ਤੇ ਉਸ ਦੇ ਪੈਰਾਂ ਦੇ ਨਿਸ਼ਾਨ ਦੇਖ ਕੇ ਹੈਰਾਨ ਹੁੰਦਾ ਸੀ।

ਬੜੇ ਹੀ ਦੁਖ ਦੀ ਗੱਲ ਹੈ, ਦੁਨੀਆਂ ਮਾਇਆ ਜਾਲ ਵਿਚ ਫਸੀ ਹੋਈ ਹਾਲੇ ਵੀ ਵੱਡੇ ਪੈਰਾਂ ਦੇ ਨਿਸ਼ਾਨ ਢੂੰਡ ਰਹੀ ਹੈ। ਮੈਂ ਇਸ ਨੂੰ ਹਿਮਾਲੀਆ ਦੀ ਮਾਟਿਆ ਹੀ ਕਹਿੰਦਾ ਹਾਂ। ਇਥੇ ਜੰਮਿਆਂ ਪਲਿਆ ਹੋਣ ਦੇ ਬਾਵਜੂਦ ਵੀ ਮੈਂ ਉਨ੍ਹਾਂ ਨੂੰ ਕੁਝ ਨਹੀਂ ਕਹਿਣਾ ਚਾਹੁੰਦਾ ਜੋ ਇਸ ਕਲਪਨਾ ਵਿਚ ਵਿਸ਼ਵਾਸ਼ ਰਖਦੇ ਹਨ ਤੇ ਖੋਜਦੇ ਹਨ ਉਸਨੂੰ, ਜੋ ਕਦੇ ਸੀ ਹੀ ਨਹੀਂ। ਵਾਹਿਗੁਰੂ ਉਨ੍ਹਾਂ ਤੇ ਮਿਹਰ ਕਰਨ ਕਿਉਂਜੋ ਇਹ 'ਯਤੀ' ਨਹੀਂ, ਮਾਇਆ ਦੇ ਚਿੰਨ੍ਹ ਹਨ।

*(ਪੰਨਾ 40 ਦੀ ਬਾਕੀ)*

ਜੀ ਦੁਆਰਾ ਪ੍ਰਗਟਾਏ ਅਸੂਲਾਂ ਦਾ ਧਾਰਨੀ, ਅੰਤਰ ਆਤਮਾਂ ਦੇ ਵਿਕਾਸ ਲਈ ਅਭਿਆਸੀ, ਗੁਰਬਾਣੀ ਵਿਚ ਦਰਸਾਏ ਮਾਰਗ ਤੇ ਚਲਣ ਵਾਲਾ, ਮਾਨਵਤਾ ਸਰਬਤ ਜੀਵ ਜੰਤੂ ਦਾ ਸਤਿਗੁਰੂ ਜੀ ਦੇ ਬਚਨਾਂ *'ਦੂਖ ਨ ਦੇਈ ਕਿਸੈ ਜੀਅ ਪਤਿ ਸਿਉ ਘਰਿ ਜਾਵਉ॥' (ਪੰਨਾ - 322), 'ਖਲਕ ਖਾਲਕ ਕੀ ਜਾਨਕੇ ਖਲਕ ਦੁਖਾਵੈ ਨਾਹਿ॥ ਖਲਕ ਦੁਖੈ ਨੰਦ ਲਾਲ ਜੀ ਖਾਲਕ ਕੋਪੇ ਤਾਹਿ॥",* ਦੇ ਅਨੁਸਾਰ ਭਲਾ ਲੋਚਣ ਵਾਲਾ, ਸੰਸਾਰ ਨੂੰ ਪ੍ਰਮੇਸ਼ਰ ਦਾ ਘਰ ਸਮਝ ਕੇ *'ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ॥' (ਪੰਨਾ - 1299), 'ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ॥' (ਪੰਨਾ - 671), 'ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ॥' (ਪੰਨਾ - 1364), 'ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ॥ (ਪੰਨਾ - 755)* ਦੇ ਅਸੂਲ ਤੇ ਚਲਣ ਵਾਲਾ ਬਣ ਸਕਦਾ ਹੈ। ਸੰਤਾਂ, ਸਿੱਖਾਂ ਦੇ ਰੂਪ ਵਿਚ ਕੁਰੀਤੀਆਂ, ਮਨਮਤਾਂ ਕਰਨ ਵਾਲਾ ਨਹੀਂ ਬਣ ਸਕਦਾ। ਸਗੋਂ ਜਥੇਬੰਦੀ ਐਸੇ ਪੁਰਸ਼ਾਂ ਨੂੰ ਵਿਚਾਰਾਂ ਤੇ ਪ੍ਰੇਰਨਾ ਰਾਹੀਂ ਗੁਰੂ ਮਹਾਰਾਜ ਦੇ ਦਰਸਾਏ ਗੁਰਸਿਖੀ ਮਾਰਗ ਤੇ ਸਹੀ ਰੂਪ ਵਿਚ ਚਲਾਉਣ ਲਈ ਯਤਨਸ਼ੀਲ ਹੋਵੇਗੀ।

ਸੰਤ ਸਮਾਜ ਦੇ ਇਹਨਾਂ ਕੰਮਾਂ ਤੇ ਅਸੂਲਾਂ ਨੂੰ ਪੜ੍ਹ ਕੇ ਸੰਗਤਾਂ ਆਪ ਹੀ ਫੈਸਲਾ ਕਰ ਲੈਣ ਕਿ ਇਹ ਸੰਸਥਾ 'ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ' ਪੰਥ ਦੋਖੀ (ਵਿਰੋਧੀ) ਹੈ ਜਾਂ ਅਸਲ ਪੰਥ ਹਿਤੈਸ਼ੀ, ਅਤੇ ਖਾਲਸਾ ਪੰਥ ਦੀ ਅਸਲ ਪ੍ਰਚਾਰਕ ਹੈ। ਸਾਰੇ ਮਹਾਂਪੁਰਸ਼ਾਂ ਦਾ ਇਕ ਲੜੀ ਵਿਚ ਪਰੋਏ ਜਾਣਾ ਠੀਕ ਹੈ ਜਾਂ ਵੱਖੋ-ਵੱਖਰੇ ਰਹਿਣਾਂ?

ਜਥੇਬੰਦੀ ਦੀਆਂ ਮੈਂਬਰ ਸੰਪਰਦਾਵਾਂ, ਸੰਤਾਂ ਮਹਾਂਪੁਰਸ਼ਾਂ ਵਲੋਂ ਦਿਲ ਦੀਆਂ ਡੂੰਘਿਆਈਆਂ ਤੋਂ ਸਿੱਖ ਪੰਥ ਦੀਆਂ ਸਾਰੀਆਂ ਜਥੇਬੰਦੀਆਂ, ਸ਼੍ਰੋਮਣੀ ਕਮੇਟੀ ਸੇਵਾ ਸੁਸਾਇਟੀਆਂ, ਸਿੰਘ ਸਭਾਵਾਂ, ਸਟੱਡੀ ਸਰਕਲਾਂ, ਮਿਸ਼ਨਰੀ ਸੰਸਥਾਵਾਂ ਅਤੇ ਸਮੂਹ ਸਿੱਖ ਸੰਗਤਾਂ ਨੂੰ ਸੰਨਿਮਰ ਬੇਨਤੀ ਹੈ, ਆਉ ਤਨ, ਮਨ, ਧਨ ਕਰਕੇ ਸਹਿਯੋਗ ਦਿਉ ਅਤੇ ਸਾਰੇ ਰਲ ਮਿਲ ਕੇ ਗੁਰਮਤਿ ਪ੍ਰਚਾਰ ਲਈ ਹੰਭਲਾ ਮਾਰੀਏ, ਪਏ ਵਖਰੇਵਿਆਂ ਨੂੰ ਦੂਰ ਕਰੀਏ, 1699 ਦੀ ਵਿਸਾਖੀ ਵਾਲੇ ਦਿਨ ਸਤਿਗੁਰੂ ਜੀ ਦੀ ਬਖਸ਼ੀ ਰਹਿਤ ਮਰਯਾਦਾ ਤੇ ਪਹਿਰਾ ਦੇਈਏ ਅਤੇ ਏਕਤਾ ਦੀ ਲੜੀ ਵਿਚ ਪ੍ਰੋਤੇ ਜਾ ਕੇ ਸਿੱਖ ਕੌਮ ਅਤੇ ਸੰਸਾਰ ਦੇ ਪ੍ਰਾਣੀ ਮਾਤਰ ਨੂੰ ਗੁਰਬਾਣੀ ਉਪਦੇਸ਼ ਦੀ ਠੰਢਕ ਪੁਚਾ ਕੇ, *'ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ॥' (ਪੰਨਾ - 922)* ਬਚਨ ਸੁਣਾ ਕੇ ਨਾਮ ਬਾਣੀ ਦੇ ਅਭਿਆਸ ਵਿਚ ਜੋੜੀਏ। ਜੋ ਨਾਮ ਬਾਣੀ ਦਾ ਰਸੀਆ ਅਤੇ ਰਹਿਤ ਦਾ ਪ੍ਰੇਮੀ ਬਣ ਜਾਵੇਗਾ ਉਹ -

*ਆਤਮ ਰਸ ਜਿਹ ਜਾਨਹੀ ਸੋ ਹੈ ਖਾਲਸ ਦੇਵ॥*
*ਪ੍ਰਭ ਮਹਿ ਮੋ ਮਹਿ ਤਾਸ ਮਹਿ ਰੰਚਕ ਨਾਹਨ ਭੇਵ॥*
*(ਸਰਬ ਲੋਹ ਗ੍ਰੰਥ - ਪੰਨਾ - 10)*

ਦੇ ਪਦ ਨੂੰ ਅਵੱਸ਼ ਪ੍ਰਾਪਤ ਹੋਵੇਗਾ।

*'ਜਿਨ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ॥'*
*(ਪੰਨਾ - 488)*

ਵਾਲਾ ਨਹੀਂ ਹੋਵੇਗਾ।

ਸਾਡਾ ਨਿਸ਼ਾਨਾ ਕਿਸੇ ਦਾ ਵਿਰੋਧ ਕਰਨਾ ਨਹੀਂ, ਸਗੋਂ ਰਲ ਮਿਲ ਬੈਠ ਕੇ, ਆਪਾ ਪੜਚੋਲ ਕਰਕੇ, ਪੰਥਕ ਤੇ ਨਿੱਜੀ ਪੱਧਰ ਤੇ ਸਮੇਂ ਸਮੇਂ ਆਉਂਦੀਆਂ ਕਮਜ਼ੋਰੀਆਂ ਨੂੰ ਦੂਰ ਕਰਨਾ ਹੈ ਤਾਂ ਕਿ ਸਿੱਖ ਪੰਥ ਸਦਾ ਚੜ੍ਹਦੀਆਂ ਕਲਾਂ ਵਿਚ ਰਹੇ। ਮਤਲਬ ਪ੍ਰਸਤੀ ਵਿਚ ਪੈ ਕੇ ਗੁਰੂ ਤੋਂ ਬੇਮੁਖ ਨਾ ਹੋਈਏ, ਗੁਰੂ ਦੇ ਸਨਮੁਖ ਰਹੀਏ। ਨਿਜ ਸਵਾਰਥਾਂ ਤੋਂ ਉਪਰ ਉਠ ਕੇ ਗੁਰੂ ਕੇ ਸਪੁੱਤਰ, ਸਪੁੱਤਰੀਆਂ ਬਣੀਏ।

ਗੁਰੂ ਗ੍ਰੰਥ ਪੰਥ ਦੇ ਚਰਨਾਂ ਦਾ ਸਾਦਕ
ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ

# ਮਾਨਵ ਸਰੀਰ ਦੀ ਸਫਲਤਾ - 2

*ਸੰਤ ਵਰਿਆਮ ਸਿੰਘ ਜੀ*
*ਬਾਨੀ ਤੇ ਮੁਖੀ ਵਿ. ਗੁ. ਰੂ. ਮਿਸ਼ਨ।*

(ਵਿ. ਗ. ਰੂ. ਮਿਸ਼ਨ ਦੇ ਮੁਖੀ ਤੇ ਬਾਨੀ ਮਹਾਂਪੁਰਸ਼ਾਂ ਵਲੋਂ ਮਿਤੀ 11-6-95 ਨੂੰ ਮੁਹਾਲੀ ਵਿਖੇ ਸੰਗਤਾਂ ਪ੍ਰਤੀ ਕੀਤੇ ਗਏ ਪ੍ਰਵਚਨ - ਫਿਲਮ ਨੰ: 521)


*(ਲੜੀ ਜੋੜਨ ਲਈ ਦੇਖੋ, ਅਗਸਤ ਅੰਕ, ਪੰਨਾ - 40)*

ਐਸ ਸਰੀਰ ਨੂੰ ਪ੍ਰਮੇਸ਼ਰ ਨੇ ਬਹੁਤ ਹੀ -

***ਪੁਤਰੀ ਤੇਰੀ ਬਿਧਿ ਕਰਿ ਥਾਟੀ॥***
***ਜਾਨੁ ਸਤਿ ਕਰਿ ਹੋਇਗੀ ਮਾਟੀ॥*** *ਪੰਨਾ - 374*

ਬਹੁਤ ਤਰੀਕੇ ਦੇ ਨਾਲ ਇਹ ਦੇਹੀ ਬਣਾਈ ਹੈ। ਇਹਦਾ ਇਕ-ਇਕ ਅੰਗ ਜਿਹੜੈ, ਉਹ ਲੇਖੇ ਵਿਚ ਪੈਂਦੈ ਤੇ ਬਹੁਤ ਵੱਡੀ ਪ੍ਰਾਪਤੀ ਹੁੰਦੀ ਹੈ - ਇਕੱਲੇ-ਇਕੱਲੇ ਅੰਗ ਤੋਂ। ਜਿਸ ਤਰ੍ਹਾਂ ਦੇ ਨਾਲ ਇਕ seed drill (ਬੀਜਣ ਵਾਲੀ ਮਸ਼ੀਨ) ਹੁੰਦੀ ਐ; ਇਕ ਦੇ ਤਾਂ ਇਕੋ ਹੀ ਫਾਲਾ ਲੱਗਿਆ ਹੋਇਐ, ਖੇਤ ਬਹੁਤ ਵੱਡੈ - ਤੀਹ ਚਾਲੀ ਏਕੜ ਦਾ; ਇਕ ਫਾਲੇ ਨਾਲ ਤਾਂ ਕਿੰਨਾਂ ਹੀ ਟਰੈਕਟਰ ਨਠਾਈਂ ਜਾਵੇ, ਬੀਜ ਹੀ ਨੀਂ ਹੁੰਦੀ। ਇਕ ਨੇ ਬਾਰਾਂ-ਪੰਦਰਾਂ ਨਾਲੀਆਂ ਲਾਈਆਂ ਹੋਈਐਂ, ਉਹ ਥੋੜ੍ਹੇ ਜਿਹੇ ਚਿਰ ਵਿਚ ਹੀ ਬੀਜ ਲੈਂਦੈ; ਆਹੀ ਹਾਲ ਇਹਦੈ। ਇਹਦੇ ਵਿਚ ਪੰਜ ਗਿਆਨ ਇੰਦ੍ਰੇ ਤੇ ਪੰਜ ਕਰਮ ਇੰਦ੍ਰੇ ਪ੍ਰਮੇਸ਼ਰ ਨੇ ਦਿਤੇ ਨੇ। ਜੇ ਮਨ ਸਾਥ ਦੇ ਦੇਵੇ - ਕਿਉਂਕਿ ਜਿਹੜੇ ਇੰਦ੍ਰੇ ਨੇ, ਇਹ ਮਨ ਦੇ ਅਧੀਨ ਨੇ; ਜੇ ਮਨ ਸਾਥ ਦੇ ਦੇਵੇ, ਫੇਰ ਬਹੁਤ ਛੇਤੀਂ ਸਾਡਾ ਕੰਮ ਬਣ ਜਾਂਦੈ -

***ਮਮਾ ਮਨ ਸਿਉ ਕਾਜੁ ਹੈ***
***ਮਨ ਸਾਧੇ ਸਿਧਿ ਹੋਇ॥***
***ਮਨ ਹੀ ਮਨ ਸਿਉ ਕਹੈ ਕਬੀਰਾ***
***ਮਨ ਸਾ ਮਿਲਿਆ ਨ ਕੋਇ॥*** *ਪੰਨਾ - 342*



ਮਨ ਮਨਾਉਣ ਦੀ ਬਾਤ ਹੈ। ਜੇ ਮਨ ਮੰਨ ਜਾਵੇ, ਅੰਦਰ ਵੈਰਾਗ ਆ ਜਾਵੇ, ਸ਼ਰਧਾ ਆ ਜਾਵੇ, ਵਿਚਾਰ ਆ ਜਾਵੇ, ਫੇਰ ਇਹ ਮਨ ਇਨ੍ਹਾਂ ਇੰਦ੍ਰਿਆਂ ਦੇ ਰਾਹੀਂ ਬਹੁਤ ਛੇਤੀ ਆਪਣਾ ਕਾਰਜ ਸਫਲ ਕਰ ਲੈਂਦੈ। ਜੇ ਨਾ ਮਨ ਮੰਨੇ, ਤਾਂ ਫੇਰ ਇਹ ਵੀ ਨੀਂ ਮੰਨਦੇ। ਸੋ ਏਸ ਤਰ੍ਹਾਂ ਦੇ ਨਾਲ ਏਸ ਗੱਲ ਨੂੰ ਸਮਝਣਾ ਪੈਂਦੈ। ਜੇ ਨਹੀਂ ਸਮਝਦਾ, ਮਹਾਰਾਜ ਕਹਿੰਦੇ, ਆ ਤਾਂ ਗਏ ਤੁਸੀਂ ਸੰਸਾਰ 'ਚ, ਮਨੁੱਖ ਦਾ ਜਾਮਾ ਵੀ ਧਾਰ ਲਿਆ ਪਰ ਮਨੁੱਖ ਬਣ ਨਹੀਂ ਸਕੇ -

*ਧਾਰਨਾ - ਆਵਣ ਨੂੰ ਜੱਗ ਵਿਚ ਆ ਗਏ ਨੇ - 2, 2.*
*ਬਿਨ ਬੂਝੇ ਪਸੁ ਢੋਰ, ਆਵਣ ਨੂੰ ਜੱਗ ਵਿਚ ਆ ਗੲੇ ਨੇ,*
*ਆਵਣ ਨੂੰ ਜੱਗ ਵਿਚ......................2*

***ਆਵਨ ਆਏ ਸ੍ਰਿਸਟਿ ਮਹਿ ਬਿਨੁ ਬੂਝੇ ਪਸੁ ਢੋਰ॥***
*ਪੰਨਾ - 251*

ਜੇ ਤਾਂ ਬੁੱਝ ਲਿਆ, ਤਾਂ ਮਨੁੱਖ ਹੈ; ਜੇ ਗੱਲ ਬੁੱਝੀ ਨੀਂ ਹੈ ਤਾਂ ਮਹਾਰਾਜ ਕਹਿੰਦੇ, ਫੇਰ ਪਸ਼ੂ ਐ, ਪਸ਼ੂ ਵੀ ਢੋਰ ਐ ਕਿਉਂਕਿ -

***ਮਾਨੁਖੁ ਬਿਨੁ ਬੂਝੇ ਬਿਰਥਾ ਆਇਆ॥*** *ਪੰਨਾ - 712*

ਉਹਦੇ ਆਉਣ ਦਾ ਕੋਈ ਫਾਇਦਾ ਹੀ ਨੀਂ ਹੈ ਜੇ ਬੁੱਝ ਨੀਂ ਸਕਿਆ ਕਿ ਮੈਂ ਕਿਉਂ ਆਇਆਂ?

***ਅਨਿਕ ਸਾਜ ਸੀਗਾਰ ਬਹੁ ਕਰਤਾ***
***ਜਿਉ ਮਿਰਤਕੁ ਓਢਾਇਆ॥***
***ਧਾਇ ਧਾਇ ਕ੍ਰਿਪਨ ਸ੍ਰਮੁ ਕੀਨੋ***
***ਇਕਤ੍ਰ ਕਰੀ ਹੈ ਮਾਇਆ॥***
***ਦਾਨੁ ਪੁੰਨੁ ਨਹੀ ਸੰਤਨ ਸੇਵਾ***
***ਕਿਤ ਹੀ ਕਾਜਿ ਨ ਆਇਆ॥*** *ਪੰਨਾ - 712*

ਪੈਸੇ ਪਿੱਛੇ ਲੱਗਿਆ ਰਿਹਾ, ਦਿਨ ਰਾਤ; ਨਾ ਦਾਨ ਕਰਿਆ, ਨਾ ਪੁੰਨ ਕਰਿਆ, ਨਾ ਸੰਤਾਂ ਦੀ ਸੇਵਾ ਕਰੀ। ਕਹਿੰਦੇ, ਦੱਸੋ ਉਹਦੇ ਆਉਣ ਦਾ ਕੀ ਫਾਇਦੈ।

***ਸਾਰੋ ਦਿਨਸੁ ਮਜੂਰੀ ਕਰਤਾ***
***ਤੁਹੁ ਮੂਸਲਹਿ ਛਰਾਇਆ॥*** *ਪੰਨਾ - 712*

ਕਹਿੰਦੇ, ਤੁਖ ਨੂੰ ਕੁੱਟਣ ਲੱਗਿਆ ਹੋਇਐ; ਚੌਲ ਕੱਢ ਲਏ, ਜਿਹੜਾ ਬਾਕੀ ਬਚਦੈ - ਛਿਲਕਾ, ਉਹਨੂੰ ਕੁੱਟੀ ਜਾਂਦੈ; ਉਹਦੇ ਵਿਚੋਂ ਨਿਕਲਣੈ ਕੁਛ?

***ਖੇਦ ਭਇਓ ਬੇਗਾਰੀ ਨਿਆਈ***
***ਘਰ ਕੈ ਕਾਮਿ ਨ ਆਇਆ॥*** *ਪੰਨਾ - 712*

ਨਾ ਤਾਂ ਕੋਈ ਕੰਮ ਬਣਿਆ, ਨਾ ਪੈਸਾ ਕਮਾਇਆ; ਥਕੇਵਾਂ ਪੱਲੇ ਪਾ ਕੇ ਹੱਟ ਗਿਆ। ਸੋ ਏਸ ਤਰ੍ਹਾਂ ਦੇ ਨਾਲ ਬੁੱਝਣ ਤੋਂ ਬਗੈਰ ਕਿਸੇ ਕੰਮ ਨੀਂ। ਜੇ ਬੁੱਝ ਜਾਵੇ, ਇਹਦੇ ਸਾਰੇ ਜਿਹੜੇ ਅੰਗ ਨੇ, ਇਹ ਇਹਦੀ ਸਹਾਇਤਾ ਕਰਦੇ ਨੇ।

ਇਕ ਵਾਰੀ ਗੁਰੂ ਨਾਨਕ ਪਾਤਸ਼ਾਹ ਜੰਗਲ ਦੇ ਅੰਦਰ ਬੈਠੇ, ਸ਼ਬਦ ਦਾ ਉਚਾਰਨ ਹੋ ਰਿਹੈ। ਉਸ ਸ਼ਬਦ

ਦੇ ਉਚਾਰਨ ਦੀ ਅਵਾਜ਼ ਦੂਰ-ਦੂਰ ਤਕ ਗਈ। ਦਰਖਤਾਂ ਵਿਚੋਂ ਗਈ, ਦਰਖਤਾਂ ਦਾ ਭਲਾ ਹੋ ਗਿਆ; ਪੱਥਰਾਂ ਨੇ ਸੁਣੀ, ਪੱਥਰਾਂ ਦਾ ਭਲਾ ਹੋ ਗਿਆ। ਉਥੇ ਮਰਦਾਨਾ ਕੀ ਦੇਖਦੈ ਕਿ ਇਕ ਬਘਿਆੜ ਐ, ਜੰਗਲ 'ਚੋਂ ਨਿਕਲਿਆ ਤੇ ਇਕ ਮੁਰਦਾ ਨਦੀ ਦੇ ਕਿਨਾਰੇ ਹੜ੍ਹ ਕੇ ਆ ਕੇ, ਨਦੀ ਦੇ ਕਿਨਾਰੇ ਲੱਗਿਆ ਹੋਇਐ। ਉਹ ਬਘਿਆੜ ਬੜੇ ਚਾਉ ਨਾਲ ਅੱਗੇ ਵਧਿਆ, ਮੁਰਦੇ ਦੇ ਕੋਲ ਗਿਆ ਤੇ ਉਸਨੇ ਸੁੰਘਿਆ, ਪਿੱਛੇ ਹੱਟ ਗਿਆ। ਲੱਕਾ ਨਾਲ ਲੱਗਿਆ ਹੋਇਆ ਸੀ, ਫੇਰ ਹਿੰਮਤ ਕਰਕੇ ਅੱਗੇ ਵਧਿਆ। ਓਸ ਵੇਲੇ ਮੱਥਾ ਸੁੰਘਿਆ, ਹੱਥ ਸੁੰਘੇ, ਸਰੀਰ ਸੁੰਘਿਆ, ਚਰਨ ਸੁੰਘੇ, ਫੇਰ ਸਿਰ ਮਾਰਨ ਲੱਗ ਗਿਆ। ਮਰਦਾਨੇ ਨੇ ਮਹਾਰਾਜ ਜੀ ਦੀ ਸੇਵਾ 'ਚ ਬੇਨਤੀ ਕਰੀ, ਕਹਿੰਦਾ, "ਪਾਤਸ਼ਾਹ! ਆਹ ਕੌਤਕ ਮੇਰੇ ਸਮਝ 'ਚ ਨੀਂ ਆਇਆ। ਭੁੱਖਾ ਬਘਿਆੜ ਆਇਐ, ਸਾਮ੍ਹਣੇ ਬੰਦਾ ਪਿਐ - ਮਰਿਆ ਹੋਇਆ। ਇਸ ਨੇ ਖਾਧਾ ਕਿਉਂ ਨੀਂ ਹੈ?" ਮਹਾਰਾਜ ਕਹਿੰਦੇ, "ਮਰਦਾਨਿਆਂ! ਏਸ ਤੋਂ ਹੀ ਪੁੱਛ ਲੈ?"

ਬਲ ਦੇ ਦਿਤਾ ਮਹਾਰਾਜ ਜੀ ਨੇ। ਕਿਉਂਕਿ ਇਹ ਗੱਲਾਂ ਜਿਹੜੀਆਂ ਨੇ, ਇਹ ਅਧਿਆਤਮਵਾਦ ਦੀਆਂ ਨੇ; ਇਹ ਸੰਸਾਰ ਦੀ ਸਮਝ ਤੋਂ ਉਪਰ ਨੇ। ਆਦਮੀ ਦੇ ਅੰਦਰ ਇਕ ਐਸੀ ਅਵਸਥਾ ਹੈ, ਇਕ ਐਸਾ ਥਾਂ ਹੈ - ਦਸਵੇਂ ਦੁਆਰ ਦੇ ਨੇੜੇ, ਜਿਥੇ ਸਰਬ ਵਿਦਿਆ ਦਾ ਗਿਆਨ ਰਹਿੰਦੈ; ਜਾਨਵਰਾਂ ਦੀ ਬੋਲੀ, ਪਸ਼ੂ ਪੰਛੀਆਂ ਦੀ ਬੋਲੀ, ਹਰੇਕ ਦੀ ਬੋਲੀ ਸਮਝ ਸਕਦੈ। ਪਹਿਲੇ ਜ਼ਮਾਨਿਆਂ 'ਚ ਬੰਦਗੀ ਕਰਨ ਵਾਲੇ ਲੋਕ ਹੁੰਦੇ ਸੀ, telepathy ਨਾਲ ਸਾਰਿਆਂ ਦੀ ਬੋਲੀ ਸਮਝ ਜਾਂਦੇ ਸੀ। ਅੰਦਰ ਹੀ ਭਾਵ ਆਈ ਜਾਣੇ, ਅੰਦਰ ਹੀ ਜਾਈ ਜਾਣੇ; convey ਕਰ ਲੈਂਦੇ ਸੀ - ਇਕ ਦੂਏ ਨਾਲ। ਤੇ ਜਿਉਂ-ਜਿਉਂ ਆਦਮੀ ਦਾ ਮਨ ਖਿੰਡਿਐ, ਏਸ ਵਿਦਿਆ ਤੋਂ ਦੂਰ ਹੋਣ ਕਰਕੇ ਹੁਣ ਤਾਂ ਇਹਨੂੰ ਆਪਣੇ ਆਪ ਦਾ ਹੀ ਨਹੀਂ ਪਤਾ ਲਗਦਾ।

ਸੋ ਮਹਾਰਾਜ ਨੇ ਕ੍ਰਿਪਾ ਕਰ ਦਿਤੀ। ਮਰਦਾਨਾ ਪੁੱਛਦੈ ਤੇ ਉਹ ਜਵਾਬ ਦਿੰਦੇ ਕਿ ਭਾਈ ਮਰਦਾਨਾ! ਗੁਰੂ ਨਾਨਕ ਪਾਤਸ਼ਾਹ ਦਾ ਸ਼ਬਦ ਸੁਣ ਕੇ ਮੇਰੇ ਅੰਦਰ ਗਿਆਨ ਹੋ ਗਿਆ, ਪ੍ਰਕਾਸ਼ ਹੋ ਗਿਆ ਤੇ ਮੈਨੂੰ ਪਤਾ ਲਗ ਗਿਆ ਕਿ ਮੈਂ ਕਿਹੜਾ ਕੰਮ ਕਰਿਐ, ਜਿਹਦੇ ਕਰਕੇ ਮੈਨੂੰ ਇਹ ਨਖਿੱਧ ਜੂਨੀ ਪ੍ਰਾਪਤ ਹੋਈ ਹੈ। ਕਿਉਂਕਿ ਮੇਰੀ ਨਖਿੱਧ ਜੂਨੀ ਐ - ਪਸ਼ੂ ਜੂਨੀ। ਕੰਮ ਮੇਰਾ ਮਾਸ ਖਾਣੈ, ਭੁੱਖ ਮੈਨੂੰ ਲਗੀ ਹੋਈ ਸੀ ਤੇ ਮੈਂ ਆਇਆ; ਪਹਿਲਾਂ ਮੈਂ ਸਹਿਜ ਨਾਲ ਹੀ ਸੁੰਘਿਆ ਤੇ ਮੈਨੂੰ ਪਤਾ ਲੱਗਿਆ ਕਿ ਇਹ ਤਾਂ ਮਨਮੁਖ ਬੰਦੈ, ਬੇਮੁੱਖ ਬੰਦੈ, ਨਾਸਤਕ ਹੈ; ਇਹਦਾ ਸਰੀਰ ਮਹਾਂ ਅਪਵਿੱਤਰ ਹੈ। ਦੁਬਾਰਾ ਮੈਂ ਆਇਆ ਕਿ ਇਸਦਾ ਮਸਤਕ ਸ਼ਾਇਦ ਕਿਸੇ ਮਹਾਂਪੁਰਸ਼ਾਂ ਦੇ ਅੱਗੇ ਨਿਵ ਗਿਆ ਹੋਵੇ, ਕਦੇ ਨੇਤਰਾਂ ਦੇ ਨਾਲ ਕਿਸੇ ਮਹਾਂਪੁਰਸ਼ ਦੇ ਦਰਸ਼ਨ ਕੀਤੇ ਹੋਣ, ਕਦੇ ਰਸਨਾ ਦੇ ਨਾਲ 'ਜੀ' ਕਿਹਾ ਹੋਵੇ - ਕਿਸੇ ਮਹਾਂਪੁਰਸ਼ ਨੂੰ, ਆਦਰ ਨਾਲ ਬਿਠਾਇਆ ਹੋਵੇ, ਹੱਥਾਂ ਨਾਲ ਸੇਵਾ ਕਰੀ ਹੋਵੇ, ਕਦੇ ਪੈਰਾਂ ਨਾਲ ਚਲ ਕੇ ਸਤਿਸੰਗ 'ਚ ਗਿਆ ਹੋਵੇ; ਭਾਈ ਮਰਦਾਨਾ! ਮੈਂ ਹੈਰਾਨ ਹੋ ਗਿਆ ਕਿ ਐਸਾ ਬੰਦਾ ਜਿਹਨੇ ਭੁੱਲਕੇ ਵੀ ਨੇਕ ਕੰਮ ਨੀਂ ਕਰੇ, ਸਾਰਾ ਬੁਰਿਆਈ ਨਾਲ ਭਰਿਆ ਪਿਐ, ਰੋਮ-ਰੋਮ ਭਰਿਆ ਪਿਐ, ਗੰਦਾ ਹੋਇਆ ਪਿਐ; ਭਾਈ ਮਰਦਾਨਾ! ਗੁਰੂ ਦੇ ਬਖਸ਼ੇ ਹੋਏ ਗਿਆਨ ਦੇ ਅੰਦਰ ਮੈਂ ਸੋਚਿਆ ਕਿ ਅੱਗੇ ਹੀ ਮੇਰੀ ਨਖਿੱਧ ਜੂਨੀ ਐਂ; ਜੇ ਐਸੇ ਮਾੜੇ ਆਦਮੀ ਦਾ ਮਾਸ ਖਾ ਲਿਆ, ਪਤਾ ਨਹੀਂ ਮੇਰੀ ਬੁੱਧੀ ਨੂੰ ਕੀ ਹੋ ਜਾਵੇ, ਕਿਹੜਾ-ਕਿਹੜਾ ਪਾਪ ਮੈਨੂੰ ਹੋਰ ਲੱਗ ਜਾਏਗਾ। ਇਹ ਤਾਂ ਮਨਮੁੱਖ ਬੰਦਾ ਹੈ -

*ਬਿਨੁ ਗੁਰ ਮੂੜ ਭਏ ਹੈ ਮਨਮੁਖ*
*ਤੇ ਮੋਹ ਮਾਇਆ ਨਿਤ ਫਾਥਾ॥*
*ਤਿਨ ਸਾਧੂ ਚਰਣ ਨ ਸੇਵੇ ਕਬਹੂ*
*ਤਿਨ ਸਭੁ ਜਨਮੁ ਅਕਾਥਾ॥* **ਪੰਨਾ - 696**

*ਨਾਮੁ ਨ ਚੇਤਹਿ ਸਬਦੁ ਨ ਵੀਚਾਰਹਿ॥*
*ਇਹੁ ਮਨਮੁਖ ਕਾ ਬੀਚਾਰ॥*
*ਹਰਿ ਨਾਮੁ ਨ ਭਾਇਆ ਬਿਰਥਾ ਜਨਮੁ ਗਵਾਇਆ*
*ਨਾਨਕ ਜਮੁ ਮਾਰਿ ਕਰੇ ਖੁਆਰ॥* **ਪੰਨਾ - 852**

ਇਹ ਮਨਮੁਖਾਂ ਦਾ ਹਾਲ ਹੋਇਆ ਕਰਦੈ। ਕਿਸੇ ਮਹਾਂਪੁਰਸ਼ ਦੇ ਦਰਸ਼ਨ ਤਾਂ ਕੀ ਕਰਨੇ ਨੇ, ਸਗੋਂ ਲਾਗ ਬਾਜ਼ੀ ਕਰਦੇ ਨੇ, ਦੁੱਖੀ ਕਰਦੇ ਨੇ। ਕਿਉਂਕਿ ਉਨ੍ਹਾਂ ਦਾ ਸੁਭਾਅ ਹੁੰਦੈ -

*ਸੰਤਾ ਨਾਲਿ ਵੈਰੁ ਕਮਾਵਦੇ................॥* **ਪੰਨਾ - 649**

ਸੰਤਾਂ ਨਾਲ ਵੈਰ ਕਮਾਉਣਾ, ਤੇ ਮਨਮੁੱਖਾਂ ਦੇ ਨਾਲ ਪਿਆਰ ਕਰਨਾ। ਸੋ ਇਹ ਆਚਾਰ ਹੈ - ਉਨ੍ਹਾਂ ਦਾ-

*ਜਿਨਾ ਸਤਿਗੁਰੁ ਪੁਰਖੁ ਨ ਸੇਵਿਓ ਸ*
*ਬਦਿ ਨ ਕੀਤੋ ਵੀਚਾਰੁ॥* **ਪੰਨਾ - 1418**

ਦੇਖਣ ਨੂੰ ਤਾਂ ਮਹਾਰਾਜ ਕਹਿੰਦੇ ਮਨੁਖ ਹੁੰਦੈ, ਪਰ ਉਹਦਾ ਜਿਹੜਾ level ਹੈ - ਅੰਦਰਲੀ ਸੋਝੀ ਦਾ, ਉਹ -

*ਓਇ ਮਾਣਸ ਜੂਨਿ ਨ ਆਖੀਅਨਿ*
*ਪਸੂ ਢੋਰ ਗਾਵਾਰ॥*
*ਓਨਾ ਅੰਤਰਿ ਗਿਆਨੁ ਨ ਧਿਆਨੁ ਹੈ*
*ਹਰਿ ਸਉ ਪ੍ਰੀਤਿ ਨ ਪਿਆਰੁ॥*
*ਮਨਮੁਖ ਮੁਏ ਵਿਕਾਰ ਮਹਿ*
*ਮਰਿ ਜੰਮਹਿ ਵਾਰੋ ਵਾਰ॥* **ਪੰਨਾ - 1418**

ਸੋ ਏਸ ਤਰ੍ਹਾਂ ਭਾਈ ਮਰਦਾਨਾ! ਮੈਂ ਏਸ ਦੋਸ਼ ਕਰਕੇ ਇਹਦਾ ਮਾਸ ਨੀਂ ਖਾਧਾ।

ਅੱਗੇ ਵਿਚਾਰ ਕਰੀਏ ਕਿ ਸਾਨੂੰ ਬਹੁਤ ਮੁਸ਼ਕਲ ਦੇ ਨਾਲ ਇਹ ਦੇਹ ਪ੍ਰਾਪਤ ਹੋਈ ਐ। ਇਸਨੂੰ ਕਿਉਂ ਬਾਰ-ਬਾਰ, ਬਾਰ-ਬਾਰ Importance (ਮਹੱਤਤਾ) ਦੇਈ ਜਾਂਦੇ ਨੇ - ਇਹਦੀ ਵਿਚਾਰ ਸਾਨੂੰ ਕਰਨੀ ਚਾਹੀਦੀ ਐ। ਮਹਾਰਾਜ ਕਹਿੰਦੇ, ਤੂੰ ਬਹੁਤ ਸਮਾਂ ਗਵਾ ਲਿਆ ਤੇ ਐਨੇ ਸਮੇਂ ਦੇ ਘੁੰਮਣ ਦੇ ਨਾਲ, ਬੜੀਆਂ ਜੂਨਾਂ ਦੇ ਵਿਚ ਜਾਣ ਦੇ ਨਾਲ ਤੈਨੂੰ ਇਹ ਦੇਹ ਪ੍ਰਾਪਤ ਹੋਈ ਐ। ਏਸ ਗੱਲ ਨੂੰ ਤੂੰ ਆਪਣੇ ਅੰਦਰ ਵਸਾ ਲੈ-

ਧਾਰਨਾ - *ਬਹੁਤੇ ਜੁਗ ਫਿਰਦੇ ਫਿਰਦੇ ਨੂੰ -2, 2*
*ਤੈਨੂੰ ਮਾਨਸ ਦੇਹੀ ਮਿਲ ਗਈ,*
*ਬਹੁਤੇ ਜੁਗ ਫਿਰਦੇ ਫਿਰਦੇ ਨੂੰ -2, 2*

*ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ॥*
*ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ॥*
**ਪੰਨਾ - 631**

ਕਿਸ ਕੰਮ ਨੂੰ ਤੂੰ ਕਰਨ ਵਾਸਤੇ ਆਇਐਂ - ਸੰਸਾਰ 'ਚ? ਮਹਾਰਾਜ ਕਹਿੰਦੇ -

*ਭਈ ਪਰਾਪਤਿ ਮਾਨੁਖ ਦੇਹੁਰੀਆ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥* **ਪੰਨਾ - 12**

ਕਰੋੜਾਂ ਸਾਲਾਂ ਤੋਂ ਬਾਦ ਤੈਨੂੰ ਮਨੁੱਖ ਦਾ ਜਾਮਾ ਮਿਲਿਐ। ਮਿਲਿਆ ਏਸ ਕਰਕੇ ਹੈ ਕਿ ਤੈਂ ਪ੍ਰਮੇਸ਼ਰ ਨੂੰ ਮਿਲਣੈ, ਤੈਂ ਕਦਮ ਪੁਟਿਐ ਏਸ ਪਾਸੇ ਕਿ ਨਹੀਂ ਪੁੱਟਿਆ। ਇਹ ਆਪੇ ਹੀ ਦੇਖਣਾ ਚਾਹੀਦੈ। ਪ੍ਰਮੇਸ਼ਰ ਹੈ ਕਿਥੇ, ਜਿਹਨੂੰ ਮਿਲਣੈ? ਮਹਾਰਾਜ ਕਹਿੰਦੇ, ਤੇਰੇ ਅੰਦਰ ਹੈ ਪ੍ਰਮੇਸ਼ਰ–

**ਕਾਇਆ ਨਗਰੁ ਨਗਰ ਗੜ ਅੰਦਰਿ॥**
**ਸਾਚਾ ਵਾਸਾ ਪੁਰਿ ਗਗਨੰਦਰਿ॥**
**ਅਸਥਿਰੁ ਥਾਨੁ ਸਦਾ ਨਿਰਮਾਇਲੁ ਆਪੇ ਆਪੁ ਉਪਾਇਦਾ॥**
**ਅੰਦਰਿ ਕੋਟ ਛਜੇ ਹਟਨਾਲੇ॥**
**ਆਪੇ ਲੇਵੈ ਵਸਤੁ ਸਮਾਲੇ॥**
**ਬਜਰ ਕਪਾਟ ਜੜੇ ਜੜਿ ਜਾਣੈ ਗੁਰ ਸਬਦੀ ਖੋਲਾਇਦਾ॥**
**ਭੀਤਰਿ ਕੋਟ ਗੁਫਾ ਘਰ ਜਾਈ॥**
**ਨਉ ਘਰ ਥਾਪੇ ਹੁਕਮਿ ਰਜਾਈ॥**
**ਦਸਵੈ ਪੁਰਖੁ ਅਲੇਖੁ ਅਪਾਰੀ ਆਪੇ ਅਲਖੁ ਲਖਾਇਦਾ॥**
**ਪੰਨਾ - 1033**

ਤੇਰੇ ਅੰਦਰ ਵਾਹਿਗੁਰੂ ਜੀ ਦਾ ਵਾਸਾ ਹੈ। ਪਰ ਤੈਨੂੰ ਏਸ ਗੱਲ ਦਾ ਗਿਆਨ ਨੀਂ ਹੈ ਕਿ ਐਨੀ ਉਤਮ ਦੇਹੀ ਮੈਨੂੰ ਪ੍ਰਾਪਤ ਹੋ ਗਈ, ਜਿਹਦੇ ਅੰਦਰ ਵਾਹਿਗੁਰੂ ਵਸਦੈ। ਐਸ ਤਰ੍ਹਾਂ ਫ਼ੁਰਮਾਨ ਕਰਦੇ ਨੇ -

*ਧਾਰਨਾ - ਨਉ ਦਰਵਾਜੇ ਕਾਇਆ ਕੋਟੁ ਹੈ*
*ਦਸਵੈ ਗੁਪਤੁ ਰਖੀਜੈ॥*
*ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ॥*
*ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ॥*
*ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ॥*
*ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ॥*
*ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ॥ ਪੰਨਾ - 954*

ਦੇਵਤਾ ਲੋਕ ਏਸ ਦੇਹੀ ਨੂੰ ਕਿਉਂ ਲੋਚਦੇ ਨੇ? ਹਾਲਾਂਕਿ ਉਹਨਾਂ ਦੇ ਕੋਲ ਸਾਡੇ ਨਾਲੋਂ ਅਰਬਾਂ ਤੇ ਖਰਬਾਂ ਗੁਣਾਂ ਜ਼ਿਆਦਾ ਸੁਖ ਹੈ, ਫੇਰ ਮਨੁੱਖ ਦੇਹੀ ਨੂੰ ਕਿਉਂ ਲੋਚਦੇ ਨੇ? ਕਾਰਨ ਇਹ ਹੈ ਕਿ ਉਹ ਪ੍ਰਮੇਸ਼ਰ ਨੂੰ ਦੇਖ ਨੀਂ ਸਕਦੇ; ਮਨੁੱਖ ਦੇਖ ਸਕਦੈ। ਇਹਨੂੰ ਐਸੀ ਅੱਖ ਦਿਤੀ ਹੈ ਕਿ ਪ੍ਰਮੇਸ਼ਰ ਨੂੰ ਦੇਖ ਸਕਦੈ। ਦੇਵਤਿਆਂ ਕੋਲ ਉਹ ਅੱਖ ਨੀਂ ਹੈ; ਗਿਆਨ ਬੜਾ ਹੈ - ਉਹਨਾਂ ਕੋਲ, ਸ਼ਕਤੀਆਂ ਬੜੀਆਂ ਨੇ ਏਸ ਕਰਕੇ, ਮਹਾਰਾਜ ਨੇ ਦੱਸਿਐ ਕਿ ਹੈ ਤਾਂ ਉਹ ਬਹੁਤ ਵੱਡੇ, ਸੰਸਾਰ ਦਾ ਆਦਿ ਨੇ -

***ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ॥***
***ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ॥***
***ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ॥***
***ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ॥***
***ਪੰਨਾ - 7***

ਅਸਚਰਜ ਬਾਤ ਇਹ ਹੈ ਕਿ ਦੇਵਤਿਆਂ ਨੂੰ ਪ੍ਰਮੇਸ਼ਰ ਨਜ਼ਰ ਨੀਂ ਆ ਰਿਹਾ। ਉਹ ਨਜ਼ਰ ਕੇਵਲ ਮਨੁੱਖ ਨੂੰ ਆ ਸਕਦੈ, ਹੋਰ ਕਿਸੇ ਨੂੰ ਆਉਂਦਾ ਨੀ। ਉਹ, ਜਿਵੇਂ ਤੁਸੀਂ ਤੇ ਮੈਂ ਬੈਠੇ ਹਾਂ, ਐਸ ਤਰ੍ਹਾਂ ਨਾਲ ਮਨੁੱਖ ਦੇਖ ਸਕਦੈ, ਹਰ ਥਾਂ ਤੇ ਦੇਖ ਸਕਦੈ। ਐਸਾ ਫ਼ੁਰਮਾਨ ਐ -

*ਧਾਰਨਾ - ਗੁਰਾਂ ਨੇ ਮੇਰੇ ਓ, ਨੈਣ ਖੋਲ੍ਹ 'ਤੇ - 2, 2.*
*ਮੈਨੂੰ ਸਾਰੀਆਂ ਘਟਾਂ ਦੇ ਵਿਚ ਦਿਸਿਆ - 2, 2.*
*ਮੈਨੂੰ ਸਾਰੀਆਂ ਘਟਾਂ ਦੇ ਵਿਚ ਤੂਹੀਓਂ ਦਿਸਿਆ,*
*ਨੈਣ ਖੋਲ੍ਹ 'ਤੇ,*

*ਗੁਰਾਂ ਨੇ ਮੇਰੇ ਓ........................2*
**ਗੁਰਹਿ ਦਿਖਾਇਓ ਲੋਇਨਾ॥** **ਪੰਨਾ - 407**

ਵਿਚਾਰਨ ਵਾਲੀ ਬਾਤ ਐ -

**ਈਤਹਿ ਊਤਹਿ ਘਟਿ ਘਟਿ ਘਟਿ ਘਟਿ॥**
**ਤੂੰਹੀ ਤੂੰਹੀ ਮੋਹਿਨਾ॥** **ਪੰਨਾ - 407**

ਅੱਖ ਤਾਂ ਪਹਿਲਾਂ ਵੀ ਸਾਡੀ ਸੀਗੀ, ਤੇ ਡਾਕਟਰ ਕਹਿੰਦੈ ਕਿ ਤੂੰ ਅੱਛੀ ਤਰ੍ਹਾਂ ਦੇਖਦੈਂ, ਤੇਰੀ ਜਿਹੜੀ ਨਿਗਾਹ ਹੈ, sight ਹੈ, ਇਹ ਬਿਲਕੁਲ ਸਹੀ ਹੈ, ਇਹਦੇ ਵਿਚ ਕੋਈ ਨੁਕਸ ਨੀਂ ਹੈ - ਨਾ ਕੋਈ ਮੋਤੀਆ ਬਿੰਦ ਹੈ; ਪਿਛੋਂ ਨਾਲੀ ਆਉਂਦੀ ਹੈ - ਨਾ ਉਹਦੇ ਵਿਚ ਕੋਈ ਕਸੂਰ ਹੈ, ਪੂਰੀ ਜੋਤੀ ਐ, ਤੂੰ ਸਹੀ ਦੇਖਦੈਂ। ਲੇਕਿਨ ਗੁਰੂ ਮਹਾਰਾਜ ਕਹਿੰਦੇ ਕਿ ਨਹੀਂ, ਇਹ ਅੱਖ ਤਾਂ ਹੈ ਸੀ, ਮੈਨੂੰ ਗੁਰੂ ਨੇ ਇਕ ਹੋਰ ਅੱਖ ਦਿਖਾ ਦਿਤੀ -

***ਨਾਨਕ ਸੇ ਅਖੜੀਆ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ॥***
***ਜਿਨਿ ਜਨਿ ਗੁਰਮੁਖਿ ਸੇਵਿਆ ਤਿਨਿ ਸਭਿ ਸੁਖ ਪਾਈ॥***
***ਪੰਨਾ - 1100***

ਭਜਨ ਬੰਦਗੀ ਕਰਨ ਵਾਲਿਆਂ ਨੂੰ ਪੁਛੋ ਕਿ ਹੈ ਇਹ ਅੱਖ? ਉਹ ਕਹਿੰਦੇ, ਅਸੀਂ ਤੁਹਾਡੇ ਵਾਂਗਣ ਤਾਂ ਨੀਂ ਕਹਿੰਦੇ, ਪਰ ਇਕ ਗੱਲ ਦੱਸ ਦਿੰਨੇ ਆਂ ਕਿ ਇਕ ਤੀਸਰਾ ਤਿਲ ਹੈ, ਜਿਹਨੂੰ ਅੱਖ ਹੀ ਕਹਿ ਲਓ। ਉਹ ਗੁਪਤ ਹੈ, ਉਹ ਦਿਬ ਅੱਖ ਹੈ; ਦਿਬ ਨਜ਼ਾਰੇ ਜਿਹੜੇ ਦਿਖਦੇ ਨੀਂ ਹੈ, ਉਹ ਉਹਦੇ ਨਾਲ ਦਿਸਦੇ ਨੇ। ਜੇ ਦਿਬ ਅੱਖ ਖੁਲ੍ਹ ਜਾਵੇ, ਉਹਦੇ ਨਾਲ ਪ੍ਰਮੇਸ਼ਰ ਵੀ ਦਿਸ ਰਿਹੈ - ਐਸੀ ਤੇਜ਼ ਅੱਖ ਹੈ, ਆਦਮੀ ਦੇ ਅੰਦਰ ਲਾਈ ਹੋਈ। ਦੂਜਿਆਂ ਨੂੰ ਪੁੱਛਿਆ ਕਿ ਤੁਸੀਂ ਵੀ ਦੱਸੋ ਭਾਈ, ਤੁਸੀਂ ਵੀ ਏਸ ਗੱਲ ਦੀ ਗਵਾਹੀ ਦਿੰਨੇ ਓਂ? ਉਹ ਕਹਿੰਦੇ, ਹਾਂ। ਕਹਿੰਦੇ, ਤੁਸੀਂ ਕੀ ਕਹਿਨੇ ਓਂ - ਉਹਨੂੰ? ਕਹਿੰਦੇ, ਅਸੀਂ ਸ਼ਿਵ ਨੇਤਰ ਕਹਿਨੇ ਆਂ - ਤੀਸਰਾ ਤਿਲ ਹੈ। ਇਸਲਾਮ ਵਾਲਿਆਂ ਨੂੰ ਪੁੱਛਿਆ, ਉਹ ਕਹਿੰਦੇ, ਠੀਕ ਹੈ ਬਿਲਕੁਲ। ਉਹ ਆਦਮੀ ਦੇ ਅੰਦਰ ਹੈ ਪਰ ਹੈ ਕਿਥੇ ਕੁ? ਉਹ, ਤਾਂ ਪਤਾ ਲਗਦੈ ਜੇ ਅਸੀਂ ਖੋਜ ਕਰੀਏ। ਕਿਸੇ ਨੂੰ ਸ਼ੌਕ ਹੋਵੇ, ਉਹਦਾ ਪਤਾ ਲਗ ਜਾਂਦੈ ਕਿ ਐਥੇ ਕੁ ਹੈ। ਕਿਉਂਕਿ ਇਹ ਜਿਹੜੇ ਪੰਜ ਗਿਆਨ ਇੰਦ੍ਰੇ ਨੇ, ਇਹ ਬਾਹਰ ਨੂੰ ਖੁਲ੍ਹਦੇ ਨੇ, ਤੇ ਅੰਦਰਲੇ ਬੰਦ ਪਏ ਨੇ ਕਿਉਂਕਿ ਅੰਦਰ ਇਹ ਕਦੇ ਖੋਲ੍ਹਦਾ ਹੀ ਨੀਂ, ਬਾਹਰ ਹੀ ਝਾਕੀ ਜਾਂਦੈ -

***ਅੱਖੀਂ ਵੇਖ ਨ ਰੱਜੀਆ ਬਹੁ ਰੰਗ ਤਮਾਸੇ॥***
***ਭਾਈ ਗੁਰਦਾਸ ਜੀ, ਵਾਰ - 27/9***

ਨਾ ਕੰਨ ਰੱਜੇ ਨੇ - ਰੋਵਣ ਤੇ ਹਾਸੇ ਸੁਣ ਕੇ, ਨਾ ਰਸਨਾ ਰੱਜੀ ਐ- ਸੁਆਦ ਲੈ ਲੈ ਕੇ, ਨਾ ਨੱਕ ਰੱਜਿਐ - ਵਾਸ਼ਨਾ ਲੈ ਲੈ ਕੇ, ਕਿਉਂਕਿ ਬਾਹਰ ਨੂੰ ਚਲਦੈ ਇਹ - ਸਾਰੀ ਜ਼ਿੰਦਗੀ ਬਾਹਰ, ਸਾਰੀ ਜ਼ਿੰਦਗੀ ਬਾਹਰ; ਅੰਦਰ ਤਾਂ ਇਹ ਜਾਂਦਾ ਹੀ ਨੀਂ। ਕਹਿੰਦਾ, ਮੈਂ ਪੰਜ ਬਾਣੀਆਂ ਪੜ੍ਹਦਾਂ। ਪੰਜ ਬਾਣੀਆਂ ਤੂੰ ਪੜ੍ਹ ਲੈਨੈ, ਪੜ੍ਹਨਾ ਹੋਰ ਚੀਜ਼ ਐ, ਅੰਦਰ ਜਾਣਾ ਹੋਰ ਚੀਜ਼ ਐ। ਮੰਤਰ ਦੇ ਬਲ ਤੋਂ ਬਗੈਰ ਨੀਂ ਜਾ ਸਕਦਾ। ਐਥੇ ਹੀ ਰੁਕੇ ਪਏ ਨੇ। ਮੈਂ ਤਾਂ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਦਾਂ, ਐਨੇ ਪੱਤਰੇ ਰੋਜ਼ ਕਰਦਾਂ; ਉਹ ਕਰਦਾ ਤਾਂ ਹੈਂ, ਉਹਦਾ ਫਲ ਆਪਣੇ ਥਾਂ ਦੇ ਉਤੇ ਹੈ। ਜਿਥੇ ਤੈਨੂੰ ਬੇਨਤੀ ਕਰਕੇ ਲਿਜਾਣਾ ਚਾਹੁੰਦੇ ਆਂ, ਉਹ ਗੱਲ ਹੋਰ ਐ; ਜਿੰਨੀ ਦੇਰ ਤਕ ਤੇਰੀ ਸੁਰਤ ਅੰਦਰ ਨੀਂ ਜਾਏਗੀ, ਬਾਹਰ ਹੀ ਫਿਰਦਾ ਰਹੇਂਗਾ -

***ਨਉ ਘਰ ਦੇਖਿ ਜੁ ਕਾਮਨਿ ਭੂਲੀ***
***ਬਸਤੁ ਅਨੂਪ ਨ ਪਾਈ॥*** ***ਪੰਨਾ - 339***

ਤੈਨੂੰ ਉਹਦੀ ਪ੍ਰਾਪਤੀ ਨੀਂ ਹੋਣੀ। ਅੱਖ ਖੁਲ੍ਹਣੀ ਨੀਂ; ਅੱਖ ਨੀਂ ਖੁਲ੍ਹਣੀ, ਕੁਛ ਪਤਾ ਨੀਂ ਲੱਗਣਾ; ਪੜ੍ਹ-ਪੜ੍ਹ ਕੇ ਤੂੰ ਗੱਲਾਂ ਕਰੇਂਗਾ। ਅੱਖ ਖੁਲ੍ਹੀ ਨੀਂ, ਨਾ ਤੂੰ ਇਹਦਾ ਕੋਈ ਜਤਨ ਕਰਦੈਂ, ਨਾ ਤੇਰੇ ਮਨ ਦਾ ਸ਼ੌਕ ਐ। ਹੱਦ ਤੋਂ ਜ਼ਿਆਦੇ ਅਨੂਪ, ਜਿਹਦੀ ਉਪਮਾ ਨਾ ਕੀਤੀ ਜਾਵੇ, ਉਹ ਤੇਰੇ ਅੰਦਰ ਚੀਜ਼ ਪਈ ਐ। ਉਹ ਕੀ ਐ? ਪਹਿਲਾਂ ਤਾਂ ਆਤਮਾ ਹੈ - ਆਪਣਾ ਹੀ ਸਰੂਪ ਹੈ। ਫੇਰ -

***ਆਤਮਾ ਪਰਾਤਮਾ ਏਕੋ ਕਰੈ॥*** ***ਪੰਨਾ - 661***

ਪ੍ਰਮਾਤਮਾ ਹੀ ਦਿਸਣ ਲਗ ਜਾਂਦਾ ਸਾਰੇ, ਜਿਹਨੇ creation (ਉਤਪਤੀ) ਕਰੀ ਐ, ਜਿਹੜਾ ਦਿਸਦਾ ਹੀ ਨਹੀਂ - ਕਿਸੇ ਤਰੀਕੇ ਨਾਲ। ਕਿੰਨਾ ਸੂਖਸ਼ਮ ਹੈ -

ਇਕ ਵਾਰੀ ਸਾਰੇ ਰਿਸ਼ੀ ਬੈਠੇ - ਵਸ਼ਿਸ਼ਟ ਆਦਿ। ਵਿਚਾਰ ਚਲ ਰਹੀ ਐ, ਸ਼ਿਵ ਜੀ ਮਹਾਰਾਜ ਆ ਗਏ। ਸਾਰਿਆਂ ਨੇ ਉਠ ਕੇ ਸਤਿਕਾਰ ਕਰਿਆ। ਉਚਾ ਆਸਣ ਦਿਤਾ, ਬਿਠਾਇਆ ਉਹਦੇ ਉਤੇ। ਕਹਿਣ ਲੱਗੇ, ਕੀ ਕਰ ਰਹੇ ਓਂ ਮਹਾਂਪੁਰਸ਼ੋ? ਕਹਿੰਦੇ, ਮਹਾਰਾਜ ਵਿਚਾਰ ਚਲ ਰਹੀ ਸੀ ਕਿ ਜਿਹੜਾ ਚੇਤਨ ਤੱਤ ਹੈ, ਉਹ ਕਿੰਨਾਂ ਸੂਖਸ਼ਮ ਹੈ। ਆਪ ਦੇ ਬਾਰੇ ਇਹ ਹੈ ਕਿ ਆਪ ਸਦਾ ਹੀ ਧਿਆਨ ਲਾਈ ਰੱਖਦੇ ਹੋ। ਆਪ ਕ੍ਰਿਪਾ ਕਰਕੇ ਦੱਸੋ ਕਿ ਚੇਤਨ ਤੱਤ ਕਿੰਨਾ ਸੂਖਸ਼ਮ ਐ। ਕਹਿਣ ਲੱਗੇ, ਦੇਖੋ! ਜਾਣਦੇ ਤਾਂ ਤੁਸੀਂ ਵੀ ਓਂ ਪਰ ਉਹਦੇ ਬਾਰੇ ਕੋਈ ਕੁਛ ਕਹਿ ਨੀਂ ਸਕਦਾ ਕਿਉਂਕਿ ਜਿਥੇ ਕਹਾਂਗੇ, ਉਸ ਤੋਂ ਅਗਾਹਾਂ ਹੋਰ ਐ।

***ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ॥***
***ਪੰਨਾ - 5***

ਜਿਨ੍ਹਾਂ ਨੇ ਲੇਖਾ ਕਰਿਐ - ਡਾਕਟਰ ਸਟੀਫਨ ਇੰਗਲੈਂਡ ਦੇ ਵਿਚ ਹੁਣੇ-ਹੁਣੇ ਪਿਛਲੇ ਦੋ ਸਾਲ ਹੋਏ air crash (ਹਵਾਈ ਹਾਦਸਾ) ਹੋ ਗਿਆ ਸੀ, ਉਹਦੇ ਵਿਚ ਮਾਰਿਆ ਗਿਆ ਵੇਚਾਰਾ ਗਰੀਬ। ਉਹਨੇ Time and Space (ਟਾਈਮ ਐਂਡ ਸਪੇਸ) ਦੀ ਇਕ ਕਿਤਾਬ ਲਿਖੀ ਐ। ਉਸਨੇ ਵਾਹਿਗੁਰੂ ਨੂੰ ਤਾਂ ਛੱਡ ਦਿਤਾ, ਪ੍ਰਕ੍ਰਿਤੀ ਨੂੰ ਲੈ ਬੈਠਿਆ। ਉਹ ਕਹਿੰਦੇ, ਜਦੋਂ compress ਹੁੰਦੀ ਹੈ, ਸੁੰਗੜਦੀ ਹੈ - ਪ੍ਰਕ੍ਰਿਤੀ, ਇਹ ਕਿੰਨੀ ਛੋਟੀ ਹੋ ਜਾਂਦੀ ਹੈ; ਹਿਸਾਬ ਕੱਢਣ ਲਗ ਗਿਆ। ਹਿਸਾਬ ਕੀ ਕੱਢਿਆ - point (.) ਲਾ ਦਿਤਾ, 80 ਜ਼ੀਰੋ ਲਾਉਣ ਤੋਂ ਬਾਦ one (1) ਲਾ ਕੇ ਅੱਗੇ ਲਿਖ ਦਿਤਾ - infinity (ਬੇਅੰਤ)। Infinity (ਬੇਅੰਤਤਾ) ਦਾ ਮਤਲਬ ਹੁੰਦੈ ਕਿ ਚਾਹੇ ਕਰੋੜ ਸਾਲ ਜ਼ੀਰੋ-ਜ਼ੀਰੋ (00) ਲਾ ਕੇ ਏਕਾ ਲਾ ਦਉ, ਉਸ ਤੋਂ ਅੱਗੇ ਫੇਰ ਐ। ਜੇ ਫੇਰ ਕਰੋੜ ਸਾਲ ਜ਼ੀਰੋ-ਜ਼ੀਰੋ ਲਾ ਕੇ ਫੇਰ ਗਹਾਂ 'ਏਕਾ' ਲਿਖ ਦਉ, ਫੇਰ ਉਸ ਤੋਂ ਗਹਾਂ ਹੈ। ਜਿਹਦਾ ਅੰਤਵਾਰਾ ਨਾ ਆਵੇ, ਬੇਅੰਤ ਹੋਵੇ, ਉਹਨੂੰ infinity ਕਹਿੰਦੇ ਨੇ। ਜਦੋਂ expansion (ਫੈਲਾਉ, ਵਿਸਥਾਰ) ਦੱਸਣ ਲੱਗਿਆ - ਏਕਾ ਲਾ ਕੇ 80 ਜ਼ੀਰੋ ਲਾਉਣ ਤੋਂ ਬਾਦ infinity ਲਿਖ ਦਿਤਾ ਕਿ ਨਾ ਪ੍ਰਾਕ੍ਰਿਤੀ ਦੇ compress ਹੋਣ ਦਾ ਕੋਈ ਅੰਦਾਜ਼ਾ ਲਾਇਆ ਜਾ ਸਕਦੈ, ਤੇ ਨਾ ਇਹ ਪ੍ਰਕ੍ਰਿਤੀ ਦੇ ਫੈਲਾਅ ਦਾ, ਕਿਉਂਕਿ ਇਸਤੋਂ ਅੱਗੇ ਮਨ ਗਿਆ ਨੀਂ ਨਾ! ਗੁਰੂ ਮਹਾਰਾਜ ਕਹਿੰਦੇ -

***ਸੁਖਮ ਤੇ ਸੁਖਮ ਕਰਿ ਚੀਨੇ ਬਿਰਧਨ ਬਿਰਧ ਬਤਾਏ॥***
***ਭੂਮ ਆਕਾਸ ਪਤਾਲ ਸਭੋ ਸਜਿ, ਏਕ ਅਨੇਕ ਸਦਾਏ॥***
***(ਦਸਮ ਗ੍ਰੰਥ)***

ਜਿਨਾਂ ਕੁਛ ਦਿਸ ਰਿਹੈ, ਇਹ ਪ੍ਰਮੇਸ਼ਰ ਐ -

***ਪਸਰਿਓ ਆਪਿ ਹੋਇ ਅਨਤ ਤਰੰਗ॥*** ***ਪੰਨਾ - 275***

ਆਪੇ ਹੀ ਪਸਰਿਆ ਹੋਇਐ -

***ਲਖੇ ਨ ਜਾਹਿ ਪਾਰਬ੍ਰਹਮ ਕੇ ਰੰਗ॥*** ***ਪੰਨਾ - 275***

ਕੋਈ ਦੱਸ ਨੀਂ ਸਕਦਾ। ਕਹਿਣ ਲੱਗੇ, ਸੰਤ ਜਨੋ! ਇਹਦਾ ਕੋਈ ਅੰਤ ਮਿਥਿਆ ਨੀਂ ਜਾ ਸਕਦਾ, ਪਰ ਅਨੁਮਾਨ ਦੇ ਤੌਰ ਤੇ ਮੈਂ ਬੇਨਤੀ ਕਰਦਾਂ ਕਿ ਮਿੱਟੀ ਤੋਂ ਪਾਣੀ ਦੱਸ ਗੁਣਾ ਸੂਖਸ਼ਮ ਹੈ, ਪਾਣੀ ਤੋਂ ਜਿਹੜੀ ਅੱਗ ਹੈ - ਉਹ ਹੋਰ ਸੌ ਗੁਣਾ ਜ਼ਿਆਦਾ ਸੂਖਸ਼ਮ ਹੈ, ਅੱਗ ਤੋਂ ਜਿਹੜੀ ਹਵਾ ਹੈ - ਉਹ ਹੋਰ ਸੌ ਗੁਣਾ ਜ਼ਿਆਦਾ ਸੂਖਸ਼ਮ ਹੈ, ਹਵਾ ਤੋਂ ਲੱਖਾਂ ਗੁਣਾ ਜ਼ਿਆਦਾ ਸੂਖਸ਼ਮ ਆਕਾਸ਼ ਹੈ। ਤੁਸੀਂ ਹੁਣ ਅਕਾਸ਼ ਨੂੰ ਇਕ ਵੱਟਾ ਬਣਾ ਲਉ। ਉਹ ਇਹ ਬਣਾਓ ਕਿ ਸੁਮੇਰ ਪਰਬਤ ਜਿਸਦੇ ਬਾਰੇ ਕਹਿੰਦੇ ਨੇ ਕਿ 40 ਹਜ਼ਾਰ ਮੀਲ ਉਹ ਧਰਤੀ ਵਿਚ ਗਹਿਰਾ ਹੈ, 40 ਹਜ਼ਾਰ ਮੀਲ ਚੌੜਾ ਹੈ, 40 ਹਜ਼ਾਰ ਮੀਲ ਦੂਏ ਪਾਸੇ ਨੂੰ ਹੈ, ਯਾਨਿ ਹਰ ਪਾਸੇ 40 ਹਜ਼ਾਰ ਮੀਲ ਐ। ਕਹਿੰਦੇ, ਉਹਨੂੰ ਵੱਟਾ ਬਣਾ ਲਓ, ਉਹਦੇ ਮੁਕਾਬਲੇ ਤੇ ਇਕ ਰਾਈ ਦਾ ਦਾਣਾ ਰੱਖ ਦਉ। ਇਹ ਜਿਹੜੀ ਨਿਸਬਤ ਹੈ, ਇਹ ਐਂ ਸਮਝ ਲਓ ਕਿ ਅਕਾਸ਼ ਤਾਂ ਹੈਗਾ ਐਨਾ ਮੋਟਾ, ਤੇ ਜਿਹੜਾ ਚੇਤਨ ਤੱਤ ਹੈ, ਉਹ ਐਨਾ ਛੋਟੈ। ਪਰ ਇਹ ਹਿਸਾਬ ਮੈਂ ਮਨੁੱਖੀ ਅਕਲ ਨਾਲ ਤੁਹਾਨੂੰ ਦੱਸਿਐ; ਇਹ ਏਸ ਤੋਂ ਅਗਾਹਾਂ ਹੈ। ਉਹ ਜਿਹੜਾ ਸੂਖਮ ਤੱਤ ਵਾਹਿਗੁਰੂ ਹੈ, ਉਹ ਦਿਸਦਾ ਕਿਵੇਂ ਹੈ - ਜਦ ਅੰਦਰਲੀ ਅੱਖ ਖੁਲ੍ਹ ਜਾਵੇ। ਸੋ ਮਹਾਰਾਜ ਕਹਿੰਦੇ, ਪਿਆਰਿਆ! ਤੈਨੂੰ ਐਸੀ ਦੇਹੀ ਪ੍ਰਾਪਤ ਹੋ ਗਈ ਜਿਹਦੇ ਅੰਦਰ ਬਹੁਤ ਬਚਿੱਤਰ ਚੀਜ਼ਾਂ ਨੇ ਪਰ ਤੂੰ explore (ਖੋਜ) ਨੀਂ ਕਰ ਸਕਿਆ ਕਿਉਂਕਿ ਤੂੰ ਮਾਇਆ ਨੇ ਮੋਹ ਲਿਆ ਤੇ ਲੁੱਟਿਆ ਗਿਆ -

***ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ***
***ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ॥***
***ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ***
***ਕੋਇ ਨ ਸੁਣੈ ਪੂਕਾਰਾ॥*** ***ਪੰਨਾ - 600***

ਤੇ ਲੁੱਟਿਆ ਜਾ ਰਿਹੈਂ। ਤੈਨੂੰ ਨੀਂ ਪਤਾ ਕਿ ਤੇਰੇ ਅੰਦਰ ਕੀ ਹੈ?

***ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥***
***ਦੇਹੀ ਮਹਿ ਇਸ ਕਾ ਬਿਸ੍ਰਾਮੁ॥***
***ਸੁੰਨ ਸਮਾਧਿ ਅਨਹਤ ਤਹ ਨਾਦ॥***
***ਕਹਨੁ ਨ ਜਾਈ ਅਚਰਜ ਬਿਸਮਾਦ॥*** ***ਪੰਨਾ - 293***

ਐਹੋ ਜਿਹੇ ਨਾਦ ਨੇ, ਓਹਨਾਂ ਦੀਆਂ ਐਸੀਆਂ ਟਿਊਨਾਂ ਨੇ ਕਿ ਵਿਸਮਾਦ ਦਾ ਕੋਈ ਅੰਦਾਜ਼ਾ ਨੀਂ ਲਾਇਆ ਜਾ ਸਕਦਾ; ਉਹ ਅੰਦਰ ਹੈ - ਸਭ ਕੁਛ। ਇਹਨੂੰ ਦੇਵਤੇ ਖੋਜਦੇ ਨੇ -

***ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ....................॥***
***ਪੰਨਾ - 918***

ਅਸੀਂ ਤਾਂ ਬਾਹਰਲੇ ਅੰਮ੍ਰਿਤ ਨੂੰ ਕਹਿ ਦੇਨੇ ਆਂ - ਪੰਜ ਪਿਆਰਿਆਂ ਨੇ ਜਿਹੜਾ ਤਿਆਰ ਕਰਿਐ। ਉਹ ਜੇ ਤਰਕ ਵਾਲਾ ਬੰਦਾ ਗੱਲ ਕਰੇ ਤਾਂ ਫੇਰ ਅਸੀਂ ਉਹਦੇ ਮੂਹਰੇ ਨੀਵੀਂ ਪਾ ਲੈਂਨੇ ਆਂ ਕਿਉਂਕਿ ਗਲਤ ਗੱਲ ਕਹਿ ਗਏ ਅਸੀਂ। ਆਪਣਿਆਂ-ਆਪਣਿਆਂ 'ਚ ਤਾਂ ਅਸੀਂ ਕਹਿ ਦੇਵਾਂਗੇ; ਡਰਦੇ ਵੀ ਆਂ ਅਸੀਂ ਕਿ ਇਹ ਗੱਲ ਜੇ ਅਸੀਂ ਕਰੀ, ਕੋਈ ਮਗਰ ਹੀ ਨਾ ਪੈ ਜਾਏ। ਲੜਨ ਨੂੰ ਤਾਂ ਸਾਰੀ ਦੁਨੀਆਂ

ਹੀ ਤਿਆਰ ਹੈ। ਗੱਲ ਨੀਂ ਸਮਝਦੇ, ਅਕਲ ਦੀ ਬਾਤ, ਵਿਚਾਰ ਦੀ ਬਾਤ ਨੀਂ ਸਮਝ ਸਕਦੇ। ਉਹ ਅੰਮ੍ਰਿਤ ਤਾਂ ਅੰਦਰ ਹੈ – ਮਨੁੱਖ ਦੇ ਅੰਦਰ; ਹੋਰ ਨੀਂ ਕਿਸੇ ਦੇ ਅੰਦਰ। ਉਹ ਦੇਵਤਿਆਂ ਨੂੰ ਨੀਂ ਮਿਲਦਾ। ਮਿਲਦਾ ਕਿਸਨੂੰ ਹੈ? ਸਾਨੂੰ ਵੀ ਤਾਂ ਮਿਲਦੈ ਜੇ ਸਮਰੱਥ ਗੁਰੂ ਕਿਰਪਾ ਕਰ ਦੇਵੇ ਤੇ ਆਪਣੀ ਕ੍ਰਿਪਾ ਦੇ ਨਾਲ ਏਸ ਅੰਮ੍ਰਿਤ ਦੇ ਕੁੰਡ ਤੇ ਸਾਨੂੰ ਪਹੁੰਚਾ ਦੇਵੇ। ਵੈਸੇ ਨੀਂ ਮਿਲਿਆ ਕਰਦਾ। ਸੋ ਉਹ ਚੀਜ਼ਾਂ ਅੰਦਰ ਪਈਆਂ ਨੇ।

ਮਹਾਰਾਜ ਕਹਿੰਦੇ ਨੇ –

***ਇਹੁ ਸਰੀਰੁ ਸਭੁ ਧਰਮੁ ਹੈ***
***ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ॥***
***ਗੁਹਜ ਰਤਨ ਵਿਚਿ ਲੁਕਿ ਰਹੇ***
***ਕੋਈ ਗੁਰਮੁਖਿ ਸੇਵਕੁ ਕਢੈ ਖੋਤਿ॥*** ***ਪੰਨਾ - 309***

ਕੋਈ, rare; ਸਾਰੇ ਨੀਂ ਕੱਢ ਸਕਦੇ ਕਿਉਂਕਿ ਸਾਰਿਆਂ ਨੂੰ ਵਿਸ਼ਵਾਸ਼ ਹੀ ਨੀਂ ਕਿ ਮੇਰੇ ਅੰਦਰ ਕੀ ਹੈ? ਉਹ ਤਾਂ upper layer (ਉਪਰਲੀ ਸਤਹ) ਜਿਹੜੀ ਐ ਨਾ, ਜਿਹਨੂੰ ਮਹਾਰਾਜ ਨੇ ਕਿਹੈ –

***ਵਿਸਟਾ ਅਸਤ ਰਕਤੁ ਪਰੇਟੇ ਚਾਮ॥***
***ਇਸੁ ਊਪਰਿ ਲੇ ਰਾਖਿਓ ਗੁਮਾਨ॥*** ***ਪੰਨਾ - 374***

ਨਾਲ ਇਹ ਵੀ ਦੱਸ ਦਿਤਾ –

***ਏਕ ਵਸਤੁ ਬੂਝਹਿ ਤਾ ਹੋਵਹਿ ਪਾਕ॥***
***ਬਿਨੁ ਬੂਝੇ ਤੂੰ ਸਦਾ ਨਾਪਾਕ॥*** ***ਪੰਨਾ - 374***

ਉਹ ਚੀਜ਼ ਆਦਮੀ ਨੂੰ ਮਿਲੀ ਹੋਈ ਐ – ਇਹ ਦੇਹੀ। ਤੇ ਇਹਦੇ ਅੰਦਰ ਪ੍ਰਮੇਸ਼ਰ ਨੇ ਆਸਣ ਲਾਇਆ ਹੋਇਐ –

***ਕਾਇਆ ਅੰਦਰਿ ਆਪੇ ਵਸੈ ਅਲਖੁ ਨ ਲਖਿਆ ਜਾਈ॥***
***ਮਨਮੁਖੁ ਮੁਗਧੁ ਬੂਝ ਨਾਹੀ................॥*** ***ਪੰਨਾ - 754***

ਹੁਣ ਮੈਂ ਬੇਨਤੀ ਇਹ ਕਰਦਾ ਸੀ ਕਿ ਸਰੀਰ ਦੇ ਸਾਰੇ ਇੰਦ੍ਰਿਆਂ ਤੋਂ ਜੇ ਕੰਮ ਲਿਆ ਜਾਵੇ ਤਾਂ ਬਹੁਤ ਛੇਤੀ, ਐਸੇ ਉਮਰ ਦੇ ਅੰਦਰ, ਐਸੇ ਟਾਇਮ ਦੇ ਅੰਦਰ ਅਸੀਂ ਸਫਲਤਾ ਤੱਕ ਪਹੁੰਚ ਸਕਦੇ ਹਾਂ, ਪਰ ਸਾਡੇ ਅੰਦਰ ਲਗਨ ਹੋਣੀ ਚਾਹੀਦੀ ਐ। ਗੁਰੂ ਮਹਾਰਾਜ ਨੇ ਐਸਾ ਰਸਤਾ ਸਾਡੇ ਵਾਸਤੇ ਲੈ ਆਂਦਾ, ਅਸੀਂ ਹੈਰਾਨ ਹਾਂ।

ਸੋ ਇਹਦੇ ਵਿਚ ਸਾਰੇ ਹੀ ਇੰਦਰਿਆਂ ਨੂੰ ਜੇ ਅਸੀਂ ਕੰਮ ਤੇ ਲਾ ਦੇਈਏ ਨਾ, ਜਿਵੇਂ ਦੱਸ ਨਾਲੀਆਂ ਨਾਲ ਅਸੀਂ ਬੀਜਣਾ ਸ਼ੁਰੂ ਕਰ ਦੇਈਏ, ਇਕ ਦਮ ਖੇਤ ਬੀਜਿਆ ਜਾਂਦੈ। ਐਸੇ ਤਰ੍ਹਾਂ ਦੇ ਨਾਲ ਐਸ ਉਮਰ ਦੇ ਅੰਦਰ ਹੀ, ਵਿਚ-ਵਿਚ ਹੀ ਸਾਨੂੰ ਪ੍ਰਾਪਤੀ ਹੋ ਸਕਦੀ ਹੈ। ਉਹ ਹੈ ਸੀਸ ਦੇ ਵਿਚ ਨਿਮਰਤਾ ਹੋਵੇ, ਹੰਕਾਰ ਨਾ ਹੋਵੇ; ਅਭਿਮਾਨੀ ਸੀਸ ਕਿਸੇ ਨੂੰ ਨਿਵਦਾ ਨੀਂ ਹੈ। ਮਹਾਰਾਜ ਕਹਿੰਦੇ, ਜਿਹੜਾ ਨਿਵਦਾ ਨੀਂ ਹੈ, ਉਹਨੂੰ ਕਰਿਆ ਕੀ ਜਾਵੇ? ਕਿਉਂਕਿ ਉਹ ਪਾਪ ਕਮਾਉਂਦੈ –

***ਜੋ ਸਿਰੁ ਸਾਈ ਨਾ ਨਿਵੈ***
***ਸੋ ਸਿਰੁ ਕੀਜੈ ਕਾਂਇ॥*** ***ਪੰਨਾ - 1381***

ਉਹਨੂੰ ਕਰੀਏ ਕੀ? ਕਹਿੰਦੇ –

***ਕੁੰਨੇ ਹੇਠਿ ਜਲਾਈਐ ਬਾਲਣ ਸੰਦੈ ਥਾਇ॥*** ***ਪੰਨਾ - 1381***

ਬਾਲਣ ਕਾਹਨੂੰ ਪਾਉਣੈ; ਬਾਲਣ ਨਾਲੋਂ ਵੀ ਸਸਤੈ ਉਹ ਤਾਂ, ਕੱਟ ਕੇ ਉਹਦੇ ਵਿਚ ਜਲਾ ਦਉ। ਜਿਹੜਾ ਨਹੀਂ ਨਿਵਦਾ, ਉਹ ਸਰੀਰ ਦੋਸ਼ੀ ਹੈ; ਜਿਹੜਾ ਨਿਵਦੈ, ਉਹਨੂੰ ਕਿੰਨਾ ਫਲ ਪ੍ਰਾਪਤ ਹੁੰਦੈ? ਮਹਾਰਾਜ ਜੀ ਏਸ ਤਰ੍ਹਾਂ ਦੇ ਨਾਲ ਫੁਰਮਾਨ ਕਰਦੇ ਨੇ, ਬੜੇ ਪਿਆਰ ਦੇ ਨਾਲ–

*ਧਾਰਨਾ - ਜਿਹੜਾ ਲੱਗੇ ਨਾ ਗੁਰਾਂ ਦੇ ਚਰਨੀਂ,*
*ਧ੍ਰਿਗ ਤੇਰਾ ਸੀਸ ਬੰਦਿਆ - 2, 2.*
*ਜਿਹੜਾ ਲੱਗੇ ਨਾ ਗੁਰਾਂ ਦੇ ਚਰਨੀਂ,............2*

ਭਾਈ ਗੁਰਦਾਸ ਜੀ, ਜਿਨ੍ਹਾਂ ਨੇ ਕਬਿੱਤ ਸਵਈਏ ਤੇ ਵਾਰਾਂ ਦੀ ਰਚਨਾ ਕਰੀ ਐ, ਗੁਰੂ ਮਹਾਰਾਜ ਜੀ ਨੇ ਏਸਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਕੁੰਜੀ ਹੋਣ ਦਾ ਮਾਣ ਬਖਸ਼ਿਆ ਕਿਉਂਕਿ ਗੁਰਮੁਖਿ ਸਿਧਾਂਤ ਆਪਣੇ ਬਹੁਤ ਸਰਲ ਬੋਲੀ ਦੇ ਅੰਦਰ ਪ੍ਰਗਟ ਕਰਕੇ ਸਾਨੂੰ ਰਸਤਾ ਦਿਖਾਇਆ। ਆਪ ਫੁਰਮਾਨ ਕਰਦੇ ਐਂ ਕਿ –

***ਧ੍ਰਿਗ ਸਿਰ ਜੋ ਗੁਰ ਨਾ ਨਿਵੈ ਗੁਰ ਲਗੈ ਨਾ ਚਰਣੀ।***
***ਭਾਈ ਗੁਰਦਾਸ ਜੀ, ਵਾਰ - 27/10***

ਕਿਉਂ ਧਿਰਕਾਰ ਯੋਗ ਹੈ? ਸੌ ਵਾਰੀ ਫਿਟੇ-ਮੂੰਹ ਕਹੋ, ਇਕ ਵਾਰੀ ਧਿਰਕਾਰ। ਕਿਉਂਕਿ ਐਨਾ ਜ਼ਬਰਦਸਤ concession (ਰਿਆਇਤ) available (ਉਪਲਬਧ) ਸੀ – ਕੇਵਲ ਮਸਤਕ ਨਿਵਾਉਣ ਨਾਲ, ਚਰਨਾਂ ਦੇ ਨਾਲ ਮਸਤਕ ਛੂਹਣ ਦੇ ਨਾਲ avail (ਫਾਇਦਾ ਉਠਾਉਣਾ) ਨਾ ਕਰ ਸਕਿਆ, ਹੰਕਾਰ ਵਿਚ ਗਰਦਨ ਆਕੜੀ ਰਹੀ।

ਗੁਰੂ ਦਸਵੇਂ ਪਾਤਸ਼ਾਹ ਮਹਾਰਾਜ – ਸੰਗਤਾਂ ਆ-ਆ ਕੇ ਨਮਸ਼ਕਾਰਾਂ ਕਰਦੀਐਂ, ਮਹਾਰਾਜ ਅਸੀਸ ਦਿੰਦੇ ਨੇ। ਪੀਰ ਸਲਾਰਦੀਨ, ਜੋ ਕਦੇ-ਕਦੇ ਆ ਜਾਇਆ ਕਰਦਾ ਸੀ, ਮਹਾਰਾਜ ਜੀ ਦੇ ਨੇੜੇ ਬੈਠੇ, ਕਹਿਣ ਲੱਗਿਆ –

"ਗੁਰੂ ਜੀ! ਅੱਲਾ ਇਕ ਹੈ ਕਿ ਦੋ?"

"ਕੀ ਗੱਲ?"

"ਏਥੇ ਆ ਕੇ ਮਸਤਕ ਨਿਵਾਉਂਦੇ ਨੇ ਤੇ ਤੁਸੀਂ ਅਸੀਸਾਂ ਦੇਈ ਜਾਨੇ ਓਂ। ਇਹ ਅੱਲਾ ਤਾਲਾ ਨੇ ਜੋ ਲਿਖਿਆ ਹੋਇਐ, ਉਹ ਠੀਕ ਹੈ ਕਿ ਜਿਹੜਾ ਤੁਸੀਂ ਕਰਦੇ ਓਂ?"

"ਪੀਰ ਜੀ! ਉਹ ਠੀਕ ਸੀ – ਬਾਹਰ-ਬਾਹਰ। ਪਰ ਜਦ ਗੁਰੂ ਦੇ ਦੁਆਰ ਤੇ ਪਹੁੰਚ ਕੇ ਕੋਈ ਸੀਸ ਨਿਵਾਉਂਦੈ, ਉਹਦੇ ਜਿਹੜੇ ਪੁੱਠੇ ਲੇਖ ਨੇ, ਉਹ ਸਿੱਧੇ ਹੋ ਜਾਇਆ ਕਰਦੇ ਨੇ; ਗੁਰੂ ਦੀ ਅਸੀਸ ਉਹਦੇ ਲੇਖਾਂ ਨੂੰ ਬਦਲ ਦਿਆ ਕਰਦੀ ਐ। ਜਿਵੇਂ ਕਣਕ ਬੀਜੀਏ, ਪਿਛੋਂ ਹਲਕੀ ਜਿਹੀ ਬਾਰਿਸ਼ ਪੈ ਜਾਏ; ਦਾਣੇ ਤਾਂ ਉੱਗ ਪੈਣਗੇ ਪਰ ਜੇ ਕਰੰਡ ਹੋਵੇ ਤਾਂ ਉਹ ਬਾਹਰ ਨੀਂ ਨਿਕਲਦੇ, ਉਥੇ ਹੀ ਖਤਮ ਹੋ ਜਾਣਗੇ। ਏਸੇ ਤਰ੍ਹਾਂ ਦੇ ਨਾਲ ਪੁੰਨ ਕਰਮ ਜਿਹੜੇ ਨੇ, ਉੱਗ ਤਾਂ ਪੈਂਦੇ ਨੇ ਪਰ ਸਤਿਗੁਰੂ ਦੀ, ਮਹਾਂਪੁਰਸ਼ ਦੀ ਬਖਸ਼ਿਸ਼ ਤੋਂ ਬਗੈਰ ਉਹਨਾਂ ਵਿਚੋਂ ਬਹੁਤੇ ਵਿਚੇ ਹੀ ਸੁੱਕ ਜਾਂਦੇ ਨੇ।" ਮਹਾਰਾਜ ਕਹਿੰਦੇ, "ਆਹ ਮੋਹਰ ਦੇ ਅੱਖਰ ਪੜ੍ਹੋ।" ਕਹਿੰਦੇ, "ਪੜ੍ਹ ਨੀਂ ਹੁੰਦੀ।" ਮਹਾਰਾਜ ਨੇ ਪੈਡ ਨਾਲ ਲਾਈ ਤੇ ਕਾਗਜ਼ ਤੇ ਲਾ ਦਿਤੀ। ਕਹਿੰਦੇ, "ਹੁਣ ਪੜ੍ਹੋ।" ਕਹਿੰਦੇ, "ਹੁਣ ਪੜ੍ਹ ਹੋ ਗਏ।" ਕਹਿੰਦੇ, "ਏਸੇ ਤਰ੍ਹਾਂ ਪੁੱਠੇ ਲੇਖ ਜਦੋਂ ਗੁਰੂ ਰੂਪੀ ਪੈਡ ਤੇ ਲਗ ਜਾਂਦੇ ਨੇ, ਉਸ ਵੇਲੇ ਸਿੱਧੇ ਹੋ ਜਾਇਆ ਕਰਦੇ ਨੇ ਤੇ ਇਸਦਾ ਬਹੁਤ ਵੱਡਾ ਫਲ ਹੈ।"

ਇਕ ਮਹਾਨ ਰਿਸ਼ੀ ਹੋਇਐ – ਭਾਰਤਵਰਸ਼ ਦੇ ਅੰਦਰ,

ਜਿਸਦਾ ਨਾਂ ਮਾਰਕੰਡਾ ਸੀ। ਆਪ ਦਾ ਜਨਮ ਇਕ ਰਾਜੇ ਦੇ ਘਰ ਹੋਇਆ। ਜੋਤਸ਼ੀਆਂ ਨੇ ਦੱਸਿਆ ਕਿ ਰਾਜਨ! ਪੁੱਤਰ ਤਾਂ ਹੋ ਗਿਆ ਠੀਕ ਹੈ ਪਰ ਏਸ ਦੀ ਉਮਰ 11 ਸਾਲ, 11 ਮਹੀਨੇ, 11 ਦਿਨ ਦੀ ਹੈ। ਅਸੀਂ ਸਲਾਹ ਦਿੰਨੇ ਆਂ ਕਿ ਏਸਨੂੰ ਦੂਰ ਪਾਲਿਆ ਜਾਵੇ - ਜੰਗਲ ਦੇ ਅੰਦਰ, ਤਾਂ ਕਿ ਤੈਨੂੰ ਮੋਹ ਨਾ ਹੋ ਜਾਵੇ ਤੇ ਤੂੰ ਦੁੱਖ ਤੋਂ ਬੱਚ ਸਕੇਂ ਕਿਉਂਕਿ ਇਹਨੇ ਚਲਿਆ ਜਾਣੈ। ਹੋਰ ਪੁੱਤਰ ਤੇਰੇ ਕਿਸਮਤ ਵਿਚ ਨੇ; ਉਹ ਚਿਰੰਜੀਵੀ ਨੇ, ਉਹ ਤੇਰੇ ਕੋਲ ਰਹਿਣਗੇ।

ਰਾਜੇ ਨੇ ਸਲਾਹ ਮੰਨੀ ਤੇ ਜੰਗਲ ਦੇ ਵਿਚ ਇਕ ਕਿਲਾ ਸੀ– ਹੱਦ ਦੇ ਨਾਲ ਲਗਦਾ, ਉਥੇ ਪਾਲਣਾ ਦਾ ਬੰਦੋਬਸਤ ਕਰਕੇ ਦਾਈਆਂ ਭੇਜ ਦਿਤੀਆਂ, ਤੇ ਪੂਰੀ ਸ਼ਾਹੀ ਰੀਤੀ ਦੇ ਨਾਲ ਇਹਦਾ ਪਾਲਣ ਸ਼ੁਰੂ ਹੋ ਗਿਆ। ਗਿਆਰਾਂ ਸਾਲ, ਗਿਆਰਾਂ ਮਹੀਨੇ ਲੰਘਣ ਤੋਂ ਬਾਦ ਜਦ ਗਿਆਰਾਂ ਦਿਨ ਰਹਿ ਗਏ, ਜਿਹੜੀ ਦਾਈ ਸੀ - ਸੰਭਾਲਣ ਵਾਲੀ, ਉਹ ਰੋਣ ਲਗ ਗਈ। ਉਹਨੂੰ ਇਹ 'ਮਾਤਾ' ਕਹਿੰਦਾ ਸੀ। ਕਹਿਣ ਲੱਗਿਆ -

"ਮਾਤਾ! ਕੋਈ ਕਾਰਨ ਹੈ? ਮੈਨੂੰ ਦੱਸ ਸਕਦੀ ਹੈਂ ਕਿ ਤੂੰ ਕਿਉਂ ਰੋਨੀ ਐਂ?"

"ਬੇਟਾ! ਮੈਂ ਤੇਰੀ ਮਾਤਾ ਨੀਂ ਹਾਂ। ਪਰ ਮਾਂ ਨਾਲੋਂ ਹੁਣ ਮੈਂ ਘੱਟ ਵੀ ਨੀਂ ਹਾਂ, ਐਨਾ ਚਿਰ ਮੈਂ ਤੇਰੇ ਨਾਲ ਰਹੀ ਹਾਂ, ਮੈਨੂੰ ਤੇਰੇ ਨਾਲ ਬਹੁਤ ਪਿਆਰ ਹੋ ਗਿਆ, ਤੇ ਤੇਰਾ ਜਾਣਾ ਮੇਰੀ ਜ਼ਿੰਦਗੀ ਦੇ ਵਿਚ ਹਨੇਰ੍ਹਾ ਪੈਦਾ ਕਰ ਦਏਗਾ।"

"ਮੈਂ ਜਾਣੈ?"

"ਹਾਂ। ਤੇਰੇ ਸਿਰਫ ਗਿਆਰਾਂ ਦਿਨ ਬਾਕੀ ਬਚਦੇ ਨੇ। ਏਸੇ ਕਰਕੇ ਏਸ ਕਿਲੇ ਦੇ ਵਿਚ ਤੇਰੀ ਪਾਲਣਾ ਹੋਈ ਐ। ਰਾਜਾ ਇਸ ਦੁੱਖ ਤੋਂ ਬਚਣਾ ਚਾਹੁੰਦਾ ਸੀ। ਸੋ ਮੈਂ ਹੁਣ ਜਾਣਦੀ ਹਾਂ ਕਿ ਦਿਨ ਥੋੜ੍ਹੇ ਰਹਿ ਗਏ, ਤੈਂ ਚਲੇ ਜਾਣੈ।

'ਚਲਦਾ'


With best compliments from

**Partap Engineers**

*Manufacturers of Precision Engineering Components and 'OE' AUTO PARTS*

**Office** : Bhagwan Chowk, Ludhiana - 141 003, Ph. 533276
**Fax No.** : 91-161-533276
**Works** : E-504, Phase VI, Focal Point, Ludhiana Ph. : 671943

# ਸਨੇਹੀਆਂ ਦਾ ਪੰਨਾ

### ਬਾਨੀ ਤੇ ਮੁਖੀ 'ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਟਰੱਸਟ' ਅਤੇ 'ਆਤਮ ਮਾਰਗ ਦੇ ਸਰਪ੍ਰਸਤ' ਸੰਤ ਬਾਬਾ ਵਰਿਆਮ ਸਿੰਘ ਜੀ ਵਲੋਂ ਸਨੇਹੀਆਂ ਦੇ ਨਾਮ ਚਿੱਠੀ

ਅਗਸਤ 1995 ਦਾ 'ਆਤਮ ਮਾਰਗ' ਵਿਦੇਸ਼ਾਂ ਵਿਚ ਦਿਤੇ ਗਏ postal addresses ਤੇ ਭੇਜ ਦਿਤਾ ਗਿਆ ਹੈ ਅਤੇ ਕਈ ਟੈਲੀਫੂਨ ਆਏ ਸਨ ਕਿ ਅਜੇ ਪਹੁੰਚਿਆ ਨਹੀਂ। ਅਸੀਂ ਪਿਛਲੇ ਮਹੀਨੇ ਦੀ 23 ਜਾਂ 25 ਤਰੀਕ ਤੱਕ ਸਾਰੇ ਮੈਗਜ਼ੀਨ ਪੋਸਟ ਕਰ ਦਿੰਦੇ ਹਾਂ। ਲਿਖੇ ਹੋਏ ਐਡਰੈਸਾਂ ਨੂੰ ਇਕ ਵਾਰੀ ਧਿਆਨ ਨਾਲ ਸੀਨੀਅਰ ਮੈਂਬਰ ਪੜ੍ਹ ਕੇ ਨਿਰਣਾ ਕਰ ਲੈਂਦੇ ਹਨ ਕਿ ਐਡਰੈਸ ਸਹੀ ਲਿਖੇ ਗਏ ਹਨ! ਫੇਰ ਵੀ ਜੇ ਇਕ ਅੱਧ ਮੈਗਜ਼ੀਨ ਪਹੁੰਚਣ ਤੋਂ ਰਹਿ ਜਾਵੇ ਤਾਂ ਅਸਾਨੂੰ ਸ਼ੀਘਰ ਹੀ ਸੂਚਿਤ ਕੀਤਾ ਜਾਵੇ ਤਾਂ ਕਿ ਅਸੀਂ ਫੇਰ ਭੇਜ ਦੇਈਏ।

ਮੈਗਜ਼ੀਨ ਨੂੰ ਪੜ੍ਹ ਕੇ ਬਹੁਤ ਹੀ ਭਾਵਪੂਰਤ ਪੱਤਰ ਅਸਾਨੂੰ ਮਿਲ ਰਹੇ ਹਨ, ਜਿਨ੍ਹਾਂ ਵਿਚੋਂ ਇਕ ਪੱਤਰ ਦੇ ਭਾਵ, ਵੰਨਗੀ ਮਾਤਰ ਤੁਹਾਡੇ ਨਾਲ ਸਾਂਝੇ ਕਰ ਰਹੇ ਹਾਂ। ਇਹ ਪੱਤਰ ਬੀਬੀ ਪ੍ਰੀਤਮ ਕੌਰ, London ਵਲੋਂ ਹੁਣੇ ਹੀ ਪੁੱਜਿਆ ਹੈ, ਜਿਸਦੇ ਅੰਸ਼ ਤੁਹਾਡੇ ਨਾਲ ਸਾਂਝੇ ਕਰਦੇ ਹਾਂ -

"ਆਪ ਜੀ ਦਾ ਅਤਿ ਧੰਨਵਾਦ ਕਰਦੀ ਹਾਂ ਕਿ ਆਪ ਨੇ ਮੈਨੂੰ ਇਕ ਕੀਮਤੀ ਚੀਜ਼ 'ਆਤਮ ਮਾਰਗ' ਭੇਜੀ ਹੈ - ਜਿਸਨੂੰ ਦੇਖ ਕੇ ਮੇਰੇ ਦਿਲ ਨੂੰ ਐਨੀ ਖੁਸ਼ੀ ਹੋਈ ਜੋ ਆਪ ਨੂੰ ਲਿਖ ਕੇ ਦੱਸ ਵੀ ਨਹੀਂ ਸਕਦੀ। ਆਪਨੇ ਮੇਰੇ ਤੇ ਦਇਆ, ਮੇਹਰਬਾਨੀ ਕੀਤੀ ਹੈ ਜੋ ਮੈਨੂੰ ਆਪਣੇ ਹੱਥ ਦੀ ਛੋਹ ਦਾ ਤੋਹਫਾ ਭੇਜਿਆ ਹੈ। ਇਹ ਮੈਂ ਜ਼ਿੰਦਗੀ ਭਰ ਸੰਭਾਲ ਕੇ ਰਖਾਂਗੀ। ਆਪ ਦਾ ਦਿਲੋਂ ਧੰਨਵਾਦ ਕਰਦੀ ਹਾਂ ਕਿ ਜੋ ਆਪਨੇ ਧਰਤੀ ਦੇ ਕੱਖ ਤੋਂ ਵੀ ਹਲਕੀ ਨੂੰ, ਇਹ ਵਡਮੁੱਲੀ ਚੀਜ਼ ਭੇਜ, ਇਹ ਪ੍ਰੇਰਨਾ ਦਿਤੀ ਹੈ। ਆਪ ਦਾ ਧੰਨਵਾਦ ਲਿਖਣ ਦੀ ਮੈਨੂੰ ਪੂਰੀ ਸੋਝੀ ਨਹੀਂ ਹੈ। 37 ਪੌਂਡ ਪੱਕੀ ਮੈਂਬਰਸ਼ਿਪ ਲਈ ਭੇਜਿਆ ਜਾ ਰਿਹਾ ਹੈ।"

**"ਪ੍ਰੇਮੀ HMT, ਪਿੰਜੋਰ ਵਲੋਂ"** - ਆਪ ਵਲੋਂ ਭੇਜਿਆ ਮੈਗਜ਼ੀਨ ਸਿੱਖ ਸੰਗਤਾਂ ਨੇ ਤਾਂ ਪੜ੍ਹਨਾ ਹੀ ਸੀ ਪਰ ਹਿੰਦੂ ਵੀ ਬਹੁਤ ਸ਼ਰਧਾ ਅਤੇ ਪ੍ਰੇਮ ਨਾਲ ਪੜ੍ਹਦੇ ਹਨ। ਇਕ ਹਿੰਦੂ ਵੀਰ ਮੇਰੇ ਪਿਛੇ-ਪਿਛੇ ਫਿਰੇ, ਕਹਿਣ ਲੱਗਿਆ, "ਸਾਰਿਆਂ ਨੂੰ ਮੈਗਜ਼ੀਨ ਦੇ ਦਿਤੇ ਹਨ, ਮੈਨੂੰ ਕਿਉਂ ਨਹੀਂ ਦਿਤਾ?" ਮੈਗਜ਼ੀਨ ਲੈ ਗਿਆ, ਪੜ੍ਹਨ ਤੋਂ ਬਾਦ ਕਹਿਣ ਲਗਿਆ ਕਿ ਸੰਤਾਂ ਦੀਆਂ ਕਿਤਾਬਾਂ ਅਤੇ ਮੈਗਜ਼ੀਨ ਪੜ੍ਹ ਕੇ ਨਜ਼ਾਰਾ ਆ ਗਿਆ। ਮੇਰੇ ਹਿਰਦੇ ਵਿਚ ਤਾਂ ਪ੍ਰੇਮ ਦੀਆਂ ਫੁਹਾਰਾਂ ਹੀ ਵਗ ਤੁਰੀਆਂ ਅਤੇ ਮੇਰੇ ਮਨ ਵਿਚ ਪਹਿਲਾਂ ਹੋਇਆ ਕਰਦਾ ਸੀ ਕਿ ਹਿੰਦੂਆਂ ਤੇ ਸਿੱਖਾਂ ਵਿਚ ਬਹੁਤ ਫਰਕ ਹੈ ਤੇ ਹੁਣ ਮੈਂ ਲੋਕਾਂ ਨੂੰ ਦਸਦਾ ਹਾਂ ਕਿ ਗੁਰਬਾਣੀ ਸਭ ਨੂੰ ਸਿਧੇ ਰਸਤੇ ਪਾਉਂਦੀ ਹੈ, ਨਫਰਤ ਦੀ ਅੱਗ ਤੋਂ ਬਚਾਉਂਦੀ ਹੈ। ਉਹ ਹਿੰਦੂ ਪ੍ਰੇਮੀ ਕਹਿਣ ਲੱਗਿਆ, "ਆਗ ਲਗੀ ਅਕਾਸ਼ ਕੋ, ਝੜ-ਝੜ ਪਵਨ ਅੰਗਿਆਰ, ਸੰਤ ਨਾ ਹੋਤੇ ਜਗਤ ਮਹਿ ਜਲ ਮਰਤਾ ਸੰਸਾਰ।"

ਇਕ ਹੋਰ ਹਿੰਦੂ ਪ੍ਰੇਮੀ ਨੇ ਮੈਗਜ਼ੀਨ ਲਿਆ ਤੇ ਘਰ ਲਿਜਾ ਕੇ ਪੜ੍ਹਨਾ ਸ਼ੁਰੂ ਕੀਤਾ। ਦੂਜੇ ਦਿਨ ਡਿਊਟੀ ਤੋਂ ਆ ਕੇ ਦੂਰੋਂ ਹੀ ਉਚੀ-ਉਚੀ ਕਹਿਣ ਲੱਗਿਆ ਬਾਈ! ਉਹ ਤਾਂ ਬਹੁਤ ਸੋਹਣਾ ਹੈ। ਤਿੰਨ ਵਾਰੀ ਕਹਿਣ ਤੋਂ ਬਾਦ ਕਹਿਣ ਲੱਗਿਆ, ਬਹੁਤ ਸੋਹਣਾ ਲਿਖਿਆ ਹੋਇਆ ਹੈ, ਮੈਂ ਦਸ ਨਹੀਂ ਸਕਦਾ ਤੇ ਮੇਰੀ wife ਨੇ ਸੁਣ ਕੇ ਕਿਹਾ ਕਿ ਜੇ ਇਹ ਮੈਗਜ਼ੀਨ ਹਿੰਦੀ ਵਿਚ ਹੁੰਦਾ ਤਾਂ ਮੈਂ ਇਕ-ਇਕ ਅੱਖਰ ਪੜ੍ਹਨਾ ਸੀ।

ਇਕ ਹੋਰ ਸੂਝਵਾਨ ਗੁਰੂ ਦੇ ਸਿਧਾਂਤਾਂ ਨੂੰ ਚੰਗੀ ਤਰ੍ਹਾਂ ਸਮਝਣ ਵਾਲੇ Executive Engineer ਦੇ ਕੁਝ ਭਾਵ ਪ੍ਰਾਪਤ ਹੋਏ, ਜਿਸਦੇ ਕੁਝ ਅੰਸ਼ ਆਪ ਨਾਲ ਸਾਂਝੇ ਕਰਦੇ ਹਾਂ -

"ਆਪ ਜੀ ਦੇ ਮਾਸਿਕ ਪੱਤਰ 'ਆਤਮ ਮਾਰਗ' ਦੇ ਪ੍ਰਕਾਸ਼ਮਾਨ ਹੋਣ ਦੀ ਆਪ ਜੀ ਨੂੰ ਤੇ ਸਮੂੰਹ ਲਿਖਾਰੀਆਂ ਨੂੰ ਲੱਖ-ਲੱਖ ਵਧਾਈ ਹੋਵੇ। ਇਸ ਪੱਤਰ ਵਿਚ ਆਪ ਜੀ ਨੇ ਅਮੋਲਕ ਬਚਨ ਕਲਮਬੰਦ ਕੀਤੇ ਹਨ। ਸਾਰੇ ਲਿਖਾਰੀਆਂ ਨੇ ਸੁਚੱਜਤਾ ਤੇ ਗਹਿਰਾਈ ਵਾਲੇ ਲੇਖ ਲਿਖੇ ਹਨ। ਆਮ ਕਰਕੇ ਸਾਡੇ ਜਿਹੇ ਜਗਿਆਸੂਆਂ ਲਈ ਤਾਂ ਬਹੁਤ ਹੀ ਲੋੜੀਂਦੇ ਹੀਰੇ ਹਨ। ਆਪ ਜੀ ਤਾਂ ਉਚੀਆਂ, ਚੌਥੇ ਪਦ ਦੀਆਂ ਪੀਘਾਂ ਵਿਚ ਸੰਗਤ ਨੂੰ ਨਿਹਾਲ ਕਰਦੇ ਹੋ, ਕਿਉਂਕਿ ਤੁਹਾਨੂੰ ਪੂਰਨ ਮਹਾਂਪੁਰਸ਼ਾਂ, ਬ੍ਰਹਮਗਿਆਨੀ ਸੰਤ ਈਸ਼ਰ ਸਿੰਘ ਜੀ ਮਹਾਰਾਜ ਦੀ ਸੰਗਤ ਪ੍ਰਾਪਤ ਰਹੀ ਹੈ। ਗਿਆਨ ਤੋਂ ਬਗੈਰ ਸਿਖ ਅੰਨ੍ਹਾ ਹੀ ਹੈ। ਲੱਖਾਂ ਦਾ ਜੀਵਨ ਪਲਟਿਆ ਹੈ ਅਤੇ ਬਹੁਤ ਸਾਰੇ ਵੀਰ ਸਿਧੇ ਰਾਹ ਤੇ ਪਏ ਹਨ। ਇਹ ਕਾਰਜ ਮਹਾਂਪੁਰਸ਼ਾਂ, ਬ੍ਰਹਮਗਿਆਨੀਆਂ ਦੇ ਜ਼ਿੰਮੇ ਹੀ ਹੁੰਦਾ ਹੈ। ਆਪ ਦੇ ਪਾਵਕ ਬਚਨਾਂ ਵਿਚੋਂ ਬ੍ਰਹਮਗਿਆਨ ਅਤੇ ਉਚ ਆਦਰਸ਼ਾਂ ਦੀ ਸੁਗੰਧੀ ਮਹਿਕ ਦੇ ਰਹੀ ਹੈ। ਦਾਸ ਪਾਸ ਹੋਰ ਕੋਈ ਅੱਖਰ ਤੇ ਸ਼ਬਦਾਵਲੀ ਨਹੀਂ ਕਿ ਉਸਤਤਿ ਕਰ ਸਕਾਂ। ਜਿਸ ਅਕਾਲ ਪੁਰਖ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਹ ਕਾਰ ਆਪ ਜੀ ਨੂੰ ਬਖਸ਼ੀ ਹੈ, ਉਹੀ ਜਾਣੇ। 'ਆਤਮ ਮਾਰਗ' ਪਤਰਕਾ ਮੈਨੂੰ ਕਿਸੇ ਪ੍ਰੇਮੀ ਕੋਲੋਂ ਪੜ੍ਹਨ ਵਾਸਤੇ ਮਿਲੀ ਸੀ।"

ਇਹ ਚਿੱਠੀ ਦੋ ਭੈਣਾਂ (ਬੀਬੀ ਬਖਸ਼ਿੰਦਰ ਕੌਰ ਤੇ ਬੀਬੀ ਰਣਜੀਤ ਕੌਰ) ਜੋ ਕਿ B.A. I & B.A. III ਵਿਚ ਪੜ੍ਹਦੀਆਂ ਹਨ, ਉਨ੍ਹਾਂ ਨੇ ਲਿਖਿਆ ਹੈ ਕਿ -

ਅਸੀਂ ਤੁਹਾਡੇ ਦੁਆਰਾ ਪ੍ਰਕਾਸ਼ਿਤ 'ਆਤਮ ਮਾਰਗ' ਮੈਗਜ਼ੀਨ ਨੂੰ ਬੜੇ ਹੀ ਪਿਆਰ ਤੇ ਸ਼ਰਧਾ ਨਾਲ ਪੜ੍ਹਦੇ ਹਾਂ ਜਿਸ ਦਾ ਸਾਡੇ ਰੋਜ਼ਾਨਾ ਜੀਵਨ ਤੇ ਕਾਫੀ ਪ੍ਰਭਾਵ ਪੈ ਰਿਹਾ ਹੈ। ਇਹ 'ਆਤਮ ਮਾਰਗ' ਵਾਹਿਗੁਰੂ ਨਾਲ ਮਿਲਾਪ ਕਰਨ ਦਾ ਇਕ ਬਹੁਤ ਚੰਗਾ ਮਾਰਗ ਹੈ, ਜੇਕਰ ਇਸਦੇ ਸਿਧਾਂਤਾਂ ਤੇ ਪੂਰੀ ਤਰ੍ਹਾਂ ਅਮਲ ਕਰੀਏ। ਵਾਹਿਗੁਰੂ ਦੀ ਕ੍ਰਿਪਾ ਸਦਕਾ ਅਸੀਂ ਇਸਦਾ ਪੂਰਾ ਲਾਭ ਉਠਾਵਾਂਗੀਆਂ।"

ਇਕ ਹੋਰ ਚਿੱਠੀ ਜੋ ਸਾਨੂੰ ਐਡੀਟਰ 'ਵਰਿਆਮ' ਜੀ ਵਲੋਂ 'ਆਤਮ ਮਾਰਗ ਦੇ ਸਬੰਧ ਵਿਚ ਪ੍ਰਾਪਤ ਹੋਈ ਹੈ, ਉਹ ਵੀ ਆਪ ਦੀ ਗਿਆਤ ਲਈ ਛਾਪ ਰਹੇ ਹਾਂ -

ਪਰਮ ਸਤਿਕਾਰ ਯੋਗ

ਪ੍ਰੋਫੈਸਰ ਗੁਰਦੇਵ ਸਿੰਘ ਜੀ (ਮੈਨੇਜਰ ਆਤਮ ਮਾਰਗ)

ਸਾਦਰ ਸਤਿ ਸ੍ਰੀ ਅਕਾਲ।

ਆਪ ਜੀ ਵਲੋਂ ਮਿਤੀ 22.7.95 ਦੀ ਲਿਖੀ, ਪ੍ਰੇਮ ਭਿੱਜੀ ਚਿੱਠੀ ਵੀ ਪ੍ਰਾਪਤ ਹੋਈ ਹੈ ਅਤੇ ਇਸ ਤੋਂ ਇਕ ਦਿਨ ਪਹਿਲਾਂ ਅਦੁੱਤੀ ਸੁਗਾਤ ਮਾਸਿਕ ਪ੍ਰਤਿਕਾ 'ਆਤਮ ਮਾਰਗ' ਦਾ ਅਗਸਤ 1995 ਅੰਕ ਵੀ ਪ੍ਰਾਪਤ ਹੋਇਆ। ਮੈਂ ਇਹ ਪਰਚਾ ਪਹਿਲੀ ਵਾਰ ਵੇਖਿਆ ਹੈ ਅਤੇ ਵੇਖਦਾ ਹੀ ਰਹਿ ਗਿਆ। ਮੁਖ ਪੰਨੇ ਦਾ ਰੂਹਾਨੀ ਪ੍ਰਭਾਵ ਅੱਖਾਂ ਨੂੰ ਤਾਂ ਤ੍ਰਿਪਤ ਕਰਦਾ ਹੈ, ਧੁਰ ਆਤਮਾ ਨੂੰ ਹੁਲਾਰਾ ਦਿੰਦਾ ਹੈ। ਮਹਾਂਪੁਰਖਾਂ ਦੇ ਸਰੂਪ ਤੋਂ ਅੱਖਾਂ ਹਟਾਉਣ ਨੂੰ ਜੀਅ ਨਹੀਂ ਕਰਦਾ। ਲੇਅ ਆਊਟ, ਡਿਜ਼ਾਇਨਿੰਗ, ਸੈਟਿੰਗ, ਰੰਗ, ਰੂਪ, ਪ੍ਰਿੰਟਿੰਗ ਸਭ ਕੁਝ ਅਤਿ ਉੱਤਮ ਪੱਧਰ ਦਾ ਹੈ।

ਅੰਦਰਲੀ ਸਾਮਗਰੀ, ਪਰਚਾ ਬਾਰ-ਬਾਰ ਪੜ੍ਹਨ ਨੂੰ ਮਜ਼ਬੂਰ ਕਰਦੀ ਹੈ। ਪੰਜਾਬੀ ਸਾਹਿਤ ਵਿਚ ਸ਼ਾਇਦ ਇਹ ਪਹਿਲਾ ਪਰਚਾ ਹੈ ਜੋ ਨਿਰੋਲ ਅਧਿਆਤਮਕ ਕਦਰਾਂ ਕੀਮਤਾਂ ਦੀ ਪੇਸ਼ਕਾਰੀ ਏਡੀ ਪਰਬੀਨਤਾ ਅਤੇ ਬਾਰੀਕੀ ਨਾਲ ਕਰਦਾ ਹੈ। ਇਸ ਪਰਚੇ ਦੇ ਪਾਠ ਨੇ ਅਤਿਅੰਤ ਦੀ ਗਰਮੀ ਅਤੇ ਹੁੰਮਸ ਵਿਚ ਵੀ ਮਨ ਨੂੰ ਠੰਢ ਪਹੁੰਚਾਈ ਹੈ।

ਪਰਮ ਪੂਜਯ ਮਹਾਂਪੁਰਖਾਂ ਸੰਤ ਬਾਬਾ ਵਰਿਆਮ ਸਿੰਘ ਜੀ ਦੇ ਪਾਵਨ ਦਰਸ਼ਨ ਸ੍ਰੀ ਭੈਣੀ ਸਾਹਿਬ ਕੀਤੇ ਸਨ। ਉਹਨਾਂ ਦੇ ਦਰਸ਼ਨਾਂ ਅਤੇ ਪ੍ਰਵਚਨਾਂ ਦਾ ਜੋ ਦੈਵੀ ਪ੍ਰਭਾਵ ਮਨ ਤੇ ਪਿਆ ਸੀ, ਉਹ ਹੀ ਪ੍ਰਤੱਖ ਪ੍ਰਭਾਵ ਇਸ ਪਰਚੇ ਦੇ ਪਾਠ ਨਾਲ ਪਿਆ ਹੈ। ਮਹਾਂਪੁਰਖਾਂ ਨੇ ਇਹ ਪਰਚਾ ਕੱਢ ਕੇ ਮਾਨਵਤਾ ਤੇ ਭਾਰੀ ਉਪਕਾਰ ਕੀਤਾ ਹੈ ਅਤੇ ਆਪ ਜੀ ਨੇ ਇਹ ਪਰਚਾ ਮੈਨੂੰ ਭੇਜ ਕੇ ਵੀ ਕ੍ਰਿਤਾਰਥ ਕੀਤਾ ਹੈ, ਉਪਕਾਰ ਕੀਤਾ ਹੈ। ਇਸਦੇ ਧੰਨਵਾਦ ਲਈ ਮੇਰੇ ਪਾਸ ਸ਼ਬਦ ਨਹੀਂ ਹਨ।

ਆਪ ਜੀ ਨੇ ਹੋਰ ਕ੍ਰਿਪਾ ਕੀਤੀ ਹੈ, ਜੋ 'ਆਤਮ ਮਾਰਗ' ਹਰ ਮਹੀਨੇ ਭੇਜਣ ਲਈ ਮਨਜ਼ੂਰੀ ਭੇਜੀ ਹੈ। ਨਿਰਸੰਦੇਹ ਇਸ ਤੋਂ ਦਾਸ ਨੂੰ ਬਹੁਤ ਲਾਭ ਪੁਜੇਗਾ।

ਧੰਨਵਾਦ ਸਹਿਤ।

ਅਜਿਹੇ ਹੀ ਭਾਵ ਬਹੁਤ ਸਾਰੇ ਪ੍ਰੇਮੀਆਂ ਪਾਸੋਂ ਦੇਸ਼ ਤੇ ਵਿਦੇਸ਼ ਵਿਚੋਂ ਟੈਲੀਫੂਨ ਰਾਹੀਂ ਮਿਲਦੇ ਹੀ ਰਹਿੰਦੇ ਹਨ। ਇਹ ਸਾਰੀ ਬਖਸ਼ਿਸ਼ ਗੁਰੂ ਮਹਾਰਾਜ ਦੀ ਹੀ ਹੈ। ਇਸ ਮੈਗਜ਼ੀਨ ਦਾ ਛੇਵਾਂ ਅੰਕ ਆਪ ਜੀ ਦੇ ਪਾਸ ਪਹੁੰਚ ਗਿਆ ਹੈ। ਅਸਾਡੇ ਵਲੋਂ ਅਜੇ ਵੀ ਵਿਦੇਸ਼ਾਂ ਵਿਚ ਬੈਠੇ ਵੀਰਾਂ ਨੂੰ, ਜਿਨ੍ਹਾਂ ਦੇ ਐਡਰਸ ਸਾਡੇ ਪਾਸ ਹਨ ਉਨ੍ਹਾਂ ਨੂੰ ਸਾਢੇ ਚਾਰ ਸੌ ਦੀ ਗਿਣਤੀ ਵਿਚ ਭੇਜਿਆ ਜਾ ਰਿਹਾ ਹੈ। ਇਨ੍ਹਾਂ ਵਿਚ ਬਹੁਤ ਸਾਰੇ ਤਾਂ ਕੋਈ 225 ਤੋਂ ਵੱਧ ਮੈਂਬਰ ਬਣ ਗਏ ਹਨ। ਸਲਾਨਾ ਮੈਂਬਰਸ਼ਿਪ 40 ਅਮਰੀਕਨ ਡਾਲਰ ਜਾਂ 24 ਪੌਂਡ U.K. ਦੇ ਭੇਜ ਕੇ ਮਿਲ ਸਕਦੀ ਹੈ। Postal Order ਜਾਂ Cheque "Vishav Gurmat Roohani Mission Trust" ਦੇ ਨਾਮ ਭੇਜਿਆ ਜਾ ਸਕਦਾ ਹੈ। ਅਸਾਡੀ ਇਕ ਬੇਨਤੀ ਵਲ ਧਿਆਨ ਦੇਣਾ ਬੜਾ ਜ਼ਰੂਰੀ ਹੈ ਕਿ ਕਿਸੇ ਕਿਸਮ ਦੀ ਵੀ ਮਾਇਆ ਆਮ ਪਤਰਕਾ ਜਾਂ ਰਜਿਸਟਰੀ ਰਾਹੀਂ ਬਿਲਕੁਲ ਨਾ ਭੇਜੀ ਜਾਵੇ ਕਿਉਂਕਿ ਅਸਾਡੇ ਪਾਸ ਇਹ ਸਹੀ ਸਲਾਮਤ ਨਹੀਂ ਪਹੁੰਚਦੀ।

ਸ. ਮਹਿੰਦਰ ਸਿੰਘ ਗਿੱਲ, Turlock ਵਾਲੇ, ਅਗਸਤ ਦੇ ਪਹਿਲੇ ਹਫਤੇ ਵਿਚ ਚੰਡੀਗੜ੍ਹ ਆਏ ਹੋਏ ਸਨ। ਉਨ੍ਹਾਂ ਨੇ ਮੈਗਜ਼ੀਨ ਦੇ ਪ੍ਰਸਾਰ ਵਾਸਤੇ ਆਪਣੇ ਸਾਥੀਆਂ ਨਾਲ ਮਿਲਕੇ ਬਹੁਤ ਹੀ ਸੁਚੱਜਤਾ ਤੇ ਲਗਨ ਨਾਲ ਕੈਲੇਫੋਰਨੀਆ ਵਿਚੋਂ ਮੈਂਬਰ ਬਣਾਏ। ਇਸੇ ਤਰ੍ਹਾਂ ਨਾਲ ਸ. ਸੁਖਜਿੰਦਰ ਸਿੰਘ ਜੀ, Walsall, ਵਾਲੇ ਇੰਗਲੈਂਡ ਵਿਚ ਬਹੁਤ ਮਿਹਨਤ ਨਾਲ ਪੱਕੀ ਮੈਂਬਰਸ਼ਿਪ ਵਧਾ ਰਹੇ ਹਨ। ਇਸੇ ਤਰ੍ਹਾਂ ਨਾਲ ਬੀਬੀ ਸੁਖਦੇਵ ਚੀਮਾ ਅਤੇ ਬੀਬੀ ਨਛੱਤਰ ਕੌਰ, Lower Shelton ਤੋਂ ਭੀ ਮੈਂਬਰਸ਼ਿਪ ਵਿਚ ਬਹੁਤ ਵਾਧਾ ਕਰ ਰਹੇ ਹਨ। 'ਆਤਮ ਮਾਰਗ' ਦੀ ਅਰਦਾਸ ਹੈ ਕਿ ਗੁਰੂ ਮਹਾਰਾਜ ਇਨ੍ਹਾਂ ਦੇ ਕਾਰੋਬਾਰ ਨੂੰ ਭਲੀਭਾਂਤ ਆਪਣੀ ਬਖਸ਼ਿਸ਼ ਕਰਕੇ ਬਿਘਨਾਂ ਤੋਂ ਰਹਿਤ ਰੱਖ ਕੇ ਵਧਾਉਣ।

ਇਸੇ ਤਰ੍ਹਾਂ ਨਾਲ 'ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ' ਵਲੋਂ 550 ਵੀਡੀਓ ਫਿਲਮਾਂ ਬਣ ਚੁਕੀਆਂ ਹਨ। ਇਨ੍ਹਾਂ ਦਾ ਅਸਰ ਹਰ ਦੇਖਣ ਵਾਲੇ ਉਪਰ ਪੈਂਦਾ ਹੈ। ਅਸਾਨੂੰ 18 ਜੁਲਾਈ, 1995 ਦੀ ਇਕ Fax ਸ੍ਰੀ ਰਾਜੇਸ਼ ਪਟੇਲ ਅਤੇ ਮੁਕਤਾ ਪਟੇਲ, Jersey City, NJ ਵਲੋਂ, ਸ. ਮਹਿੰਦਰ ਸਿੰਘ ਗਿੱਲ, Turlock City ਵਾਲਿਆਂ ਰਾਹੀਂ ਮਿਲੀ ਹੈ। ਜਿਸ ਵਿਚ ਲਿਖਿਆ ਹੈ, "ਅਸੀਂ ਇਕ ਫਿਲਮ ਟੈਲੀਵੀਜ਼ਨ ਤੇ ਵੇਖ ਰਹੇ ਸਾਂ, ਜਿਸ ਵਿਚ ਰਾਮ ਦੇ ਨਾਮ ਦੀ ਮਹਿਮਾ ਦੀ ਵਿਆਖਿਆ ਕੀਤੀ ਗਈ ਸੀ। ਉਹ ਵੇਖ ਕੇ ਅਸੀਂ ਬੇਨਤੀ ਕਰਦੇ ਹਾਂ ਕਿ New Jersey ਦੇ Jersey City ਵਿਚ ਹਿੰਦੂ ਮੰਦਰ ਵਿਚ ਆ ਕੇ ਕਬੀਰ ਸਾਹਿਬ ਦੀ ਬਾਣੀ ਦੀ ਵਿਆਖਿਆ ਕਰਨ। ਅਸੀਂ ਸਾਰੇ ਖਰਚੇ ਆਉਣ ਜਾਣ ਦੇ ਬਰਦਾਸ਼ਤ ਕਰਾਂਗੇ।" ਕਿਉਂਕਿ ਇਹ ਫਿਲਮ ਪੰਜਾਬੀ ਵਿਚ ਹੋਣ ਕਰਕੇ ਹਿੰਦੀ ਵਿਚ ਲਿਖੀ ਬਾਣੀ ਹੀ ਉਨ੍ਹਾਂ ਦੇ ਸਮਝ ਵਿਚ ਆਈ, ਉਹ ਗੁਰਬਾਣੀ ਤੋਂ ਬਹੁਤ ਪ੍ਰਭਾਵਿਤ ਹੋਏ। ਅਸੀਂ ਸੋਚਦੇ ਹਾਂ ਕਿ ਛੇਤੀ ਹੀ ਆਤਮ ਮਾਰਗ ਦਾ ਪ੍ਰਸਾਰ ਹਿੰਦੀ ਵਿਚ ਸ਼ੁਰੂ ਕਰ ਦੇਈਏ ਤਾਂ ਕਿ ਹਿੰਦੀ ਜਾਣਨ ਵਾਲੇ ਪ੍ਰੇਮੀਆਂ ਨੂੰ ਗੁਰਮਤਿ ਦੇ ਸਿਧਾਂਤ ਦੀ ਜਾਣਕਾਰੀ ਹੋ ਕੇ ਗਲਤਫਹਿਮੀਆਂ ਸਿੱਖ Community ਬਾਰੇ, ਜੋ ਰਾਜਨੀਤਕ ਅਤੇ ਭੁੱਲੜ ਪੁਰਸ਼ਾਂ ਨੇ ਨਫਰਤ ਦੇ ਬੀਜ, ਬੀਜ ਕੇ ਪਾ ਦਿਤੀਆਂ ਹਨ, ਉਹ ਦੂਰ ਕਰਕੇ, ਸਰਬ ਸਾਂਝੇ Universal ਮਹਾਨ ਸੁੱਖ ਦਿੰਦੇ ਪ੍ਰਕਾਸ਼ਮਈ ਗੁਰਮਤਿ ਸਿਧਾਂਤਾਂ ਨੂੰ ਸਰਬ ਸਾਂਝੇ ਕਰ ਸਕੀਏ ਅਤੇ ਗੁਰੂ ਮਹਾਰਾਜ ਦੀ ਮਹਿਮਾ ਹਨੇਰ੍ਹਿਆਂ ਹਿਰਦਿਆਂ ਵਿਚ ਪ੍ਰਕਾਸ਼ਮਈ ਬਣ ਕੇ ਸ਼ਾਂਤੀ ਅਤੇ ਪਿਆਰ ਦੀਆਂ ਭਾਵਨਾਵਾਂ ਪੈਦਾ ਕਰ ਸਕੇ।

ਇਸ ਵਾਰੀ ਅਸੀਂ ਫੇਰ ਬੇਨਤੀ ਕਰਦੇ ਹਾਂ ਕਿ ਕੋਈ ਪੰਜ-ਛੇ ਸੌ ਦੇ ਕਰੀਬ ਆਤਮ ਮਾਰਗ ਕਿਸੇ ਮੋਖ ਤੋਂ ਬਿਨਾਂ ਹੀ ਪੰਜਾਬ ਵਿਚ ਸਾਧੂ, ਮਹਾਂਪੁਰਸ਼ਾਂ, ਹੋਰ ਪ੍ਰੇਮੀਆਂ ਅਤੇ ਵਿਦੇਸ਼ਾਂ ਵਿਚ ਪ੍ਰੇਮੀਆਂ ਨੂੰ ਭੇਜੇ ਜਾ ਰਹੇ ਹਨ, ਇਸ ਅਦਾਰੇ ਦਾ ਸੱਤ-ਅੱਠ ਹਜ਼ਾਰ ਰੁਪਿਆ ਖਰਚ ਹੋ ਜਾਂਦਾ ਹੈ। ਜੇ ਇਨ੍ਹਾਂ ਪ੍ਰੇਮੀਆਂ ਵਿਚੋਂ ਕੁਝ ਪ੍ਰੇਮੀ ਸਾਧੂ, ਸੰਤਾਂ ਨੂੰ ਛੱਡ ਕੇ ਪੱਕੀ ਮੈਂਬਰਸ਼ਿਪ ਲੈ ਲੈਣ ਤਾਂ ਅਸੀਂ ਛੇਤੀ ਹੀ ਅਗਲਾ ਕਦਮ ਚੁਕੀਏ। ਹੁਣ ਇਹ ਮੈਗਜ਼ੀਨ 64 ਪੰਨਿਆਂ ਦਾ ਹੁੰਦਾ ਹੈ ਅਤੇ Printing matter ਬਰੀਕ ਅੱਖਰਾਂ ਵਿਚ ਹੋਣ ਕਰਕੇ 80 ਪੰਨਿਆਂ ਤੋਂ ਵੀ ਵੱਧ ਹੁੰਦਾ ਹੈ। ਅਸੀਂ ਛੇਤੀ ਹੀ ਇਹ ਮੈਗਜ਼ੀਨ 72 ਪੰਨਿਆਂ ਦਾ ਕਰਨ ਲਈ ਵਿਚਾਰ ਕਰ ਰਹੇ ਹਾਂ ਤਾਂ ਕਿ ਇਸ ਵਿਚ ਅਸੀਂ ਭਾਂਤ-ਭਾਂਤ ਦੇ ਵਿਸ਼ਿਆਂ ਉਪਰ ਸੂਝਵਾਨ ਲਿਖਾਰੀਆਂ ਦੇ ਲੇਖ ਭੇਜ ਸਕੀਏ। ਅੰਤ ਵਿਚ ਅਸੀਂ ਦੇਸ਼ ਤੇ ਪ੍ਰਦੇਸ਼ ਵਿਚ ਬੈਠੇ ਵੀਰਾਂ ਦੀ ਲਗਨ ਅਤੇ ਮਿਹਨਤ ਦੀ ਕਦਰ ਕਰਦੇ ਹੋਏ ਅਰਦਾਸ ਕਰਦੇ ਹਾਂ ਕਿ ਗੁਰੂ ਮਹਾਰਾਜ *'ਜਹਾਂ ਜਹਾਂ ਖਾਲਸਾ ਜੀ ਸਾਹਿਬ, ਤਹਾਂ ਤਹਾਂ ਰਛਿਆ ਰਿਆਇਤ'* ਰਾਹੀਂ ਆਪਣੀ ਕ੍ਰਿਪਾ ਕਰਦੇ ਰਹਿਣ।

*"ਸੰਚਾਲਕ"*
ਆਤਮ ਮਾਰਗ

# ਸਿੱਖ ਸਾਹਿਤ ਵਿਚ ਆਏ ਨਾਵਾਂ, ਥਾਵਾਂ ਦਾ ਸੰਖੇਪ ਵੇਰਵਾ

**ਉਦਾਲਕ** – ਇਕ ਰਿਖੀ, ਜੋ ਸ਼ੇਤਕੇਤੁ ਦਾ ਪਿਤਾ ਸੀ, ਇਸਦਾ ਪਹਿਲਾ ਨਾਉਂ 'ਆਰੁਣਿ' ਸੀ ਪਰ ਇਸ ਦੇ ਗੁਰੂ ਆਯੋਦ ਧੌਮਜ ਨੇ ਉਦਾਲਕ ਰੱਖਿਆ, "ਏਕ ਉਦਾਲਕ ਰਿਖਿ ਹੁਤੋ" (ਚਰਿਤ੍ਰ ੧੧੭) 2. ਜੰਗਲੀ ਕੋਦਾ, ਜਿਸ ਦਾ ਬੀਜ ਪੀਸ ਅਥਵਾ ਭੁੰਨ ਕੇ ਖਾਧਾ ਜਾਂਦਾ ਹੈ। 3. ਲਸੂੜਾ "ਹਰੇ ਮਧੂਕ ਉਦਾਲਕ ਹਰੇ" (ਗੁਪ੍ਰਸੂ)

**ਉਬਾਰੇ ਖ਼ਾਨ** – ਅਬਦੁਲ ਰਹਿਮਾਨ ਖ਼ਾਨ। ਸਤਿਗੁਰੂ ਨਾਨਕ ਦੇਵ ਦਾ ਮੁਰੀਦ, ਜੋ ਗੁਰੂ ਸਿਖਜਾ ਧਾਰ ਕੇ ਕਰਤਾਰਪੁਰ ਵਿਚ ਸੰਗਤਿ ਦੀ ਸੇਵਾ ਕਰਦਾ ਰਿਹਾ, ਅਰ ਗੁਰਮੁਖਾਂ ਵਿਚ ਗਿਣਿਆ ਗਿਆ।

**ਉਬੇਦ ਬੇਗ** – ਇਸ ਨੂੰ ਸੰਨ 1761 ਵਿਚ ਅਹਮਦ ਸ਼ਾਹ ਦੁੱਰਾਨੀ ਨੇ ਕੁਝ ਸਮੇਂ ਲਈ ਲਹੌਰ ਦਾ ਸੂਬਾ ਥਾਪ ਦਿਤਾ ਸੀ। ਅਸਲ ਵਿਚ ਇਹ ਬਾਦਸ਼ਾਹ ਦਿੱਲੀ ਵਲੋਂ ਕਲਾਨੌਰ (ਗੁਰਦਾਸਪੁਰ) ਦਾ ਹਾਕਿਮ ਸੀ। ਇਸ ਨੇ ਚੰਬੇ ਦੇ ਰਾਜਾ ਚਤੁਰ ਸਿੰਘ, ਗੁਲੇਰ ਦੇ ਰਾਜਾ ਰਾਜ ਸਿੰਘ, ਬਸੌਲੀ ਦੇ ਰਾਜਾ ਧੀਰਜ ਪਾਲ ਅਤੇ ਜੰਮੂ ਦੇ ਰਾਜਾ ਕ੍ਰਿਪਾਲਦੇਉ ਨਾਲ ਜੰਗ ਕਰਕੇ ਭਾਰੀ ਹਾਰ ਖਾਧੀ ਸੀ।

**ਉਮਰਸ਼ਾਹ** – ਡਰੋਲੀ ਨਿਵਾਸੀ ਸੰਘਾ ਗੋਤ ਦਾ ਜੱਟ ਮਸੰਦ, ਜੋ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਆਗਯਾ ਨਾਲ ਹਰਿਮੰਦਰ ਦੀ ਚਿਣਵਾਈ ਵੇਲੇ ਪ੍ਰੇਮ ਨਾਲ ਸੇਵਾ ਕਰਦਾ ਸੀ। ਇਹ ਪੂਜਾ ਦੇ ਧਨ ਨੂੰ ਵਿਹੁ ਜਾਣਦਾ ਸੀ। ਇਸ ਦਾ ਪੁਤਰ ਨੰਦਚੰਦ ਦਸ਼ਮੇਸ਼ ਜੀ ਦਾ ਦੀਵਾਨ ਹੋਇਆ ਹੈ।

**ਉਮਰਖਿਤਾਬ, ਉਮਰਖਤਾਬ** – ਉਮਰ ਬਿਨ ਖ਼ੱਤਾਬ, ਖ਼ੱਤਾਬ ਦਾ ਪੁੱਤਰ ਖਲੀਫ਼ਾ ਉਮਰ ਇਹ ਮਹੁੰਮਦ ਸਾਹਿਬ ਦੀ ਤੀਜੀ ਇਸਤਰੀ 'ਹਫਸਾ' ਦਾ ਪਿਤਾ ਸੀ। ਅਬੂਬਕਰ ਪਿਛੋਂ ਉਮਰ ਦੂਜਾ ਖਲੀਫਾ ਸੰਨ 13 ਹਿਜਰੀ ਵਿਚ ਮੁਕਰਿਰ ਹੋਇਆ ਅਤੇ ਸੰਨ 23 ਹਿਜਰੀ (644 ਈਸਵੀ) ਵਿਚ ਫਿਰੋਜ਼ ਗੁਲਾਮ ਦੇ ਹੱਥੋਂ ਖੰਜਰ ਨਾਲ ਮਾਰਿਆ ਗਿਆ, ਇਸ ਖ਼ਲੀਫੇ ਦੇ ਸਮੇਂ ਮੁਸਲਮਾਨਾਂ ਨੇ ਮਿਸਰ ਅਤੇ ਉਤਰੀ ਅਫਰੀਕਾ ਨੂੰ ਫਤੇ ਕਰ ਲਿਆ ਸੀ। ਇਸਨੇ ਹੱਦੋ ਵਧ ਕੇ ਇਸਲਾਮ ਦਾ ਪ੍ਰਚਾਰ ਕੀਤਾ 'ਕੀਨੋ ਉਮਰਖਿਤਾਬ ਜਸੋਂ ਆਜ ਹਮਾਰੇ ਨਜਾਉਂ' (ਚਰਿਤ੍ਰ 38)

ਉਮਰ ਖ਼ਲੀਫਾ ਦੇ ਨਿਆਉਂ ਦੀ ਕਈ ਕਹਾਣੀਆਂ ਹਨ 'ਅਲਫ਼ਾਰੂਕ' ਵਿਚ ਲਿਖਿਆ ਹੈ ਕਿ ਉਮਰ ਨੇ ਨੇਮ ਥਾਪਿਆ ਸੀ ਕਿ ਜੋ ਸ਼ਰਾਬ ਪੀਵੇ, ਉਸ ਦੇ ਅੱਸੀ ਕੋਰੜੇ ਲਾਏ ਜਾਣ। ਇਕ ਦਿਨ ਖ਼ਲੀਫਾ ਦੇ ਪੁੱਤਰ ਅਬੂਸ਼ਾਮਹ ਨੇ ਸ਼ਰਾਬ ਪੀ ਲਈ, ਜਿਸ ਤੋਂ ਉਮਰ ਨੇ ਆਪਣੇ ਹੱਥੀ ਜ਼ੋਰ ਦੇ ਕੋਰੜੇ ਮਾਰੇ, ਅਤੇ ਉਸਦਾ ਪੁੱਤਰ ਮਰ ਗਿਆ "ਉਮਰ ਖਿਤਾਬ ਅਦਾਲਤੀ ਬੇਟਾ ਮਰਵਾਇਆ" (ਜੰਗਨਾਮਾ)

**ਉਮਾ** – ਪ੍ਰਭਾ, ਰੋਸ਼ਨੀ 2. ਸ਼ਿਵ ਦੀ ਇਸਤਰੀ, ਸ਼ਿਵਾ, ਪਾਰਵਤੀ, "ਕੁਮਾਰਸੰਭਵ" ਵਿਚ ਕਵਿ ਕਾਲੀ ਦਾਸ ਨੇ ਲਿਖਿਆ ਹੈ ਕਿ ਪਾਰਵਤੀ ਦੀ ਮਾਤਾ ਮੇਨਕਾ ਨੇ ਪੁੱਤਰੀ ਨੂੰ ਆਖਿਆ ਉ (ਘੋਰ ਤਪ) ਮਾ (ਮਤ ਕਰ), ਅਰਥਾਤ ਘੋਰ ਤਪ ਨਾ ਕਰ, ਇਸ ਲਈ ਨਾਉ 'ਉਮਾ' ਹੋਇਆ।

**ਉਮੇਦਾ** – ਰਾਇ ਬੁਲਾਰ ਤਲਵੰਡੀ ਦੇ ਹਾਕਮ ਦਾ ਨਫ਼ਰ, ਜੋ ਗੁਰੂ ਨਾਨਕ ਦੇਵ ਦੀ ਸੇਵਾ ਪ੍ਰੇਮ ਨਾਲ ਕੀਤਾ ਕਰਦਾ ਸੀ।

**ਉਰਦਾ ਬੇਗਨੀ, ਉਰਦਾ ਬੇਗੀ** – ਜ਼ਨਾਨੇ ਮਹਿਲ ਵਿਚ ਵਰਦੀ ਅਤੇ ਸ਼ਸ਼ਤ੍ਰ ਪਹਿਨ ਕੇ ਪਹਿਰਾ ਦੇਣ ਵਾਲੀ ਇਸਤ੍ਰੀ Amazon ਮੁਸਲਮਾਨ ਬਾਦਸ਼ਾਹਾਂ ਵੇਲੇ ਉਰਦਾ ਬੇਗਨੀ ਹੀ ਬਾਦਸ਼ਾਹ ਪਾਸ ਜ਼ਨਾਨਖਾਨੇ ਅੰਦਰ ਅਰਜ਼ ਪਹੁਚਾਇਆ ਕਰਦੀ ਸੀ।

**ਉਰਵਸੀ** – ਉਰਵੰਸ਼ੀ। ਜੋ ਵੱਡੇ ਵੱਡਿਆਂ ਨੂੰ ਵਸ਼ ਕਰਦੀ ਹੈ। ਇੱਛਾ, ਖ੍ਵਾਹਿਸ਼ 2. ਇਕ ਸੁਰਗ ਦੀ ਅਪੱਛਰਾ (ਅਪਸਰਾ) ਜਿਸ ਦਾ ਹਾਲ ਰਿਗਵੇਦ ਵਿਚ ਹੈ। ਇਹ ਨਾਰਾਯਣ ਦੇ ਉਰੁ (ਪੱਟ) ਤੋਂ ਉਪਜੀ, ਜਿਸ ਕਾਰਣ ਨਾਉਂ ਉਰਵਸੀ ਹੋਇਆ। ਮਹਾਂਭਾਰਤ ਵਿਚ ਲਿਖਿਆ ਹੈ ਕਿ ਮਿਤ੍ਰ ਅਤੇ ਵਰੁਣ ਦਾ ਉਰਵਸੀ ਨੂੰ ਦੇਕਕੇ ਵੀਰਯ ਡਿਗ ਪਿਆ, ਜਿਸ ਤੋਂ ਅਗਸਿਤ ਅਤੇ ਵਸ਼ਿਸਟ ਰਿਖੀ ਪੈਦਾ ਹੋਏ। ਇਕ ਵਾਰ ਉਰਵਸੀ ਨੇ ਇਨ੍ਹਾਂ ਦੋਹਾਂ ਰਿਖੀਆਂ ਨੂੰ ਗੁੱਸੇ ਕਰ ਦਿਤਾ, ਜਿਸ ਪੁਰ ਦੋਹਾਂ ਨੇ ਸ੍ਰਾਪ (ਸ਼ਾਪ) ਦਿਤਾ ਕਿ ਉਰਵਸੀ ਪ੍ਰਿਥਿਵੀ ਉਤੇ ਜਨਮ ਕੇ ਰਾਜਾ ਪੁਰੂਰਵਾ ਦੀ ਇਸਤ੍ਰੀ ਹੋਵੇ।

ਉਰਵਸੀ ਅਤੇ ਪੁਰੂਰਵਾ ਦੇ ਪ੍ਰੇਮ ਦੀ ਕਥਾ ਸ਼ਤਪਥ ਬ੍ਰਾਹਮਣ ਵਿਚ ਆਉਂਦੀ ਹੈ, ਅਤੇ ਕਵਿ ਕਾਲੀਦਾਸ ਨੇ ਭੀ "ਵਿਕ੍ਰਮੋਵਰਸ਼ੀਯ" ਨਾਟਕ ਵਿਚ ਉਤਮ ਰੀਤਿ ਨਾਲ ਇਹ ਪ੍ਰਸੰਗ ਲਿਖਿਆ ਹੈ। ਪਦਮ ਪੁਰਾਣ ਵਿਚ ਉਰਵਸੀ ਦੀ ਉਤਪਤੀ ਕਾਮਦੇਵ ਦੇ ਪੱਟ ਤੋਂ ਲਿਖੀ ਹੈ। "ਰੰਭਾ ਉਰਵਸੀ ਔਰ ਸਚੀ ਸੁ ਮੰਦੋਦਰੀ ਪੈ ਐਸੀ ਪ੍ਰਭਾ ਕਾਂਕੀ ਜਗ ਬੀਚ ਨ ਕਛੂ ਭਈ।" (ਕ੍ਰਿਸ਼ਨਾਵ)

3. ਨਿਰੁਕਤ ਵਿਚ ਬਿਜਲੀ ਦਾ ਨਾਉਂ ਭੀ ਉਰਵਸ਼ੀ ਹੈ।

**ਉਲੂਪੀ** – ਏਰਾਵਤ ਕੁਲ ਦੇ ਕੋਰਵਜ ਨਾਗ ਦੀ ਪੁਤਰੀ, ਜਿਸ ਨਾਲ ਅਰਜੁਨ ਨੇ ਨਾਗਲੋਕ ਵਿਚ ਜਾ ਕੇ ਵਿਆਹ ਕੀਤਾ, ਇਸਦੇ ਉਦਰ ਤੋਂ ਮਹਾਂਵੀਰ ਵਭ੍ਰਵਾਹਨ ਪੁਤਰ ਜਨਮਿਆ। ਤ੍ਰਿਪੁਰਾ ਦਾ ਰਾਜਾ ਆਪਣੇ ਤਾਈਂ ਉਲੂਪੀ ਦੇ ਪੁੱਤਰ ਵਭ੍ਰਵਾਹਨ ਦੀ ਉਲਾਦ ਮੰਨਦੇ ਹਨ।

**ਊਖਾ** – ਊਸ਼ਾ; ਕੱਲਰ ਵਾਲੀ ਜ਼ਮੀਨ 2. ਇਕ ਰਾਜਕੁਮਾਰੀ ਜੋ ਸ਼ੋਣਿਤਪੁਰ ਦੇ ਰਾਜਾ ਵਾਣ ਦੀ ਪੁਤਰੀ ਅਤੇ ਬਲਿ ਦੀ ਪੋਤੀ ਸੀ। ਉਸਨੇ ਇਕ ਵੇਰੀ ਇਕ ਸੁੰਦਰ ਰਾਜਕੁਮਾਰ ਨੂੰ ਸੁਪਨੇ ਵਿਚ ਦੇਖਿਆ ਅਤੇ ਉਸਦੇ ਰੂਪ ਤੇ ਮੋਹਿਤ ਹੋ ਗਈ। ਜਾਗ ਕੇ ਆਪਣੀ ਸਖੀ ਚਿਤਰਲੇਖਾ ਤੋਂ ਪੁੱਛਣ ਲੱਗੀ ਕਿ ਇਹੋ ਜੇਹਾ ਰਾਜਪੁਤਰ ਕੋਈ ਹੈ ਭੀ, ਕਿ ਨਹੀਂ? ਚਿਤਰਲੇਖਾ, ਜੋ (ਦਿਵਦ੍ਰਿਸ਼ਟੀ) ਨਾਲ ਤ੍ਰਿਲੋਕੀ ਨੂੰ ਦੇਖ ਸਕਦੀ ਸੀ ਅਤੇ ਚਿਤ੍ਰ ਲਿਖਣ ਵਿਚ ਨਿਪੁੰਨ ਸੀ, ਉਸਨੇ ਸਾਰੇ ਸੁੰਦਰ ਮਨੁੱਖਾਂ ਅਤੇ ਦੇਵਤਿਆਂ ਦੀਆਂ ਤਸਵੀਰਾਂ ਖਿੱਚ ਕੇ ਦੱਸੀਆਂ।

ਊਸ਼ਾ ਨੇ ਉਨ੍ਹਾਂ ਵਿਚੋਂ ਪ੍ਰਦੁਯਮਨ ਦੇ ਪੁੱਤਰ ਅਨਿਰੁੱਧ ਨੂੰ ਪਛਾਣ ਕੇ ਉਸ ਵਿਚ ਪਤਿਭਾਵ ਪ੍ਰਗਟ ਕੀਤਾ। ਚਿਤਰਲੇਖਾ ਨੇ ਊਖਾ ਦੀ ਇੱਛਾ ਪੂਰਣ ਕਰਨ ਲਈ ਅਨਿਰੁੱਧ ਨੂੰ ਸ਼ੋਣਿਤਪੁਰ ਦੇ ਰਾਜਮਹਲ ਵਿਚ ਮੰਗਵਾ ਦਿਤਾ। ਊਸ਼ਾ ਦੇ ਪਿਤਾ ਨੂੰ ਜਦ ਪਤਾ ਲੱਗਾ ਤਾਂ ਉਸ ਨੇ ਅਨਿਰੁੱਧ ਨੂੰ ਸਰਪਪਾਸ਼ ਨਾਲ ਬੰਨ ਲਿਆ। ਕ੍ਰਿਸ਼ਨ ਜੀ, ਪ੍ਰਦੁਯਮਨ ਅਤੇ ਬਲਰਾਮ ਅਨਿਰੁੱਧ ਨੂੰ ਛੁਡਾਉਣ ਗਏ। ਉਥੇ ਭਾਵੇਂ ਬਾਣ ਦੀ ਸਹਾਇਤਾ ਸ਼ਿਵ ਅਤੇ ਸਕੰਦ ਨੇ ਕੀਤੀ, ਪਰ ਇਹ ਯਾਦਵਾਂ ਅੱਗੇ ਹਾਰ ਗਏ ਅਤੇ ਕ੍ਰਿਸ਼ਨ ਜੀ ਅਨਿਰੁੱਧ ਨੂੰ ਛੁਡਾ ਕੇ ਊਸ਼ਾ ਸਮੇਤ ਦਵਾਰਕਾ ਲੈ ਆਏ।

*ਸੰਗ ਲਯੋ ਅਨਿਰੁੱਧ ਕੋ ਦੂਤੀ ਹਰਖ ਬਢਾਇ,*
*ਊਖਾ ਕੋ ਪੁਰ ਥੋ ਜਹਾਂ ਤਹਾਂ ਪਹੂੰਚੀ ਆਇ।* **(ਕ੍ਰਿਸਨਾਵ)**

**'ਚਲਦਾ'**

# ਨਕਾਬ ਤੇ ਸੁੰਦਰਤਾ ਦਾ ਰਾਜ਼

ਡਾ. ਕੁਲਦੀਪ ਸਿੰਘ

ਹਰ ਮਨੁੱਖ ਆਪਣੇ ਆਪ ਨੂੰ ਸੁੰਦਰ ਰੂਪ ਵਿਚ ਦਰਸਾਉਣ ਦੀ ਚਾਹ ਰਖਦਾ ਹੈ। ਵਿਗਿਆਨ ਦੇ ਜੁਗ ਵਿਚ ਸਰੀਰ ਨੂੰ ਸ਼ਿੰਗਾਰਨ ਲਈ ਅਨੇਕ ਵਸਤਾਂ ਦੀ ਖੋਜ ਕੀਤੀ ਗਈ। ਇਸੇ ਖੋਜ ਨਾਲ ਵਧਦੀ ਜਗਿਆਸਾ ਨੇ ਇਕ ਨਵੀਂ ਤਕਨੀਕੀ ਪ੍ਰਣਾਲੀ ਨੂੰ ਜਨਮ ਦਿਤਾ ਜੋ ਜੜੀ-ਬੂਟੀਆਂ (Herbal Products) ਤੋਂ ਲੈ ਕੇ ਆਧੁਨਿਕ ਮਸ਼ੀਨਾਂ (Electronic cosmetic gadgets) ਰਾਹੀਂ ਸਰੀਰ ਨੂੰ ਸੁੰਦਰ ਬਣਾਉਣ ਦੀ ਕੋਸ਼ਿਸ਼ ਵਿਚ ਜੁਟੀ ਹੈ। ਇਸ ਪ੍ਰਣਾਲੀ ਹੇਠ ਵਰਤੋਂ ਵਿਚ ਆਉਣ ਵਾਲੇ ਸਾਜੋ-ਸਮਾਨ ਨੇ ਇਕ ਵੱਡਾ ਵਪਾਰਿਕ ਅਦਾਰਾ ਕਾਇਮ ਕਰ ਲਿਆ ਹੈ ਜੋ ਮੈਗਜ਼ੀਨਾਂ, ਵਿਗਿਆਪਨਾਂ ਤੋਂ ਇਲਾਵਾ ਸਿਖਲਾਈ, ਡਿਪਲੋਮੇ ਵੀ ਪ੍ਰਦਾਨ ਕਰ ਰਿਹਾ ਹੈ। ਮਨੁਖਤਾ ਦਾ ਮਨੁਖ ਹੱਥੋਂ ਸ਼ੋਸ਼ਨ ਦੀ ਨੀਤੀ ਅਧੀਨ, ਇਸ ਵਪਾਰਿਕ ਅਦਾਰੇ ਦੀ ਖਪਤ ਵਧਾਣ ਲਈ ਵਿਉਂਤਬੰਦੀ ਕੀਤੀ ਗਈ। ਇਸ ਸਾਜਿਸ਼ ਵਿਚ ਮਨੁਖ ਦੀ ਉਡਾਰੀ ਮਾਰਦੀ ਖਿਆਲਾਂ ਰੂਪੀ ਤ੍ਰਿਸ਼ਨਾ ਨੂੰ, ਇਸਦੇ ਮਨ ਨਾਲ ਮੇਲ ਖਾਂਦੀ ਕਲਪਨਾ ਵਿਚ ਟੀ. ਵੀ. ਅਤੇ ਸਟੇਜਾਂ ਰਾਹੀਂ ਦਰਸਾਇਆ ਗਿਆ। ਇਸਦੇ ਦਿਮਾਗ ਅੰਦਰ ਡੂੰਘੀ ਚੋਟ ਕਰਨ ਲਈ ਦਿਲਾਂ ਵਿਚ ਘਰ ਕਰ ਗਏ ਕਲਾਕਾਰਾਂ, ਅਭਿਨੇਤਾ, ਖਿਡਾਰੀਆਂ ਦੀ ਮਦਦ ਲਈ ਗਈ। ਅਧਿਆਤਮਵਾਦ ਤੋਂ ਪਹਿਲਾਂ ਹੀ ਪਛੜਿਆ ਮਨੁੱਖ ਆਤਮਾ, ਪ੍ਰਮਾਤਮਾ ਤੋਂ ਬਿਲਕੁਲ ਲਾਂਭੇ ਹੋ ਗਿਆ ਅਤੇ ਆਪਣੀ ਸੁੰਦਰਤਾ ਲਈ ਬਾਹਰੀ ਨਿਖਾਰ ਵਿਚ ਲਗ ਗਿਆ। ਮਨੁਖ ਇਨ੍ਹਾਂ ਵਲੋਂ ਦਰਸਾਈਆਂ ਚੀਜ਼ਾਂ ਨੂੰ ਇਸਤੇਮਾਲ ਕਰ ਅਤੇ ਉਨ੍ਹਾਂ ਦੀ ਨਕਲ ਕਰ ਆਪਣੇ ਤੇ ਆਪਣੇ ਖਿਆਲਾਂ ਨਾਲ ਮੇਲ ਖਾਂਦੀ ਸ਼ਖਸ਼ੀਅਤ ਦੀ ਨਜ਼ਦੀਕੀ ਮਹਿਸੂਸ ਕਰਨ ਲਗਾ। ਉਸਦਾ ਖਾਣਾ-ਪੀਣਾ, ਬੋਲਣਾ ਅਤੇ ਪਹਿਨਣ ਦਾ ਅੰਦਾਜ਼ ਉਸਦੀ ਕੀਤੀ ਅਦਾਕਾਰੀ ਵਾਂਗ ਹੋਣ ਲਗ ਪਿਆ। ਹਦ ਉਦੋਂ ਹੋ ਗਈ ਜਦ ਕਿਸੇ ਫਿਲਮ ਦੇ ਦ੍ਰਿਸ਼ ਵਿਚ ਪਿਉ ਮਰਨ ਤੋਂ ਬਾਦ ਜੋ ਕਲਾਕਾਰ ਗੰਜਾ ਹੋ ਗਿਆ ਅਤੇ ਇਹ ਆਪਣੇ ਇਸ਼ਟ ਦੀ ਨਕਲ ਕਰ, ਸੁਖੀਂ-ਸਾਂਦੀਂ ਘਰ ਗੰਜਾ ਪਰਤਿਆ। ਬਾਪੂ ਦੇਖ ਕੇ ਆਪਣੇ ਚੂੰਡੀਆਂ ਮਾਰ ਜ਼ਿੰਦਾ ਹੋਣ ਦਾ ਸਬੂਤ ਭਾਲਣ ਲਗਾ। ਹੈਰਾਨ ਹੋਈ ਮਾਂ ਸੋਚਣ ਲਗੀ ਕਿ ਇਹ ਕਿਹੜੇ ਧਰਮ ਦੀ ਦੀਕਸ਼ਾ ਲੈ ਆਇਆ।

ਅਜ ਇਸੇ ਪ੍ਰਭਾਵ ਹੇਠ ਸਾਡੀ ਸਿਖ ਨੌਜਵਾਨ ਪੀੜ੍ਹੀ ਦਸਮ ਪਾਤਸ਼ਾਹ ਵਲੋਂ ਦਿਤੀ ਸਿੱਖੀ ਦੀ ਪਹਿਚਾਣ ਨੂੰ ਤਿਆਗਣ ਲਗੀ ਹੋਈ ਹੈ। ਪਹਿਚਾਣ ਜੋ ਅੰਦਰਲੀਆਂ ਰਹਿਤਾਂ ਲਈ ਸਦਾ ਪ੍ਰੇਰਨਾ ਦਿੰਦੀ ਹੈ ਜਿਸ ਨਾਲ ਆਪਣੇ ਵਿਰਸੇ ਨਾਲ ਸਬੰਧ ਰਹਿ ਸਕਦਾ ਹੈ। ਇਸ ਸਾਜਿਸ਼ ਤੋਂ ਨੌਜਵਾਨ ਪੀੜ੍ਹੀ ਨੂੰ ਜੋਸ਼ ਨਾਲ ਨਹੀਂ ਪਰੰਤੂ ਹੋਸ਼ ਅਤੇ ਉਨ੍ਹਾਂ ਦੇ ਸਮਝ ਦੇ ਗਿਆਨ ਮੁਤਾਬਿਕ ਵਾਪਸ ਲਿਆਉਣਾ ਅਜ ਦੇ ਮਿਸ਼ਨਰੀ ਪ੍ਰਚਾਰਕਾਂ ਲਈ ਜ਼ਰੂਰੀ ਹੈ। ਸੁੰਦਰਤਾ ਦਾ ਅਧਾਰ ਅਤੇ ਉਸਨੂੰ ਹਾਸਲ ਕਰਨ ਦਾ ਰਾਹ ਸਮਝਾਣਾ ਜ਼ਰੂਰੀ ਹੈ।

ਸੁੰਦਰਤਾ ਦਾ ਅਧਾਰ ਕੀ ਹੈ? ਦੁਨੀਆਂ ਭਰ ਵਿਚ ਸ਼ਹਿਰੀ ਪੱਧਰ ਤੋਂ ਰਾਜ ਪੱਧਰ ਦੇ, ਕੌਮੀ ਪੱਧਰ ਤੋਂ ਵਿਸ਼ਵ ਪੱਧਰ ਦੇ, ਮੁੰਡਿਆਂ ਕੁੜੀਆਂ ਦੇ ਸੁੰਦਰਤਾ ਦੇ ਮੁਕਾਬਲੇ ਕਰਵਾਏ ਜਾਂਦੇ ਹਨ। ਦਸ-ਬਾਰ੍ਹਾਂ ਜੱਜਾਂ ਦੇ ਫੈਸਲੇ ਦੇ ਬਾਵਜੂਦ ਦੁਨੀਆਂ ਉਹਨਾਂ ਦੀ ਚੋਣ ਦੇ ਵਾਦ-ਵਿਵਾਦ ਵਿਚ ਪੈ ਜਾਂਦੀ ਹੈ। ਇਸ ਫਸਾਦ ਨੂੰ ਠੱਲ ਪਾਣ ਲਈ ਸ਼ਕਲ ਦੇ ਨਾਲ ਅਕਲ ਦਾ ਇਮਤਿਹਾਨ ਜੋੜ ਦਿਤਾ। ਪਰ ਹਰ ਸਾਲ, ਪਿਛਲੇ ਸਾਲ ਦੀ ਸੁੰਦਰ, ਗਿਆਨਵਾਨ, ਅਮੀਰ ਹੋਈ ਅਖੌਤੀ ਹਸਤੀ ਨੂੰ ਭੁਲਾ ਦਿਤਾ ਜਾਂਦਾ ਹੈ। ਉਸ ਦੇ ਜਿੰਦੇ ਜੀ ਉਹ ਨਾਮ ਲੋਕਾਂ ਦੇ ਦਿਲਾਂ ਵਿਚੋਂ ਮਿਟ ਜਾਂਦਾ ਹੈ। ਪਰ ਮਦਰ ਟਰੇਸਾ (Mother Tersa) ਅਤੇ ਭਗਤ ਪੂਰਨ ਸਿੰਘ ਵਰਗੇ ਝੁਰੀਦਾਰ, ਬਜ਼ੁਰਗਾਂ ਦਾ ਨਾਮ ਤੇ ਚਿਹਰਾ ਦਿਲਾਂ ਦੀ ਧੜਕਨ ਬਣ ਗਿਆ। ਅੱਜ ਵੀ ਮਦਰ ਟਰੇਸਾ ਦੇ ਥੋੜੇ ਜਿਹੇ ਬਿਮਾਰ ਹੋਣ ਤੇ ਸਾਰੇ ਮੁਲਕਾਂ ਵਿਚ ਉਸਦੀ ਤੰਦਰੁਸਤੀ ਅਤੇ ਸਿਹਤ ਦੀਆਂ ਅਰਦਾਸਾਂ ਸ਼ੁਰੂ ਹੋ ਜਾਂਦੀਆਂ ਹਨ। ਫਰਕ ਸਿਰਫ ਅਮਲਾਂ ਦਾ ਹੈ। ਕਿਸੇ ਦੀ ਵੀ ਸੁੰਦਰਤਾ ਉਸਦੇ ਕੰਮਾਂ ਤੇ ਅਧਾਰਤ ਹੈ ਅਤੇ ਕੰਮ ਉਸਦੀ ਅੰਦਰਲੀ ਸੋਚ ਤੇ ਅਧਾਰਤ ਹਨ। ਮਦਰ ਟਰੇਸਾ ਤੇ ਪੂਰਨ ਸਿੰਘ ਨੇ, ਕੌਮਾਂ ਦੀ ਅਤੇ ਊਚ ਨੀਚ ਦੇ ਭੇਦ ਦੀਆਂ ਦੀਵਾਰਾਂ ਤੋਂ ਉਤੇ ਉਠ ਕੇ ਰੋਂਦੀ-ਕੁਰਲਾਂਦੀ ਮਨੁਖਤਾ ਦੀ ਪਾਲਣਾ ਦਾ ਉਪਰਾਲਾ ਕੀਤਾ ਹੈ। ਇਸੇ ਲਈ ਵਿਸ਼ਵ ਸੁੰਦਰਤਾ ਦਾ ਦਰਜਾ, ਝੁਰੀਦਾਰ ਬਜ਼ੁਰਗ ਸੁੰਦਰ ਖਿੱਚ ਅਗੇ ਤੁਛ ਮਾਤਰ ਹੈ।

*ਅਤਿ ਸੁੰਦਰ ਕੁਲੀਨ ਚਤੁਰ ਮੁਖਿ ङਿਆਨੀ ਧਨਵੰਤ॥*
*ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ॥*

*ਪੰਨਾ - 253*

ਸੰਸਾਰ ਵਿਚ ਕੁਛ ਐਸੀ ਨੂਰੀ ਹਸਤੀਆਂ ਹੋਈਆਂ, ਜਿਨ੍ਹਾਂ ਦੀ ਲੋਕਾਂ ਨੇ ਹੋਂਦ ਖਤਮ ਕਰਨੀ ਚਾਹੀ, ਪਰ ਹਜ਼ਾਰਾਂ ਸਾਲ ਬਾਦ ਵੀ ਉਹ ਮਨੁੱਖਤਾ ਦੇ ਮਨ ਵਿਚ ਅਮਿਟ ਹਨ। ਕੀ ਅਸੀਂ ਆਪਣੇ ਗੁਰੂ ਸਾਹਿਬਾਨਾਂ, ਈਸਾ ਮਸੀਹ, ਮਹੁੰਮਦ ਸਾਹਿਬ, ਕ੍ਰਿਸ਼ਨ, ਰਾਮ, ਕਬੀਰ, ਫਰੀਦ ਅਤੇ ਹੋਰ ਸਾਧੂ, ਮਹਾਤਮਾ ਨੂੰ ਭੁੱਲ ਸਕੇ ਹਾਂ? ਉਨ੍ਹਾਂ ਦੇ ਕੀਤੇ ਮਨੁਖਤਾ ਲਈ ਪਰਉਪਕਾਰੀ ਕੰਮ ਵਸ ਅਸੀਂ ਉਹਨਾਂ ਦੇ ਦਰਸ਼ਨਾਂ ਦੀ ਲੋਚਾ ਰਖ ਤਰਲੇ ਲੈਂਦੇ ਫਿਰਦੇ ਹਾਂ।

ਅਸੀਂ ਕਦੇ ਵੀ ਜਾਨਣ ਦੀ ਕੋਸ਼ਿਸ਼ ਨਹੀਂ ਕੀਤੀ ਕਿ ਸੰਤ, ਸਾਧੂ, ਮਹਾਤਮਾ ਦੇ ਦਰਸ਼ਨ ਖਿੱਚ ਕਿਉਂ ਪਾਉਂਦੇ ਹਨ। ਕਿਉਂ ਬੱਦੋ-ਬਦੀ ਸਾਡੇ ਮਨ ਵਿਚ ਪਿਆਰ ਉਮੜ ਆਉਂਦਾ ਹੈ ਅਤੇ ਸ਼ਰਧਾ ਨਾਲ ਸਿਰ ਝੁੱਕ ਜਾਂਦਾ ਹੈ। ਚਿਹਰਾ ਮਨ ਦਾ ਦਰਪਣ ਹੁੰਦਾ ਹੈ। ਮਨ ਦੇ ਭਾਵਾਂ ਦਾ ਅਕਸ਼ ਚਿਹਰੇ ਤੇ ਪੈਂਦਾ ਹੈ। ਨਾਮ ਨਾਲ ਅਭੇਦ, ਅਫੁਰ ਅਵਸਥਾ ਕਾਰਨ ਪ੍ਰਮੇਸ਼ਰ ਦੇ ਨੂਰ ਦੀ ਝਲਕ ਇਨ੍ਹਾਂ ਸੰਤ, ਸਾਧੂ, ਮਹਾਤਮਾ ਦੇ ਮੁਖ ਤੇ ਪੈਂਦੀ ਹੈ।

ਬੱਚੇ ਦਾ ਮੁਖ ਇਸੇ ਲਈ ਸੁੰਦਰ ਲਗਦਾ ਹੈ ਕਿ ਉਸ ਵਿਚ ਵਾਸ਼ਨਾਵਾਂ ਪ੍ਰਬਲ ਨਹੀਂ ਹਨ। ਉਸ ਵਿਚ ਕੁਦਰਤਪਨ ਹੈ। ਨਕਲੀਪਨ ਦੀ ਕਮੀ ਹੈ। ਕੁਦਰਤ ਦੀ ਬਣਾਈ ਹਰ ਚੀਜ਼ ਸੁੰਦਰ ਅਤੇ ਅਜਬ ਕਾਰੀਗਰੀ ਦੀ ਪ੍ਰਤੀਕ ਹੈ। ਬੱਚੇ ਦਾ ਚਿਹਰਾ ਇਕ ਡੋਡੀ (bud) ਵਾਂਗ ਹੈ ਜਿਸ ਵਿਚ ਬੇਸ਼ਕ ਹਉਮੈ ਦੀ ਅੰਸ਼ ਮੌਜੂਦ ਹੈ ਪਰ ਜੇ ਹਿੰਮਤ ਕਰੇ ਤਾਂ ਜਿਹੜੀ ਲਿਵ ਜਨਮ ਸਮੇਂ ਟੁਟ ਗਈ ਸੀ, ਉਸ ਤਰੰਗ ਨੂੰ ਫੜ ਸਕਦਾ ਹੈ।

*ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ॥*

*ਪੰਨਾ - 921*

ਅਤੇ ਨਾਮ ਜਪ ਕੇ ਡੋਡੀ ਖਿੜ ਸਕਦੀ ਹੈ ਪਰ ਖਿੜਨ ਤੋਂ ਪਹਿਲਾਂ ਕਿਉਂ ਮੁਰਝਾ ਜਾਂਦੀ ਹੈ?

ਮਨੁੱਖ ਦਾ ਜੀਵਨ ਪਸ਼ੂ ਬਿਰਤੀ ਤੋਂ ਦੈਵੀ ਬਿਰਤੀ ਦੇ ਵਿਚ ਦਾ ਦੁਵੰਧ ਹੈ। ਦੁਵੰਧ ਤਨਾਵ ਨੂੰ ਜਨਮ ਦਿੰਦਾ ਹੈ। ਤਨਾਵ ਦਾ ਮੁਖ ਕਾਰਨ ਸਾਡੀ ਜ਼ਮੀਰ ਅਤੇ ਵਾਸ਼ਨਾਵਾਂ ਦੀ ਹਾਲਾਤਾਂ ਸਾਮਣੇ ਘਟੀ ਇਕ ਲੜਾਈ ਹੈ। ਜਿੱਤ ਭਾਵੇਂ ਜ਼ਮੀਰ ਦੀ ਹੋਵੇ ਜਾਂ ਵਾਸ਼ਨਾਵਾਂ ਦੀ, ਮਨੁੱਖ ਪਰੇਸ਼ਾਨੀ ਵਿਚ ਚਲਾ ਜਾਂਦਾ ਹੈ। ਪਰੇਸ਼ਾਨੀ ਉਦਾਸੀ ਨੂੰ ਜਨਮ ਦੇਂਦੀ ਹੈ।

ਇਸ ਲਈ ਬਚਪਨ ਤੋਂ ਬਾਦ ਜਦੋਂ ਜਵਾਨੀ ਆ ਜਾਂਦੀ ਹੈ ਤਾਂ ਪਤੀ ਜਾਂ ਪਤਨੀ ਇਕ ਦੂਜੇ ਦੀ ਕਲਪਨਾ ਤੇ ਪੂਰੇ ਨਹੀਂ ਉਤਰਦੇ। ਕਲਪਨਾ ਵਿਚ ਕੀਤੀ ਮੁਲਾਕਾਤ ਅਤੇ ਗਲਬਾਤ ਉਸਦੇ ਅਪਣੇ ਨਿਜੀ ਖਿਆਲ ਹੀ ਸਨ। ਅਸਲੀਅਤ ਵਿਚ ਹਰ ਇਨਸਾਨ ਦੀ ਵਖਰੀ ਹਉਮੈ ਅਤੇ ਹੋਂਦ ਕਾਰਨ ਕਲਪਿਤ ਸੰਸਕਾਰ ਦੀ ਰਚਨਾ ਵੀ ਵੱਖੋ-ਵੱਖ ਹੈ। ਜਦੋਂ ਇਹ ਦੋ ਸੰਸਾਰ ਟੱਕਰ ਖਾਂਦੇ ਹਨ ਤਾਂ 'ਮੈਂ' ਨੂੰ ਲੱਗੀ ਚੋਟ ਬੁਰੀ ਲਗਦੀ ਹੈ। ਕ੍ਰੋਧ, ਨਫਰਤ, ਭੈ ਅਤੇ ਵਿਕਾਰ ਪ੍ਰਬਲ ਹੋ ਜਾਂਦੇ ਹਨ। ਸਾਰੀ ਦੁਨੀਆਂ ਨਾਲ ਟੱਕਰ ਲੈਣ ਦੀ ਹਿੰਮਤ ਨਾ ਹੋਣ ਕਰਕੇ ਇਨ੍ਹਾਂ ਭਾਵਾਂ ਨੂੰ ਦਬਾਉਣਾ ਪੈਂਦਾ ਹੈ। ਆਪਣੇ-ਆਪ ਨੂੰ ਸੁੰਦਰ ਦ੍ਰਿਸ਼ਟਮਾਨ ਕਰਨ ਲਈ ਇਕ ਕਲਾ ਵਰਤਦੀ ਹੈ ਜਿਸ ਨਾਲ ਮਨ ਤੋਂ ਉਲਟ ਭਾਵ ਮੌਕੇ-ਬੇਮੌਕੇ ਚਿਹਰੇ ਤੇ ਪ੍ਰਗਟ ਕਰ ਲੈਂਦਾ ਹੈ। ਕਿਸੇ ਨਾਲ ਹਮਦਰਦੀ ਕਰਦਾ ਹੋਇਆ ਬਾਹਰੋਂ ਚਿਹਰਾ ਉਦਾਸ ਜਿਹਾ ਬਣਾ ਲਵੇਗਾ ਪਰ ਅੰਦਰ ਖੁਸ਼ੀ ਦੇ ਭਾਵਾਂ ਨਾਲ ਭਰਿਆ ਹੋਵੇਗਾ। ਇਸੇ ਤਰ੍ਹਾਂ ਕਿਸੇ ਦੀ ਮਦਦ ਕਰਨ ਲੱਗਿਆਂ ਚਿਹਰੇ ਤੇ ਨਿਮਰਤਾ ਧਾਰਨ ਕਰਦਾ ਹੈ ਪਰ ਮਨ ਅੰਦਰ ਹੰਕਾਰ ਦੇ ਭਾਵ ਹੁੰਦੇ ਹਨ। ਕਿਸੇ ਦੇ ਵਿਆਹ ਜਾਂ ਮੁੰਡੇ ਦੀ ਵਧਾਈ ਦੇਣ ਲੱਗਿਆਂ ਚਿਹਰੇ ਤੇ ਖੁਸ਼ੀ ਦੀ ਫੈਲਾਅ ਲਿਆਵੇਗਾ ਪਰ ਅੰਦਰੋਂ ਮਨ ਈਰਖਾ ਦਾ ਭਰਿਆ ਹੋਣ ਕਰਕੇ ਲੱਡੂ ਗਲੇ ਤੋਂ ਹੇਠਾਂ ਨਾ ਉਤਰਦਾ ਦੇਖ ਪਾਣੀ ਦੇ ਗਿਲਾਸ ਦੀ ਮੰਗ ਕਰੇਗਾ।

ਇਨਸਾਨ ਕਲਾਕਾਰ ਬਣਦਾ-ਬਣਦਾ ਆਪਣੇ ਆਪ ਨੂੰ ਡੂੰਘੇ ਤਨਾਵ ਵਿਚ ਲੈ ਗਿਆ। ਇਤਨੀ ਕਲਾਕਾਰੀ ਦੇ ਬਾਵਜੂਦ ਇਨਸਾਨ ਆਪਣੀ ਸੁੰਦਰਤਾ ਨੂੰ ਖੋ ਬੈਠਦਾ ਹੈ। ਕਥਨੀ ਤੇ ਕਰਨੀ ਵਿਚ ਫਰਕ ਆ ਜਾਂਦਾ ਹੈ। ਆਪਣਾ ਵਿਸ਼ਵਾਸ਼ ਖੋਂਦਾ ਖੋਂਦਾ ਡਰਾਵਣਾ ਹੋ ਜਾਂਦਾ ਹੈ। ਚਿਹਰੇ ਤੇ ਇਕ ਖੇਡ ਸ਼ੁਰੂ ਹੋ ਜਾਂਦੀ ਹੈ। ਤਨਾਵ ਕਾਰਨ ਹੋਈ ਉਦਾਸੀ ਇਸਦੇ ਚਿਹਰੇ ਨੂੰ ਸਿੰਗੋੜਦੀ (shrinkage) ਹੈ। ਪਰ ਇਹ ਜ਼ਬਰਦਸਤੀ ਖੁਸ਼ੀ ਦੇ ਭਾਵ ਦਿਖਾਉਣ ਲਈ ਚਿਹਰੇ ਨੂੰ ਫੈਲਾਵ (bloom) ਵਿਚ ਕਰਦਾ ਹੈ। ਪਰ ਕਲਾਕਾਰੀ ਨਾਲ ਕੀਤਾ ਫੈਲਾਵ ਕੁਛ ਦੇਰ ਠਹਿਰ ਸਕਦਾ ਹੈ। ਇਸੇ ਖੇਡ ਕਾਰਨ ਮੂੰਹ ਤੇ ਝੁਰੜੀਆਂ ਪੈ ਜਾਂਦੀਆਂ ਹਨ। ਝੁਰੜੀਆਂ ਦੇ ਪੈ ਰਹੇ ਲਗਾਤਾਰ ਜ਼ੋਰ ਨਾਲ ਨਿਚਲੀ ਹੱਡੀ ਆਪਣਾ ਰੂਪ ਬਦਲ ਲੈਂਦੀ ਹੈ। ਤਨਾਵ ਕਾਰਨ ਭੁੱਖ ਘਟ ਲੱਗਣ ਤੇ ਅਤੇ ਹਾਜ਼ਮਾ ਖਰਾਬ ਹੋਣ ਕਾਰਨ ਸਰੀਰ ਵਿਚ ਕੁਛ ਤੱਤਾਂ ਦੀ ਕਮੀ ਹੋ ਜਾਂਦੀ ਹੈ। ਜਿਸ ਕਾਰਨ ਚਮੜੀ ਖੁਸ਼ਕ,ਵਾਲ ਸਫੇਦ ਹੋਣੇ ਸ਼ੁਰੂ ਹੋ ਜਾਂਦੇ ਹਨ। ਚਿਹਰਾ ਲਟਕਿਆ ਅਤੇ ਕੁਮਲਾਇਆ ਜਾਪਦਾ ਹੈ। ਵਾਲ ਡਿਗਣੇ ਸ਼ੁਰੂ ਹੋ ਜਾਂਦੇ ਹਨ ਅਤੇ ਖਚਦੇ ਵਾਲਾਂ ਨੂੰ ਖੁਦ ਗੁਸੇ ਵਿਚ ਪੁਟਦਾ ਰਹਿੰਦਾ ਹੈ। ਮੁੱਖ ਤੋਂ ਨਿਕਲੇ ਵਿਚਾਰ ਮੈਲ ਭਰੇ ਤੇ ਦੁੱਖ ਭਰੇ ਹੁੰਦੇ ਹਨ। ਅਖੀਰ ਮੂੰਹ ਡਰਾਵਣਾ ਹੋ ਜਾਂਦਾ ਹੈ।

*ਫਰੀਦਾ ਤਿਨਾ ਮੁਖ ਡਰਾਵਣੇ ਜਿਨਾਂ ਵਿਸਾਰਿਓਨੁ ਨਾਉ॥*

*ਐਥੇ ਦੁਖ ਘਣੇਰਿਆ ਅਗੈ ਠਉਰ ਨ ਠਾਉ॥*

*ਪੰਨਾ - 1383*

ਚਿਹਰਾ ਜਦੋਂ ਕਲਾਕਾਰੀ ਦੀ ਖੇਡ ਦੇ ਕਾਬੂਪਨ ਤੋਂ ਬਾਹਰ ਹੋ ਜਾਂਦਾ ਹੈ ਤਾਂ ਡਰਾਵਣੇ ਚਿਹਰੇ ਨੂੰ ਨਕਾਬਪੋਸ਼ੀ ਲਈ ਸ਼ਿੰਗਾਰ ਦੀ ਜ਼ਰੂਰਤ ਪੈਂਦੀ ਹੈ। ਹਰ ਪਰਿਵਾਰ ਦੀ ਮਿਹਨਤ ਦੀ ਕਮਾਈ ਦਾ ਦਸਵੰਧ ਲਿਚਾ-ਪੋਚੀ ਦੀ ਯੱਗ ਸਮੱਗਰੀ ਦੀ ਭੇਟਾ ਚੜ੍ਹਦਾ ਹੈ। ਮਨੁੱਖ ਦਾ ਰੰਗ-ਬਰੰਗੀ ਦੁਨੀਆਂ ਦਾ ਨਿੱਜੀ ਅਨੁਭਵ ਹੋਣ ਕਰਕੇ, ਸਰਕਸ ਦੇ ਜੋਕਰਾਂ ਵਾਂਗ ਇਕ ਦੂਜੇ ਨੂੰ ਕਥਨੀ ਅਤੇ ਕਰਨੀ ਵਿਚ ਚੰਗੀ ਤਰ੍ਹਾਂ ਜਾਣਦੇ ਹਨ। ਅੰਦਰੂਨੀ ਮਨ ਨੂੰ ਸਾਫ ਕੀਤੇ ਬਿਨਾਂ ਬਾਹਰਲੇ ਰੰਗਾਂ ਦਾ ਮੇਲ ਦੇਣ ਲਈ ਇਕ ਕਰਮ-ਕਾਂਡ ਦੀ ਫਰੇਬੀ ਦੁਨੀਆਂ ਦਾ ਨਿਰਮਾਣ, ਲੋਕ ਭਲਾਈ ਕਲੱਬਾਂ ਰਾਹੀਂ ਕਰਦੇ ਹਨ। ਲੇਕਿਨ ਸਾਰੇ ਕੰਮ ਦਿਖਾਵੇ ਅਤੇ ਹੰਗਤਾ ਭਰੇ ਹੋਣ ਕਰਕੇ ਨਾ ਤਾਂ ਕੋਈ ਖੁਸ਼ੀ ਪ੍ਰਦਾਨ ਕਰਦੇ ਹਨ, ਨਾ ਹੀ ਮਨ ਦੀ ਮੈਲ ਧੋਣ ਨੂੰ ਸਹਾਈ ਹੁੰਦੇ ਹਨ। ਬਲਕਿ ਅਹੰਕਾਰ ਦੀ ਇਕ ਹੋਰ ਪਰਤ ਜਮ ਜਾਂਦੀ ਹੈ। ਹਾਲੇ ਵੀ ਇਨਸਾਨ ਸੋਚਦਾ ਨਹੀਂ ਕਿ ਬੱਚੇ ਇਸ ਤੋਂ ਕਿਉਂ ਡਰਦੇ ਹਨ, ਪਤੀ-ਪਤਨੀ ਇਕ ਦੂਜੇ ਤੋਂ ਕਿਉਂ ਭੈ ਖਾਂਦੇ ਹਨ। ਇਮਾਨਦਾਰੀ ਨਿਆਂ ਤੋਂ ਡਰਦੀ ਹੈ, ਸ਼ਰਾਫਤ ਵੀ ਪੁਲਿਸ ਤੋਂ ਕਿਉਂ ਕੰਬਦੀ ਹੈ? ਸਰਕਾਰ ਮੁਲਾਜ਼ਮ ਤੋਂ ਅਤੇ ਮੁਲਾਜ਼ਮ ਸਰਕਾਰ ਤੋਂ ਕਿਉਂ ਡਰ ਰਿਹਾ ਹੈ? ਮੁਕਦੀ ਗੱਲ ਕਿ ਇਨਸਾਨ ਇਨਸਾਨ ਦੀ ਮੌਜੂਦਗੀ ਤੋਂ ਖੌਫ ਖਾਂਦਾ ਹੈ। ਇਨਸਾਨ ਦੇ ਅੰਦਰੋਂ ਕਿਹੜੀਆਂ ਲਹਿਰਾਂ ਨਿਕਲ ਰਹੀਆਂ ਹਨ ਜੋ ਦੋ ਇਨਸਾਨਾਂ ਨੂੰ ਆਪਸ ਵਿਚ ਮੇਲਣ ਦੀ ਜਗ੍ਹਾ ਦੂਰ-ਦੂਰ ਧੱਕ ਰਹੀਆਂ ਹਨ। ਚੰਗੇ ਆਚਰਣ ਵਾਲੇ ਕੰਮ ਜੋ ਮਦਰ ਟਰੇਸਾ ਤੇ ਭਗਤ ਪੂਰਨ ਸਿੰਘ ਨੇ ਕੀਤੇ ਅਤੇ ਭਾਈ ਘਨਈਆ ਜੀ ਤੋਂ ਸਹਿਜੇ ਹੀ ਹੋ ਗਏ, ਉਹ ਤਾਂ ਇਕ ਪਾਸੇ ਰਹੇ ਇਸਦੀ ਆਪਣੀ ਹੀ ਜ਼ਿੰਦਗੀ ਅਪਾਹਜ ਕਿਉਂ ਲਗ ਰਹੀ ਹੈ?

ਜਿਸ ਡੋਡੀ ਦਾ ਫੁੱਲ ਵਿਚ ਖਿੜਨਾ ਅਤੇ ਖਿੜ ਕੇ ਆਪਣੀ ਹੋਂਦ ਖਤਮ ਕਰ ਖੁਸ਼ਬੂ ਦਾ ਰੂਪ ਰਹਿ ਜਾਣਾ, ਜੋ ਜ਼ਿੰਦਗੀ ਦੀ ਸੁੰਦਰਤਾ ਸੀ, ਕਿਉਂ ਕੁਮਲਾ ਗਈ? ਇਸ ਲਈ ਜ਼ਿੰਮੇਵਾਰ.........? ਮਾਂ-ਬਾਪ, ਸਾਡਾ ਸਮਾਜ, ਸਾਡੇ ਧਰਮ ਪ੍ਰਚਾਰਕ ਅਤੇ ਬੁਧੀ ਜੀਵੀ ਜਾਂ ਇਨਸਾਨ ਖੁਦ ਆਪ ਹੈ। ਇਸ ਦਾ ਜ਼ਿਕਰ ਮੈਡੀਕਲ ਪੱਧਰ ਤੇ genetics ਅਤੇ psychology ਦੀ ਆਧੁਨਿਕ ਖੋਜਾਂ ਅਤੇ ਗੁਰਮਤਿ ਦੇ ਅਧਾਰ ਤੇ ਕਰਾਂਗੇ। ਗੁਰਮਤਿ ਦੀ ਖੋਜ ਸਾਇੰਸ ਨਾਲੋਂ ਅਗੇ ਹੋਣ ਕਾਰਣ ਅੱਜ ਦੇ ਸਾਇੰਸਦਾਨਾਂ ਨੂੰ ਰਾਹ ਦਰਸਾ ਸਕਦੀ ਹੈ।

'ਚਲਦਾ'

ਬਾਹਰਲੀਆਂ ਰਹਿਤਾਂ ਤੋਂ ਬਿਨਾਂ ਅੰਦਰਲੀਆਂ ਰਹਿਤਾਂ ਦਾ ਗਿਆਨ ਮੁਸ਼ਕਲ ਅਤੇ ਅੰਦਰਲੀਆਂ ਰਹਿਤਾਂ ਦੇ ਗਿਆਨ ਤੋਂ ਬਿਨਾਂ ਬਾਹਰਲੀਆਂ ਰਹਿਤਾਂ ਅਣਬੀਜੇ ਖੇਤ ਦੀ ਬਾੜ ਹੀ ਹੈ।

# ਸਰਬ ਗੁਣਕਾਰੀ ਹਰੜ

ਹਰੜ ਦਾ ਬਨਸਪਤੀ ਵਿਗਿਆਨਕ ਨਾਂ ਟਰਿਮਨੇਲੀਆ ਚੇਬੁਲਾ ਹੈ। ਹਰੜ ਦਾ ਦਰਖਤ ਸਮੁੰਦਰ ਤਲ ਦੀ 1000 ਫੁੱਟ ਤੋਂ 6000 ਫੁੱਟ ਦੀ ਉਚਾਈ ਤੇ ਪਾਇਆ ਜਾਂਦਾ ਹੈ। ਉਤਰ ਭਾਰਤ ਤੋਂ ਕਾਂਗੜਾ ਅਤੇ ਕੁਮਾਉਂ ਤੋਂ ਬੰਗਾਲ, ਦੱਖਣ ਭਾਰਤ ਵੱਲ ਇਸਦੇ ਦਰਖਤ ਉਗਦੇ ਹਨ ਤੇ ਬੰਬਈ ਘਾਟ ਦੇ ਉਚੇ ਜੰਗਲਾਂ ਵਿਚ ਵੀ ਹਰੜ ਉਗਦੀ ਹੈ।

ਹਰੜ ਦੇ ਦਰਖਤ ਦੇ ਪੱਤੇ ਮਹੂਆ ਦੇ ਪੱਤਿਆਂ ਨਾਲ ਮਿਲਦੇ ਜੁਲਦੇ ਹਨ, ਪੂੰਝੂ ਪਤਲੇ ਤੇ ਲੰਬੇ ਹੁੰਦੇ ਹਨ। ਪੱਤਿਆਂ ਦੀ ਲੰਬਾਈ ਛੇ ਇੰਚ, ਤੋਂ ਲੈ ਕੇ ਦਸ ਇੰਚ ਤਕ ਤੇ ਚੌੜਾਈ ਇਕ ਇੰਚ ਤੋਂ ਦੋ ਇੰਚ ਤਕ ਤੇ ਅਖੀਰਲਾ ਪਾਸਾ ਨੋਕਦਾਰ ਹੁੰਦਾ ਹੈ। ਹਰੜ ਦੇ ਦਰਖਤ ਦਾ ਤਣਾ ਮਜ਼ਬੂਤ ਤੇ ਇਕ ਸਾਰ ਹੁੰਦਾ ਹੈ। ਬਸੰਤ ਦੇ ਆਉਂਦਿਆਂ ਹੀ ਪਤਝੜ ਦੇ ਬਾਅਦ ਹਰੜ ਦੇ ਦਰਖਤ ਨੂੰ ਹਰੇ ਹਰੇ ਪੱਤੇ ਆਉਣੇ ਸ਼ੁਰੂ ਹੋ ਜਾਂਦੇ ਹਨ। ਕੁਝ ਦਿਨਾਂ ਬਾਅਦ ਦਰਖਤ ਨੂੰ ਕਲੀਆਂ ਲੱਗਣੀਆਂ ਸ਼ੁਰੂ ਹੋ ਜਾਂਦੀਆਂ ਹਨ ਜਿਹੜੀਆਂ ਬਾਅਦ ਵਿਚ ਫੁੱਲ ਬਣ ਜਾਂਦੀਆਂ ਹਨ। ਇਸ ਸਮੇਂ ਹਰੜ ਦੇ ਦਰਖਤ ਕੋਲੋਂ ਹਲਕੀ ਖੁਸ਼ਬੂ ਆਉਂਦੀ ਹੈ। ਕੱਤਕ ਦੇ ਮਹੀਨੇ ਵਿਚ ਹਰੜ ਦੇ ਦਰਖਤ ਤੇ ਫਲ ਸਪਸ਼ਟ ਨਜ਼ਰ ਆਉਣ ਲਗ ਪੈਂਦੇ ਹਨ ਤੇ ਵੈਸਾਖ ਦੇ ਮਹੀਨੇ ਤਕ ਫਲ ਬਿਲਕੁਲ ਤਿਆਰ ਹੋ ਜਾਂਦੇ ਹਨ। ਕੱਚੀ ਹਰੜ ਜ਼ਿਆਦਾ ਕੁਸੈਲੀ ਤੇ ਕੁਝ ਕੌੜੀ ਹੁੰਦੀ ਹੈ। ਪੱਕ ਜਾਣ ਤੇ ਹਰੜ ਦਾ ਰੰਗ ਪੀਲੇਪਣ ਵਿਚ ਤਬਦੀਲ ਹੋ ਜਾਂਦਾ ਹੈ ਤੇ ਸੁਆਦ ਵਿਚ ਵੀ ਫਰਕ ਪੈ ਜਾਂਦਾ ਹੈ।

ਹਰੜ ਸੱਤ ਤਰ੍ਹਾਂ ਦੀ ਹੁੰਦੀ ਹੈ। ਜਿਹੜੀ ਹਰੜ ਲੌਕੀ ਦੀ ਤਰ੍ਹਾਂ ਗੋਲ, ਉਸਨੂੰ ਵਿਜੈ,ਜਿਹੜੀ ਸਧਾਰਨ ਗੋਲ – ਰੋਹਿਣਾ, ਜਿਸ ਦੀ ਗੁੱਠਲੀ ਵੱਡੀ ਹੋਵੇ – ਪੱਤੂ, ਛੋਟੀ ਤੇ ਘੱਟ ਗੁੱਦੇਵਾਲੀ-ਉਸਨੂੰ – ਪੂਤਨਾ, ਜ਼ਿਆਦਾ ਗੁੱਦੇਵਾਲੀ ਨੂੰ – ਅੰਮ੍ਰਿਤਾ, ਜਿਸ ਉਤੇ ਪੰਜ ਲਕੀਰਾਂ ਹੋਣ ਉਸਨੂੰ – ਅਭਯਾ, ਜਿਹੜੀ ਸੋਨੇ ਵਰਗੀ ਪੀਲੇ ਰੰਗ ਦੀ ਉਸਨੂੰ – ਜੀਵੰਤੀ ਅਤੇ ਜਿਸ ਤੇ ਤਿੰਨ ਲਕੀਰਾਂ ਹੋਣ ਉਸਨੂੰ – ਚੇਤਕੀ ਹਰੜ ਆਖਦੇ ਹਨ।

ਵਿਜੈ ਹਰੜ ਬਹੁਤ ਸਾਰੇ ਰੋਗਾਂ ਲਈ, ਰੋਹਿਣੀ – ਜ਼ਖਮ ਠੀਕ ਕਰਨ ਲਈ, ਪੂਤਨਾਂ – ਲੇਪ ਕਰਨ ਲਈ, ਸਰੀਰ ਸਾਫ ਕਰਨ ਲਈ – ਅੰਮ੍ਰਿਤਾ, ਅੱਖਾਂ ਲਈ – ਅਭਯ, ਜੀਵੰਤੀ – ਸਾਰਿਆਂ ਰੋਗਾਂ ਲਈ ਅਤੇ ਚੂਰਨ ਬਣਾਉਣ ਲਈ – ਚੇਤਕੀ ਹਰੜ ਗੁਣਕਾਰੀ ਹੁੰਦੀ ਹੈ। ਹਰੜ ਦਾ ਦਮੇਂ, ਖਾਂਸੀ, ਬਵਾਸੀਰ, ਸੋਜ, ਚਮੜੀ ਰੋਗ, ਹਿਚਕੀ, ਗਲੇ ਤੇ ਦਿਲ ਦੀ ਬਿਮਾਰੀ, ਪੇਟ ਦਰਦ, ਪਿਸ਼ਾਬ ਲੱਗ ਕੇ ਆਉਣ ਤੇ ਪਿਸ਼ਾਬ 'ਚੋਂ ਧਾਂਤ ਬੰਦ ਕਰਨ ਲਈ ਪ੍ਰਯੋਗ ਕੀਤਾ ਜਾਂਦਾ ਹੈ।

ਜਿਹੜੀ ਹਰੜ ਨਵੀਂ, ਚਿੱਕਣੀ ਗੋਲ ਤੇ ਭਾਰੀ ਹੋਵੇ ਤੇ ਪਾਣੀ ਵਿਚ ਪਾਉਣ ਉਤੇ ਡੁੱਬ ਜਾਵੇ, ਉਹ ਹਰੜ ਸਭ ਤੋਂ ਉਤਮ ਮੰਨੀ ਜਾਂਦੀ ਹੈ। ਚਬਾ ਕੇ ਖਾਧੀ ਗਈ ਹਰੜ ਸ਼ਕਤੀ ਵਧਾਉਂਦੀ ਹੈ। ਪੀਸ ਕੇ ਖਾਧੀ ਗਈ ਹਰੜ ਵਿਧੀ ਪੂਰਵਕ ਦਸਤ ਲਿਆਉਂਦੀ ਹੈ। ਉਬਾਲ ਕੇ ਖਾਧੀ ਗਈ ਹਰੜ ਦਸਤ ਬੰਦ ਕਰਦੀ ਹੈ ਅਤੇ ਭੁੰਨਕੇ ਖਾਧੀ ਗਈ ਇਨ੍ਹਾਂ ਤਿੰਨਾਂ ਲਈ ਗੁਣਕਾਰੀ ਹੈ।

ਭੋਜਨ ਨਾਲ ਖਾਧੀ ਗਈ ਹਰੜ, ਬੁੱਧੀ ਤੇ ਤਾਕਤ ਅਤੇ ਇੰਦਰੀਆਂ ਨੂੰ ਖੁਸ਼ ਕਰਦੀ ਹੈ। ਪਿੱਤਾ ਅਤੇ ਬਲਗਮ ਨੂੰ ਨਸ਼ਟ ਕਰਦੀ ਹੈ ਤੇ ਪਿਸ਼ਾਬ ਦੀਆਂ ਬਿਮਾਰੀਆਂ ਨੂੰ ਕੱਢਦੀ ਹੈ।

ਹਰੜ ਮਿੱਠੀ ਤੇ ਕੁਸੈਲੀ ਕਰਕੇ ਪਿੱਤੇ, ਕੌੜੀ ਤੇ ਕੁਸੈਲੀ ਹੋਣ ਕਰਕੇ ਬਲਗਮ, ਅਤੇ ਅਮਲਤਾਸ ਵਰਗੀ ਹੋਣ ਕਰਕੇ ਪੇਟ ਦੀ ਗੈਸ ਨੂੰ ਦੂਰ ਕਰਦੀ ਹੈ। ਨਮਕ ਨਾਲ ਖਾਧੀ ਹਰੜ – ਬਲਗਮ ਨੂੰ, ਖੰਡ ਨਾਲ ਖਾਧੀ – ਪਿੱਤੇ ਨੂੰ, ਘਿਓ ਨਾਲ ਖਾਧੀ – ਪੇਟ ਦੀ ਗੈਸ ਨੂੰ ਅਤੇ ਗੁੜ ਨਾਲ ਖਾਧੀ – ਸਾਰਿਆਂ ਰੋਗਾਂ ਲਈ ਲਾਭਕਾਰੀ ਹੈ।

ਹਰੜ ਵਿਚ 20% ਤੋਂ 40% ਤਕ ਟੈਨਿਕ ਏਸਡ, ਗੌਲਿਕ ਏਸਡ ਤੇ ਕੁਝ ਭੂਰੇ ਰੰਗ ਦਾ ਪਦਾਰਥ ਹੁੰਦਾ ਹੈ। ਹਰੜ ਵਿਚ ਪਹਿਲਾਂ ਸਭ ਤੋਂ ਜ਼ਿਆਦਾ ਡਿਉਲਿਨਿਕ ਏਸਡ ਹੁੰਦਾ ਹੈ, ਜਿਹੜਾ ਬਾਅਦ ਵਿਚ ਟੈਨਿਕ ਏਸਡ ਤੇ ਗਾਇਕ ਏਸਡ ਵਿਚ ਤਬਦੀਲ ਹੋ ਜਾਂਦਾ ਹੈ। ਜੇ ਪੇਟ ਵਿਚ ਗੈਸ ਭਰੀ ਹੋਵੇ, ਹਰੜ ਦੇ ਇਸਤੇਮਾਲ ਨਾਲ ਹਲਕੇ ਹਲਕੇ ਚਾਰ ਪੰਜ ਦਸਤ ਆ ਕੇ ਅਰਾਮ ਆ ਜਾਂਦਾ ਹੈ। ਜਿਸ ਨੂੰ ਖੂਨ ਦੇ ਦਸਤ ਲੱਗੇ ਹੋਣ, ਉਸਨੂੰ ਇਕ ਗ੍ਰਾਮ ਦੀਆਂ ਤਿੰਨ ਜਾਂ ਚਾਰ ਪੁੜੀਆਂ ਦੇਣ ਨਾਲ ਅਰਾਮ ਆ ਜਾਂਦਾ ਹੈ। ਹਰੜ ਦੇ ਇਸਤੇਮਾਲ ਨਾਲ ਸਰੀਰ ਦੇ ਖੂਨ ਵਿਚ ਵਾਧਾ ਹੁੰਦਾ ਹੈ।

ਹਰੜ ਦਾ ਇਸਤੇਮਾਲ ਅੱਖਾਂ ਦੀ ਰੌਸ਼ਨੀ ਲਈ ਗੁਣਕਾਰੀ ਹੈ, ਦਿਮਾਗੀ ਤਾਕਤ ਵੀ ਵਧਦੀ ਹੈ। ਇਸ ਵਿਚ ਟੈਨਿਕ ਏਸਡ ਹੋਣ ਕਰਕੇ ਜੋ ਮਸੂੜੇ ਪੱਕੇ ਹੁੰਦੇ ਹਨ, ਉਨ੍ਹਾਂ ਵਿਚੋਂ ਖੂਨ ਵਗਣਾ ਬੰਦ ਹੋ ਜਾਂਦਾ ਹੈ ਅਤੇ ਦੰਦ ਪੱਕੇ ਹੋ ਜਾਂਦੇ ਹਨ, ਇਸੇ ਲਈ ਹਰੜ ਦਾ ਇਸਤੇਮਾਲ ਦੰਦ ਮੰਜਨ ਵਿਚ ਕੀਤਾ ਜਾਂਦਾ ਹੈ।

ਜ਼ਖਮਾਂ ਵਾਸਤੇ ਹਰੜ ਦੀ ਮਲ੍ਹਮ ਬੜੀ ਲਾਭਦਾਇਕ ਹੈ। ਹਰੜ ਦਾ ਬਹੁਤ ਹੀ ਬਰੀਕ ਚੂਰਨ (ਕੱਪੜਛਾਣ ਕੀਤਾ ਹੋਇਆ) ਇਕ ਔਂਸ, ਬੇਜੇਏਟਡ ਲਾਰਡ ਚਾਰ ਔਂਸ, ਦੋਵਾਂ ਨੂੰ ਚੰਗੀ ਤਰ੍ਹਾਂ ਘੋਟ ਲਿਆ ਜਾਵੇ। ਇਸਦਾ ਹਲਕਾ ਹਲਕਾ ਜ਼ਖਮ ਤੇ ਲੇਪ ਕਰਨ ਨਾਲ ਜ਼ਖਮ ਬਹੁਤ ਜਲਦੀ ਭਰ ਜਾਵੇਗਾ। ਹਰੜ ਤੇ ਅਫੀਮ ਦੀ ਮਲ੍ਹਮ ਵੀ ਬਣਾਈ ਜਾ ਸਕਦੀ ਹੈ। ਹਰੜ 125 ਗ੍ਰੇਨ ਅਤੇ ਅਫੀਮ ਚੂਰਣ 75 ਗ੍ਰੇਨ ਦੋਵਾਂ ਨੂੰ ਘੋਟ ਕੇ ਮਲ੍ਹਮ ਬਣਾਈ ਜਾ ਸਕਦੀ ਹੈ।

ਹਰੜ ਦਾ ਚੂਰਨ, ਹਰੜ ਭਾਖੜਾ, ਧਣੀਆਂ, ਜਵੈਣ, ਪੱਥਰ ਚੱਟ ਸਾਰਿਆਂ ਨੂੰ ਬਰਾਬਰ ਮਾਤਰਾ ਵਿਚ ਲੈ ਕੇ ਅੱਧਾ ਲਿਟਰ ਪਾਣੀ ਵਿਚ ਚੰਗੀ ਤਰ੍ਹਾਂ ਉਬਾਲਿਆ ਜਾਵੇ। ਜਦੋਂ ਘੋਲ ਤਕਰੀਬਨ ਚੌਥਾ ਹਿੱਸਾ ਰਹਿ ਜਾਵੇ, ਉਤਾਰ ਲਿਆ ਜਾਵੇ। ਇਸਨੂੰ ਸ਼ਹਿਦ ਨਾਲ ਖਾਣ ਨਾਲ ਪੇਸ਼ਾਬ ਵਿਚ ਖੂਨ ਆਉਣਾ ਤੇ ਪੇਸ਼ਾਬ ਲਗ ਕੇ ਆਉਣਾ ਠੀਕ ਹੋ ਜਾਵੇਗਾ।

ਜਿਹੜਾ ਆਦਮੀ ਤੁਰਦਾ ਤੁਰਦਾ ਥੱਕ ਗਿਆ ਹੋਵੇ, ਕਮਜ਼ੋਰ ਹੋਵੇ, ਜਿਸ ਆਦਮੀ ਵਿਚ ਚਿਕਨਾਈ ਦੀ ਘਾਟ ਹੋਵੇ, ਜ਼ਿਆਦਾ ਪਿੱਤੇ ਵਾਲੇ ਨੂੰ, ਜਿਸ ਨੇ ਖੂਨ ਦਿਤਾ ਹੋਵੇ ਤੇ ਗਰਭਵਤੀ ਔਰਤ ਨੂੰ ਹਰੜ ਨਹੀਂ ਖਾਣੀ ਚਾਹੀਦੀ।

*(ਸਪਤਾਹਿਕ 'ਸਤਿਜੁਗ' ਵਿਚੋਂ ਧੰਨਵਾਦ ਸਹਿਤ')*

# ਸਿਹਤ ਵਿਗਿਆਨ

**ਸੀਤਲਾ** - ਸ਼ੀਤਲ ਰੂਪ, ਕਰੋਭ ਰਹਿਤ, "ਸੀਤਲਾ ਸੁਖ ਸਾਂਤਿ ਮੂਰਤਿ ਸਿਮਰਿ ਸਿਮਰਿ ਨਿਤ ਧਿਆਇ।" (ਕਾਨੜਾ ਮ:5) 2. ਹਿੰਦੂ ਮਤ ਵਿਚ ਚੇਚਕ ਦੀ ਦੇਵੀ ਮੰਨੀ ਹੈ। ਜਿਸ ਦਾ ਰੂਪ ਹੈ, ਸੁਨਹਿਰੀ ਰੰਗ, ਖੋਤੇ ਤੇ ਸਵਾਰ, ਹੱਥ ਵਿਚ ਝਾੜੂ, ਮੱਥੇ ਉਪਰ ਛੱਜ ਅਤੇ ਲਾਲ ਰੰਗ ਦੇ ਬਸਤਰ।

ਜਦ ਚੇਚਕ ਬਾਲਕਾਂ ਨੂੰ ਨਿਕਲਦੀ ਹੈ ਤਾਂ ਉਸ ਦੇ ਬੁਰੇ ਅਸਰ ਤੋਂ ਬਚਣ ਲਈ ਸੀਤਲਾ ਪੂਜੀ ਜਾਂਦੀ ਹੈ। ਖੋਤੇ ਨੂੰ ਦਾਨਾ ਚਾਰਦੇ ਹਨ ਅਰ ਰੋਗੀ ਨੂੰ ਮਾਤਾਰਾਣੀ ਦਾ ਖੋਤਾ ਆਖਦੇ ਹਨ। ਸੀਤਲਾ ਦਾ ਨਾਉਂ 'ਮਸਾਣੀ' ਦੇਵੀ ਭੀ ਹੈ। ਇਸ ਦੇ ਪੂਜਨ ਦਾ ਖਾਸ ਦਿਨ ਚੇਤ ਬਦੀ 8 ਹੈ।

3. ਮਸੂਰਿਕਾ ਫ਼ਾ ਜੁਦਰੀ, (Small Pox) ਚੇਚਕ। ਇਸ ਦਾ ਕਾਰਨ ਇਕ ਪ੍ਰਕਾਰ ਦੇ ਅਣਕੀਟ ਹਨ ਜੋ ਸਰੀਰ ਅੰਦਰ ਫੈਲ ਕੇ ਤੇਜ਼ ਤਾਪ ਕਰਦੇ ਹਨ ਅਰ ਚੇਚਕ ਦੇ ਦਾਣੇ ਉਭਾਰਦੇ ਹਨ। ਤਾਪ ਹੋਣ ਤੋਂ ਤੀਜੇ ਚੌਥੇ ਦਿਨ ਦਾਣੇ ਨਿਕਲਨ ਲਗ ਜਾਂਦੇ ਹਨ, ਫੇਰ ਇਨ੍ਹਾਂ ਵਿਚ ਰਤੂਬਤ ਭਰਕੇ ਪੀਪ ਬਣ ਜਾਂਦੀ ਹੈ। ਦਸਵੇਂ ਗਿਆਰਵੇਂ ਦਿਨ ਦਾਣੇ ਮੁਰਝਾ ਕੇ ਵੀਹਵੇ ਦਿਨ ਖਰੀਂਢ ਉਤਰ ਜਾਂਦੇ ਹਨ।

ਇਹ ਬੀਮਾਰੀ ਛੂਤ ਦੀ ਹੈ। ਇਸ ਦਾ ਸਭ ਤੋਂ ਉਤਮ ਇਲਾਜ ਟੀਕਾ (ਲੋਦਾ) Vaccination ਹੈ। ਚੇਚਕ ਬੱਚਿਆਂ ਨੂੰ ਅਤੇ ਗਰਮ ਦੇਸ਼ ਵਿਚ ਜਿਆਦਾ ਹੁੰਦੀ ਹੈ। ਅਕਸਰ ਇਹ ਬੀਮਾਰੀ ਉਮਰ ਵਿਚ ਇਕ ਵਾਰ ਹੀ ਹੋਇਆ ਕਰਦੀ ਹੈ, ਪਰ ਕਦੇ-ਕਦੇ ਦੂਜੀ ਵਾਰ ਭੀ ਹੋ ਜਾਂਦੀ ਹੈ, ਜੋ ਪਹਿਲੀ ਨਾਲੋਂ ਬਹੁਤ ਘੱਟ ਹੁੰਦੀ ਹੈ।

ਚੇਚਕ ਵਿਚ ਬੇਚੈਨੀ, ਜਲਨ, ਦਾਝ, ਸਿਰਪੀੜ ਆਦਿ ਅਨੇਕ ਕਲੇਸ਼ ਹੁੰਦੇ ਹਨ। ਇਸ ਦੇ ਰੋਗੀ ਨੂੰ ਪਿਤਪਾਪੜੇ ਦੇ ਅਰਕ ਵਿਚ ਸ਼ੀਰਖਿਸ਼ਤ ਮਲ ਕੇ ਦੇਣੀ ਉਤਮ ਹੈ। ਭੋਜਪਤਰ ਅਤੇ ਝਾਊ ਦੇ ਪੱਤਿਆਂ ਦੀ ਧੂਣੀ ਸੁਖਦਾਈ ਹੈ। ਫੁਨਸੀਆਂ ਦੀ ਜਲਨ ਮਿਟਾਉਣ ਲਈ ਮੁਸ਼ਕਕਪੂਰ ਦੀ ਮਰਹਮ ਮਲਨੀ ਅੱਛੀ ਹੈ।

ਉਨਾਬ ਪੰਜ ਦਾਣੇ, ਨੀਲੋਫਰ ਦੇ ਫੁੱਲ, ਪਿੱਤਪਾਪੜਾ, ਸੁੱਕੀ ਮਕੋ ਪੰਜ-ਪੰਜ ਮਾਸੇ, ਬੀਹਦਾਨਾ ਪੰਜ ਮਾਸੇ, ਸਭ ਨੂੰ ਅੱਧ ਸੇਰ ਪਾਣੀ ਵਿਚ ਭਿਉਂ ਕੇ ਅਤੇ ਮਲ ਕੇ, ਦੋ ਤੋਲੇ ਨੀਲੋਫਰ ਦਾ ਸ਼ਰਬਤ ਮਿਲਾ ਕੇ ਪਿਆਉਣਾ ਤਾਪ ਅਤੇ ਦਾਝ ਨੂੰ ਸ਼ਾਂਤ ਕਰਦਾ ਹੈ।

ਖਾਣ ਲਈ ਖਿਚੜੀ ਮੂੰਗੀ ਦੀ ਦਾਲ ਆਦਿ ਜਿਨ੍ਹਾਂ ਵਿਚ ਨਾਮ-ਮਾਤਰ ਲੂਣ ਹੋਵੇ, ਦੁੱਧ ਚੌਲ ਦੇਣੇ ਚਾਹੀਏ। ਮਿੱਠਾ ਭੀ ਬਹੁਤ ਹੀ ਕਮ ਵਰਤਣਾ ਲੋੜੀਏ।

ਰੋਗੀ ਦਾ ਕਮਰਾ, ਬਸਤਰ ਜਿਤਨੇ ਨਿਰਮਲ ਰੱਖੇ ਜਾਣ ਉਤਨੇ ਹੀ ਅੱਛੇ ਹਨ। "ਸੀਤਲਾ ਤੇ ਰਾਖਿਆ ਬਿਹਾਰੀ॥" (ਗਉੜੀ ਮ: 5) "ਸੀਤਲਾ ਠਾਕਿ ਰਹਾਈ ਬਿਘਨ ਗਏ ਹਰਿਨਾਈ॥" (ਸੋਰਠਿ ਮ: 5)

**ਸੁਹਾਂਜਣਾ** - ਇਕ ਬੂਟਾ, ਜਿਸਦੀਆਂ ਫਲੀਆਂ ਦਾ ਅਚਾਰ ਪਾਈਦਾ ਹੈ ਅਰ ਇਸਦੀ ਜੜ੍ਹ, ਗੂੰਦ, ਛਿੱਲ ਅਤੇ ਰਸ ਅਨੇਕ ਦਵਾਈਆਂ ਵਿਚ ਵਰਤੀਦੇ ਹਨ। L.Moringa Pterygosperma. ਸੁਹਾਂਜਨਾ ਕਫ ਅਤੇ ਵਾਉਗੋਲੇ ਆਦਿਕ ਰੋਗਾਂ ਨੂੰ ਦੂਰ ਕਰਦਾ ਹੈ, ਸੋਜ ਹਟਾਉਂਦਾ ਹੈ, ਕਾਮ ਸ਼ਕਤੀ ਵਧਾਉਂਦਾ ਹੈ, ਭੁਖ ਲਾਉਂਦਾ ਹੈ, ਮਸਾਨੇ ਦੀ ਪਥਰੀ ਨੂੰ ਖਾਰਦਾ ਹੈ, ਗਠੀਏ ਅਤੇ ਢਿੱਡ ਪੀੜ ਲਈ ਗੁਣਕਾਰੀ ਹੈ। ਇਸ ਦੀ ਤਾਸੀਰ ਗਰਮ ਖੁਸ਼ਕ ਹੈ।

**ਸੁਜਾਗ** - ਉਤਮ ਜਾਗਰਣ ਕਰਨ ਵਾਲਾ, ਨੀਂਦ ਦਾ ਤਯਾਗੀ। 2. ਸਾਵਧਾਨ, ਚੌਕਸ, ਸੁਜਗ 3. ਚੌਕੀਦਾਰ, ਪਹਰੂ "ਪੰਚ ਤਸਕਰ ਜੀਤ ਸਿੱਖ ਹੀ ਸੁਜਾਗ ਹੈ।" 4 ਸੁਜ਼ਾਕ, ਪੇਸ਼ਾਬ ਦੀ ਸੋਜਿਸ਼। ਇਹ ਛੂਤ ਦਾ ਰੋਗ ਹੈ। ਪੇਸ਼ਾਬ ਦੀ ਨਾਲੀ ਵਿਚ ਸੋਜ ਹੋ ਕੇ ਪੀਪ ਆਉਣ ਲਗ ਜਾਂਦੀ ਹੈ। ਇਸ ਦਾ ਕਾਰਣ ਭੀ ਇਕ ਪ੍ਰਕਾਰ ਦੇ ਸੂਖਮ ਕੀੜੇ ਹਨ, ਜੋ ਸਪਰਸ਼ ਤੋਂ ਦੂਜੇ ਨੂੰ ਲਗ ਜਾਂਦੇ ਹਨ, ਖਾਸ ਕਰਕੇ ਇਸ ਰੋਗ ਨਾਲ ਗ੍ਰਸੀ ਵਿਭਚਾਰਣੀਆਂ ਦਾ ਸੰਗ ਕਰਨ ਵਾਲੇ ਸੁਜਾਗ ਦਾ ਸ਼ਿਕਾਰ ਹੁੰਦੇ ਹਨ ਅਰ ਉਹ ਕੁਕਰਮੀ ਆਪਣੀਆਂ ਉਤਮ ਇਸਤਰੀਆਂ ਨੂੰ ਭੀ ਕਲੰਕ ਦੇਣ ਦਾ ਕਾਰਣ ਬਣਦੇ ਹਨ।

ਸੁਜ਼ਾਕ ਰੋਗ ਵਿਚ ਪੇਸ਼ਾਬ, ਜਲਨ ਅਤੇ ਪੀੜਾ ਨਾਲ ਆਉਂਦਾ ਹੈ। ਕਮਰ ਵਿਚ ਦਰਦ ਹੁੰਦਾ ਹੈ, ਮੱਠਾ ਤਾਪ ਰਹਿੰਦਾ ਹੈ, ਭੁੱਖ ਬੰਦ ਹੋ ਜਾਂਦੀ ਹੈ।

ਇਸ ਰੋਗ ਦਾ ਛੇਤੀਂ ਇਲਾਜ ਕਰਨਾ ਚਾਹੀਏ, ਕਿਉਂਕਿ ਪੁਰਾਣਾ ਸੁਜ਼ਾਕ ਕਈ ਤਰ੍ਹਾਂ ਦੇ ਕਲੇਸ਼ ਪੈਦਾ ਕਰਦਾ ਹੈ। ਸਾਧਾਰਨ ਇਲਾਜ ਇਹ ਹਨ -

ਰਾਤ ਨੂੰ ਪੰਜ ਗ੍ਰੇਨ ਕੈਲੋਮਲ ਦੇ ਕੇ ਸਵੇਰੇ ਚਾਰ ਡ੍ਰਾਮ ਮੈਗਨੇਸ਼ੀਆ ਅਥਵਾ ਕਿਸੇ ਹੋਰ ਲੂਣ ਦਾ ਜੁਲਾਬ ਦੇ ਕੇ, ਬਰੋਜੇ ਜਾਂ ਚਿੱਟੇ ਚੰਨਣ ਦਾ ਤੇਲ ਦਸ-ਦਸ ਬੂੰਦਾ ਦਿਨ ਵਿਚ ਤਿੰਨ ਵਾਰ ਦੁੱਧ ਤੇ ਪਾ ਕੇ ਪਿਆਉਣਾ ਚਾਹੀਏ ਅਰ ਜਦ ਕਬਜ ਮਲੂਮ ਹੋਵੇ, ਤੁਰਤ ਹੀ ਕਿਸੇ ਲੂਣ ਦਾ ਜੁਲਾਬ ਦੇ ਦੇਣਾ ਲੋੜੀਏ।

ਗੇਰੂ ਤਿੰਨ ਮਾਸੇ, ਕੱਚੇ ਛੋਲੇ ਇਕ ਤੋਲਾ, ਰਾਤ ਨੂੰ ਪਾਣੀ ਵਿਚ ਭਿਉਂ ਰੱਖਣੇ। ਇਸ ਪਾਣੀ ਵਿਚ ਚਾਰ ਤੋਲੇ ਸ਼ਰਬਤ ਬਜ਼ੂਰੀ ਮਿਲਾ ਕੇ ਪਿਆਉਣਾ।

ਕਲਮੀ ਸ਼ੋਰਾ ਪੌਣੇ ਦੋ ਤੋਲੇ, ਵਡੀ ਇਲਾਇਚੀ ਦੇ ਬੀਜ ਪੌਣੇ ਦੋ ਤੋਲੇ, ਇਨ੍ਹਾਂ ਦਾ ਚੂਰਣ ਕਰਕੇ ਛੀ-ਛੀ ਮਾਸੇ ਸਵੇਰ ਅਤੇ ਸੰਝ ਸੱਠੀ ਦੇ ਚਾਉਲਾਂ ਦੇ ਧੋਣ ਨਾਲ ਫੱਕਣਾ।

ਪੇਸ਼ਾਬ ਦੀ ਨਾਲੀ ਦੇ ਜਖਮ ਦੀ ਸਫਾਈ ਲਈ ਹੇਠ ਲਿਖੀ ਦਵਾਈਆਂ ਦੀ ਪਿਚਕਾਰੀ ਗੁਣਕਾਰੀ ਹੈ। ਨੀਲੇ ਥੋਥੇ ਦੀ ਖਿੱਲ ਇਕ ਮਾਸਾ, ਮੁਰਦਾਰ ਸੰਗ ਛੀ ਮਾਸੇ, ਸੁਰਮਾ ਇਕ ਤੋਲਾ, ਰਸੌਂਤ ਇਕ ਤੋਲਾ, ਕੱਥ ਚਿੱਟੀ ਇਕ ਤੋਲਾ, ਮਸਤਗੀ ਰੂਮੀ ਛੀ ਮਾਸੇ, ਇਹ ਸਭ ਖਰਲ ਵਿਚ ਬਰੀਕ ਕਰਕੇ, ਇਕ ਬੋਤਲ ਪਾਣੀ ਮਿਲਾ ਕੇ ਸ਼ੀਸ਼ੀ ਵਿਚ ਪਾ ਲਓ ਅਰ ਇਸ ਪਾਣੀ ਵਿਚ ਇਕ ਮਾਸਾ ਬਰੋਜਾ ਮਿਲਾ ਕੇ ਦਿਨ ਵਿਚ ਦੋ ਤਿੰਨ ਵਾਰ ਪਿਚਕਾਰੀ ਕਰੋ।

ਗਰਮ ਮਸਾਲੇ, ਖੱਟਾ, ਜ਼ਿਆਦਾ ਮਿੱਠਾ, ਮਾਸ, ਚਟਨੀਆਂ, ਮਿਰਚਾਂ, ਮੈਥੁਨ, ਬਹੁਤ ਫਿਰਨਾ ਆਦਿ ਤੋਂ ਪਰਹੇਜ ਰੱਖਣਾ ਚਾਹੀਏ। ਖਾਣ ਲਈ ਦੁੱਧ, ਚਾਉਲ, ਖਿਚੜੀ, ਫਿਰਣੀ, ਜੌਂ ਦਾ ਦਲੀਆ, ਕੱਦੂ ਕੁਲਫਾ ਆਦਿ ਹਿਤਕਾਰੀ ਹਨ।

**('ਮਹਾਨ ਕੋਸ਼' ਵਿਚੋਂ ਧੰਨਵਾਦ ਸਹਿਤ)**

'ਚਲਦਾ'

# ਸਮਾਗਮ ਤੇ ਸਰਗਰਮੀਆਂ

ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ ਦੇ ਬਾਨੀ ਤੇ ਮੁਖੀ ਸੰਤ ਬਾਬਾ ਵਰਿਆਮ ਸਿੰਘ ਜੀ ਵਲੋਂ ਜਨ ਪਰਉਪਕਾਰ ਹਿਤ ਅਨੇਕਾਂ ਪ੍ਰੋਗਰਾਮ ਚਲਾਏ ਜਾ ਰਹੇ ਹਨ, ਜਿਨ੍ਹਾਂ ਵਿਚ ਫਰੀ ਡਿਸਪੈਂਸਰੀਆਂ, ਗਰੀਬ ਬੱਚੀਆਂ ਦੀ ਸ਼ਾਦੀ, ਕਾਰ ਸੇਵਾ ਰਾਹੀਂ ਹਸਪਤਾਲ ਤੇ ਸੜਕਾਂ ਦੀ ਉਸਾਰੀ, ਗੁਰਸਿੱਖੀ ਦੇ ਪ੍ਰਚਾਰ ਵਾਸਤੇ ਅਨੇਕਾਂ ਉਪਰਾਲੇ ਕੀਤੇ ਜਾ ਰਹੇ ਹਨ। ਕਈ ਜਥੇ ਪ੍ਰਚਾਰ ਮੁਹਿੰਮ ਵਿਚ ਦਿਨ ਰਾਤ ਇਕ ਕਰਕੇ ਅਗਿਆਨਤਾ ਦੇ ਹਨ੍ਹੇਰੇ ਨੂੰ ਦੂਰ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਚਾਨਣ ਰਾਹੀਂ ਪ੍ਰਕਾਸ਼ ਕਰਨ ਦਾ ਯਤਨ ਕਰ ਰਹੇ ਹਨ।

11 ਜੁਲਾਈ ਨੂੰ ਪ੍ਰਚਾਰ ਕੇਂਦਰ, ਗੁਰਦੁਆਰਾ ਈਸ਼ਰ ਪ੍ਰਕਾਸ਼ ਬਨੂੜ ਵਿਖੇ ਨਿਸ਼ਾਨ ਸਾਹਿਬ ਝੁਲਾਏ ਗਏ, ਜਿਸ ਦੀ ਸੇਵਾ ਬੇਗੋਵਾਲ ਦੇ ਰਹਿਣ ਵਾਲੇ ਰਾਜਵਿੰਦਰ ਸਿੰਘ, ਦੁਰਾਹਾ ਮਾਰਕੀਟ ਕਮੇਟੀ ਦੇ ਚੇਅਰਮੈਨ, ਦੇ ਪ੍ਰਵਾਰ ਵਲੋਂ ਹੀ ਕੀਤੀ ਗਈ ਹੈ, ਜਿਨ੍ਹਾਂ ਨੂੰ ਗੁਰੂ ਮਹਾਰਾਜ ਦੀ ਕ੍ਰਿਪਾ ਦੁਆਰਾ 14 ਸਾਲ ਦੇ ਸਮੇਂ ਉਪਰੰਤ ਪੁੱਤਰ ਦੀ ਬਖਸ਼ਿਸ਼ ਹੋਈ ਹੈ।

15 ਜੁਲਾਈ ਨੂੰ ਸੰਤ ਬਾਬਾ ਸਰਬਜੋਤ ਸਿੰਘ ਜੀ, ਗੁਰੂ ਨਾਨਕ ਅੰਸ਼ ਬੰਸ ਅਤੇ ਪ੍ਰਧਾਨ ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ, ਇਕ ਸੜਕ ਹਾਦਸੇ ਵਿਚ ਗੰਭੀਰ ਜ਼ਖਮੀ ਹੋ ਗਏ। ਰਤਵਾੜਾ ਸਾਹਿਬ ਵਿਖੇ 16 ਜੁਲਾਈ ਨੂੰ ਮਨਾਏ ਜਾਂਦੇ ਸੰਗਰਾਂਦ ਸਮਾਗਮ ਵਿਖੇ ਮਹਾਂਪੁਰਸ਼ਾਂ ਅਤੇ ਸਰਬੱਤ ਸੰਗਤ ਵਲੋਂ ਉਨ੍ਹਾਂ ਦੀ ਸਿਹਤਯਾਬੀ ਦੀ ਅਰਦਾਸ ਕੀਤੀ ਗਈ ਅਤੇ ਸੰਤ ਬਾਬਾ ਸਾਧੂ ਸਿੰਘ ਜੀ DMC ਲੁਧਿਆਣਾ ਵਿਖੇ, ਬੇਦੀ ਸਾਹਿਬ ਜੀ ਦੀ ਸਿਹਤ ਦਾ ਹਾਲ ਪਤਾ ਕਰਨ ਗਏ। ਹੁਣ ਬੇਦੀ ਸਾਹਿਬ ਦੀ ਸਿਹਤ ਵਿਚ ਤੇਜ਼ੀ ਨਾਲ ਸੁਧਾਰ ਹੋ ਰਿਹਾ ਹੈ।

16 ਜੁਲਾਈ ਨੂੰ ਵਾਪਸੀ ਵਿਚ ਮਹਾਂਪੁਰਖਾਂ ਅਤੇ ਸੰਤ ਬਾਬਾ ਸਾਧੂ ਸਿੰਘ ਜੀ ਨੇ, ਸੰਤ ਮਹਿੰਦਰ ਸਿੰਘ ਜੀ ਖੰਨੇ ਵਾਲੇ, ਗਿਆਨੀ ਮੋਹਨ ਸਿੰਘ ਜੀ ਅਜ਼ਾਦ, ਸੰਤ ਜਸਵੰਤ ਸਿੰਘ ਜੀ ਰਾੜਾ ਸਾਹਿਬ ਵਾਲੇ ਅਤੇ ਸੰਤ ਦਰਸ਼ਨ ਸਿੰਘ ਜੀ ਢੱਕੀ ਵਾਲਿਆਂ ਨੂੰ ਮਿਲਕੇ ਗੁਰਮਤਿ ਵਿਚਾਰਾਂ ਕੀਤੀਆਂ।

16 ਜੁਲਾਈ ਨੂੰ ਰਤਵਾੜਾ ਸਾਹਿਬ ਵਿਖੇ ਹਸਪਤਾਲ ਦਾ ਉਦਘਾਟਨ ਮਹਾਂਪੁਰਖਾਂ ਵਲੋਂ ਕੀਤਾ ਗਿਆ ਜਿਸ ਵਿਚ ਸਰਕਾਰ ਨੇ ਦੋ ਡਾਕਟਰ ਤੇ ਇਕ ਨਰਸ ਪੱਕੇ ਤੌਰ ਤੇ ਨਿਯੁਕਤ ਕਰ ਦਿਤੇ ਹਨ ਅਤੇ ਇਸ ਨਾਲ ਲੰਮੇ ਸਮੇਂ ਤੋਂ ਇਲਾਕੇ ਦੀ ਇਸ ਘਾਟ ਨੂੰ ਪੂਰਾ ਕਰ ਦਿਤਾ ਗਿਆ ਹੈ।

22 ਜੁਲਾਈ ਤੋਂ 27 ਜੁਲਾਈ ਤਕ, ਮਹਾਂਪੁਰਸ਼ਾਂ ਦੇ ਹਜ਼ੂਰੀ ਜਥੇ ਵਲੋਂ ਲਾਲੜੂ ਵਿਖੇ ਦੀਵਾਨ ਸਜਾਏ ਗਏ। ਇਲਾਕੇ ਦੀਆਂ ਸੰਗਤਾਂ ਨੇ ਹੁੰਮ-ਹੁਮਾ ਕੇ ਕੀਰਤਨ ਤੇ ਪ੍ਰਵਚਨਾਂ ਦਾ ਅਨੰਦ ਮਾਣਿਆ ਅਤੇ ਆਖਰੀ ਦਿਨ 60 ਪ੍ਰਾਣੀ ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣੇ।

ਨਿਰਮਲ ਡੇਰਾ, ਚੰਗਰ ਜੋ ਕਿ ਕੁਰਾਲੀ ਰੋਪੜ ਰੋਡ ਤੋਂ ਮੀਆਂਪੁਰ ਵਾਲੀ ਸੜਕ ਤੋਂ 6 ਕਿਲੋਮੀਟਰ ਦੀ ਵਿੱਥ ਤੇ ਸ਼ਿਵਾਲਿਕ ਪਹਾੜੀਆਂ ਵਿਚ ਸਥਿਤ ਹੈ, ਸੰਨ 1903 ਵਿਚ ਨਿਰਮਲੇ ਸੰਤ ਬਾਬਾ ਖੁਦਾ ਸਿੰਘ ਜੀ ਵਲੋਂ ਕਾਇਮ ਕੀਤਾ ਗਿਆ ਸੀ। ਪਿੰਡ ਹਿਰਦਾਪੁਰ ਦੀ ਪੰਚਾਇਤ ਤੇ ਇਲਾਕੇ ਦੀ ਸੰਗਤ ਵਲੋਂ, ਬਾਰ-ਬਾਰ ਮਹਾਂਪੁਰਖਾਂ ਨੂੰ ਬੇਨਤੀ ਕੀਤੀ ਗਈ ਸੀ ਕਿ ਇਸ ਡੇਰੇ ਦਾ ਪ੍ਰਬੰਧ 'ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਟਰੱਸਟ' ਵਲੋਂ ਚਲਾਇਆ ਜਾਵੇ। ਇਲਾਕੇ ਦੀ ਸੰਗਤ ਤੇ ਪਿੰਡ ਤੇ ਮੁਖੀਆਂ ਦੀ ਬੇਨਤੀ ਨੂੰ ਪ੍ਰਵਾਨ ਕਰਦਿਆਂ ਹੋਇਆਂ 28 ਅਤੇ 29 ਅਗਸਤ ਨੂੰ ਇਥੇ ਨਿਰਮਲੇ ਸੰਤ ਬਾਬਾ ਖੁਦਾ ਸਿੰਘ ਜੀ ਦੀ ਬਰਸੀ ਦੇ ਸਬੰਧ ਵਿਚ ਸਮਾਗਮ ਅਯੋਜਿਤ ਕੀਤਾ ਗਿਆ, ਜਿਸ ਵਿਚ ਰਾੜਾ ਸਾਹਿਬ ਦੀ ਸੰਪ੍ਰਦਾਇ ਦੇ ਸੰਤ ਬਾਬਾ ਸਾਧੂ ਸਿੰਘ ਜੀ ਸੰਗਰੂਰ, ਸੰਤ ਬਾਬਾ ਜਸਵੰਤ ਸਿੰਘ ਰਾੜਾ ਸਾਹਿਬ, ਸੰਤ ਬਾਬਾ ਨਿਧਾਨ ਸਿੰਘ ਜੀ ਰਾੜਾ ਸਾਹਿਬ, ਭਾਈ ਗੁਰਪਾਲ ਸਿੰਘ ਜੀ ਯੂ.ਪੀ. ਅਤੇ ਮਹਾਂਪੁਰਖਾਂ (ਸੰਤ ਬਾਬਾ ਵਰਿਆਮ ਸਿੰਘ ਜੀ) ਨੇ ਕੀਰਤਨ ਉਪਦੇਸ਼ ਰਾਹੀਂ ਨਿਹਾਲ ਕੀਤਾ। ਮਹਾਂਪੁਰਖਾਂ ਨੇ ਸੰਗਤਾਂ ਨੂੰ ਗੁਰੂ ਵਾਲੇ ਬਣਨ ਲਈ ਪ੍ਰੇਰਨਾ ਕਰਦਿਆਂ ਹੋਇਆਂ ਦੱਸਿਆ ਕਿ ਉਨ੍ਹਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲੱਗ ਕੇ, ਸੱਚਾ ਸੁਚਾ ਜੀਵਨ ਬਤੀਤ ਕਰਨਾ ਚਾਹੀਦਾ ਹੈ ਅਤੇ ਗੁਰੂ ਮਹਾਰਾਜ ਉਨ੍ਹਾਂ ਦੀਆਂ ਸਾਰੀਆਂ ਇਛਾਵਾਂ ਪੂਰਨ ਕਰਨ ਦੇ ਸਮਰੱਥ ਹਨ ਅਤੇ ਇੰਜ ਕਰਨ ਨਾਲ ਉਨ੍ਹਾਂ ਦੇ ਘਰਾਂ ਵਿਚ ਖੁਸ਼ੀ, ਖੇੜਾ ਤੇ ਸਮਰਿਦੀ ਆ ਜਾਏਗੀ।

ਇਸ ਇਲਾਕੇ ਵਿਚ ਮਹਾਂਪੁਰਖਾਂ ਵਲੋਂ ਤਿਆਰ ਕੀਤੀਆਂ ਵੀਡੀਓ ਫਿਲਮਾਂ ਰਾਹੀਂ ਵੀ ਪ੍ਰਚਾਰ ਹੋਇਆ ਹੈ। ਸਮਾਗਮ ਦੀ ਸਮਾਪਤੀ ਉਪਰੰਤ ਸਾਰੀਆਂ ਸੰਗਤਾਂ ਅਤੇ ਆਏ ਪਤਵੰਤੇ ਸੰਤ ਮਹਾਤਮਾ ਦੇ ਸਨਮੁਖ, ਪਿੰਡ ਦੇ ਮੁਖੀਆਂ ਤੇ ਇਲਾਕੇ ਦੀਆਂ ਸੰਗਤਾਂ ਦੀ ਸਹਿਮਤੀ ਨਾਲ ਭਾਈ ਗੁਰਪਾਲ ਸਿੰਘ ਯੂ.ਪੀ. ਵਾਲਿਆਂ ਨੂੰ ਡੇਰੇ ਦੇ ਪ੍ਰਬੰਧ ਦੀ ਜ਼ਿੰਮੇਵਾਰੀ ਸੌਂਪੀ ਗਈ ਅਤੇ ਜੈਕਾਰਿਆਂ ਦੀ ਗੂੰਜ ਨਾਲ ਸੰਗਤਾਂ ਵਲੋਂ ਇਸ ਦਾ ਸਵਾਗਤ ਹੋਇਆ। ਇਹ ਡੇਰਾ ਮਿਸ਼ਨ ਵਲੋਂ ਚਲਾਈ ਜਾ ਰਹੀ ਪ੍ਰਚਾਰ ਮੁਹਿੰਮ ਵਿਚ, ਇਸ ਚੰਗਰ ਦੇ ਇਲਾਕੇ ਦੀ ਲੋੜ ਪੂਰੀ ਕਰਨ ਤੋਂ ਇਲਾਵਾ ਜਲੰਧਰ ਦੁਆਬੇ ਦੇ ਇਲਾਕੇ ਵਿਚ ਵੀ ਬਿਆਸ ਦਰਿਆ ਤੋਂ ਉਰ੍ਹੇ ਤਕ ਪ੍ਰਚਾਰ ਕਰਿਆ ਕਰੇਗਾ।

29, 30 ਅਤੇ 31 ਜੁਲਾਈ ਨੂੰ ਮਹਾਂਪੁਰਖਾਂ ਦੇ ਜਥੇ ਭਾਈ ਲਖਬੀਰ ਸਿੰਘ ਵਲੋਂ ਦਿੱਲੀ ਵਿਖੇ ਦੀਵਾਨ ਲੱਗੇ, ਹਜ਼ਾਰਾਂ ਸੰਗਤਾਂ ਨੇ ਕੀਰਤਨ ਵਖਿਆਨ ਦਾ ਅਨੰਦ ਮਾਣਿਆ ਤੇ ਕਾਫੀ ਪ੍ਰੇਮੀਆਂ ਨੇ 'ਆਤਮ ਮਾਰਗ' ਦੀ ਪੱਕੀ ਮੈਂਬਰਸ਼ਿਪ ਲਈ।

ਭਾਈ ਗੁਰਪਾਲ ਸਿੰਘ ਯੂ.ਪੀ. ਵਾਲਿਆਂ ਦੇ ਦੀਵਾਨ ਫਗਵਾੜੇ ਨੇੜੇ ਲਗ ਰਹੇ ਹਨ ਅਤੇ ਹਜ਼ਾਰਾਂ ਦੀ ਗਿਣਤੀ ਵਿਚ ਭਾਰੀ ਇਕੱਠ ਹੋ ਰਹੇ ਹਨ। ਸੰਗਤਾਂ ਗੁਰਮਤਿ ਸਿਧਾਂਤਾਂ ਨੂੰ ਸਮਝ ਕੇ ਪਰਸਪਰ ਭਰਾਤਰੀ ਭਾਵ, ਪ੍ਰੇਮ ਦਾ ਮਾਹੌਲ ਮਹਿਸੂਸ ਕਰ ਰਹੀਆਂ ਹਨ।

ਭਾਈ ਲਖਬੀਰ ਸਿੰਘ ਰਤਵਾੜਾ ਸਾਹਿਬ ਵਾਲੇ ਦਿਲੀ ਵਿਚ ਦੀਵਾਨ ਲਾ ਕੇ ਆਏ ਹਨ ਅਤੇ ਹੁਣ ਖਡੂਰ ਸਾਹਿਬ ਦੇ ਇਲਾਕੇ ਵਿਚ, ਜਿਥੇ ਪਿਛਲੇ ਦਿਨੀਂ ਇਕ ਹਜ਼ਾਰ ਤੋਂ ਵੀ ਵੱਧ ਪ੍ਰੇਮੀਆਂ ਨੇ ਅੰਮ੍ਰਿਤ ਛਕ ਕੇ ਗੁਰਸਿੱਖੀ ਮਾਰਗ ਧਾਰਨ ਕੀਤਾ ਹੈ, ਦੀਵਾਨ ਲਾਉਣਗੇ।

ਭਾਈ ਗੁਰਦੀਪ ਸਿੰਘ ਖੂਬੀਆ ਨੰਗਲ ਯੂ.ਪੀ. ਬਿਲਾਸਪੁਰ ਨੇ ਮਹੀਨਾ ਭਰ ਤਰਾਈ ਵਿਚ ਵਖ-ਵਖ ਥਾਵਾਂ ਤੇ ਗੁਰਮਤਿ ਪ੍ਰਚਾਰ ਕਰਕੇ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਸੰਗਤਾਂ ਨੂੰ ਗੁਰੂ ਵਾਲੇ ਬਣਾਇਆ।

ਭਾਈ ਗੁਰਦੇਵ ਸਿੰਘ, ਬਨੂੜ ਆਸ਼ਰਮ ਵਲੋਂ ਸੜਕ ਦੇ ਕੰਢੇ ਲੰਗਰ ਲਗਾ ਕੇ ਟਰੱਕਾਂ, ਬੱਸਾਂ ਵਾਲੀਆਂ ਸਵਾਰੀਆਂ ਤੇ ਹੋਰ ਲੋੜਵੰਦਾਂ ਲਈ ਹਰ ਰੋਜ਼ ਗੁਰੂ ਕਾ ਲੰਗਰ ਛਕਾਇਆ ਜਾ ਰਿਹਾ ਹੈ।

# ਮਹਾਂਪੁਰਸ਼ਾਂ ਦੇ ਰੁਝੇਵੇਂ

ਨਿਵਾਸ ਸਥਾਨ 781, 3ਬੀ1, ਮੋਹਾਲੀ ਵਿਖੇ ਮਿਲਣ ਦਾ ਸਮਾਂ :

ਹਰ ਰੋਜ਼ ਸਵੇਰੇ 9.00 ਵਜੇ ਤੋਂ 10.00 ਵਜੇ ਤੱਕ ਅਤੇ ਰਾਤ ਨੂੰ 8.00 ਵਜੇ ਤੋਂ 9.00 ਵਜੇ ਤੱਕ।

ਦੀਵਾਨਾਂ ਦੇ ਪੱਕੇ ਪ੍ਰੋਗਰਾਮ :

ਹਰ ਐਤਵਾਰ ਨੂੰ 781, 3ਬੀ1, ਮੋਹਾਲੀ ਵਿਖੇ ਕੋਠੀ ਦੇ ਸਾਹਮਣੇ:

ਸਮਾਂ : ਸਵੇਰੇ 11.00 ਵਜੇ ਤੋਂ ਬਾਅਦ ਦੁਪਿਹਰ 3.00 ਵਜੇ ਤੱਕ।

ਦਸਮੀ- 4 ਸਤੰਬਰ, ਸੋਮਵਾਰ, ਸਮਾਂ ਰਾਤ 8.00 ਵਜੇ ਤੋਂ 11.00 ਵਜੇ ਤਕ ਗੁਰਦੁਆਰਾ ਯਾਦਗਾਰ ਪਿਆਰੇ ਭਾਈ ਦਇਆ ਸਿੰਘ ਜੀ, ਰਾਜਪੁਰਾ ਵਿਖੇ।

ਇਕਾਦਸੀ- 5 ਸਤੰਬਰ, ਮੰਗਲਵਾਰ, ਸਮਾਂ ਸਵੇਰੇ 11.00 ਵਜੇ ਤੋਂ ਬਾਅਦ ਦੁਪਹਿਰ 3.00 ਵਜੇ ਤੱਕ ਗੁਰਦੁਆਰਾ ਨਿਰਮਲ ਡੇਰਾ, ਚੰਗਰ (ਹਿਰਦਾ ਪੁਰ, ਨੇੜੇ ਮੀਆਂਪੁਰ), ਜਿਲ੍ਹਾ ਰੋਪੜ ਵਿਖੇ।

ਪੂਰਨਮਾਸ਼ੀ- 9 ਸਤੰਬਰ, ਸ਼ਨਿਚਰਵਾਰ, ਸਮਾਂ ਸਵੇਰ 11.00 ਵਜੇ ਤੋਂ ਬਾਅਦ ਦੁਪਹਿਰ 3.00 ਵਜੇ ਤੱਕ ਰਤਵਾੜਾ ਸਾਹਿਬ ਵਿਖੇ।

ਸੰਗਰਾਂਦ- 17 ਸਤੰਬਰ, ਐਤਵਾਰ, ਸਮਾਂ ਸਵੇਰੇ 11.00 ਵਜੇ ਤੋਂ ਬਾਅਦ ਦੁਪਹਿਰ 3.00 ਵਜੇ ਤੱਕ ਰਤਵਾੜਾ ਸਾਹਿਬ ਵਿਖੇ।

ਮੱਸਿਆ- 24 ਸਤੰਬਰ, ਐਤਵਾਰ, ਸਮਾਂ ਰਾਤ 8.00 ਵਜੇ ਤੋਂ 11.00 ਵਜੇ ਤੱਕ ਗੁਰਦੁਆਰਾ ਈਸ਼ਰ ਪ੍ਰਕਾਸ਼ ਬਨੂੜ ਵਿਖੇ।

ਅੰਮ੍ਰਿਤ ਸੰਚਾਰ-ਹਰੇਕ ਪੂਰਨਮਾਸ਼ੀ ਨੂੰ ਰਤਵਾੜਾ ਸਾਹਿਬ ਵਿਖੇ ਦਿਨ ਦੇ 11.00 ਵਜੇ ਹੁੰਦਾ ਹੈ।

## ਆਤਮ ਮਾਰਗ ਮੈਗਜ਼ੀਨ ਦੇ ਵਿਕਰੀ ਕੇਂਦਰ

1. ਬੀਬੀ ਦਵਿੰਦਰ ਕੌਰ ਸੈਕਟਰੀ
   ਕੋਠੀ ਨੰ: 1704, ਸੈਕਟਰ 33-ਡੀ, ਚੰਡੀਗੜ੍ਹ।
2. ਬੀਬੀ ਚਰਨਜੀਤ ਕੌਰ
   ਮਕਾਨ ਨੰ: 2921, ਸੈਕਟਰ 20-ਸੀ, ਚੰਡੀਗੜ੍ਹ।
3. ਭਾਈ ਕੁਲਬੀਰ ਸਿੰਘ
   781, 3 ਬੀ 1, ਸੈਕਟਰ 60, ਮੋਹਾਲੀ
4. ਭਾਈ ਦਵਿੰਦਰ ਸਿੰਘ
   ਸ਼ੀਤਲ ਡੀਪਾਰਟਮੈਂਟਲ ਸਟੋਰ,
   ਐਸ. ਸੀ. ਐਫ. 36, 3ਬੀ2 , ਮੋਹਾਲੀ
5. ਭਾਈ ਗੁਰਦੀਪ ਸਿੰਘ (ਰਤਵਾੜਾ ਸਾਹਿਬ)
6. ਭਾਈ ਬਰਜਿੰਦਰ ਸਿੰਘ ਮੋਟੇ ਮਾਜਰੇ ਵਾਲੇ
   ਲਾਇਲਪੁਰੀਆਂ ਦੀ ਮਠਿਆਈ ਦੀ ਪ੍ਰਸਿੱਧ ਦੁਕਾਨ,
   ਜੀ. ਟੀ. ਰੋਡ ਬਨੂੜ।
7. ਮਾਸਟਰ ਲਾਭ ਸਿੰਘ
   ਪਿੰਡ : ਧਮੋਲੀਆਂ, ਰਾਜਪੁਰਾ
8. ਭਾਈ ਜਰਨੈਲ ਸਿੰਘ
   ਕੋਠੀ ਨੰ : 642, ਫੇਸ 7, ਮੋਹਾਲੀ
9. ਭਾਈ ਨਿਰਮਲ ਸਿੰਘ,ਹਵੇਲੀ, ਰੋਪੜ
10. ਭਾਈ ਭੁਪਿੰਦਰ ਸਿੰਘ ਚੱਕੀ ਵਾਲੇ, ਕੋਟਲਾ ਨਿਹੰਗ, ਰੋਪੜ
11. ਭਾਈ ਇੰਦਰਜੀਤ ਸਿੰਘ,ਪਿੰਡ ਸੈਫਲਪੁਰ, ਰੋਪੜ
12. ਮਾਸਟਰ ਸੁਰਿੰਦਰ ਸਿੰਘ, ਪਿੰਡ ਝੱਲੀਆਂ, ਰੋਪੜ
13. ਇੰਜ: ਜਸਵੰਤ ਸਿੰਘ
    67 Type 4, ਦਸ਼ਮੇਸ਼ ਥਰਮਲ ਪਲਾਂਟ ਕਲੋਨੀ, ਰੋਪੜ
14. ਭਾਈ ਅਮਰਜੀਤ ਸਿੰਘ
    ਸੈਣੀ ਮਾਜਰਾ, ਜਿਲ੍ਹਾ ਰੋਪੜ
15. ਸ. ਜਗਜੀਤ ਸਿੰਘ,
    ਬਲਾਕ ਨੰ: 10, ਕੁਆਟਰ ਨੰ: 6, ਨਹਿਰੂ ਨਗਰ,
    ਨਵੀਂ ਦਿੱਲੀ। (ਫੋਨ : 6849869)
16. ਸ. ਜਗਜੀਤ ਸਿੰਘ, ਬਲਾਕ ਨੰ: 7, ਕੁਆਟਰ ਨੰ: 8,
    ਨਹਿਰੂ ਨਗਰ, ਨਵੀਂ ਦਿੱਲੀ। (ਫੋਨ : 6837550)
17. ਭਾਈ ਮਹਿੰਦਰ ਸਿੰਘ
    621, ਸੈਕਟਰ 4, ਪੰਚਕੂਲਾ।
18. ਮਾਸਟਰ ਸੁਰਜੀਤ ਸਿੰਘ
    2949, ਸੈਕਟਰ 47-ਸੀ, ਚੰਡੀਗੜ੍ਹ।
19. ਸ. ਜਗਦੇਵ ਸਿੰਘ ਗਿੱਲ
    ਪਿੰਡ ਧਮੋਟ, ਜ਼ਿਲਾ ਲੁਧਿਆਣਾ।
20. ਭਾਈ ਸੇਵਾ ਸਿੰਘ
    ਗੁਰਦੁਆਰਾ ਈਸ਼ਰ ਪ੍ਰਕਾਸ਼, ਟੀਚਰ ਕਲੋਨੀ, ਫਰੀਦਕੋਟ।
21. ਸ. ਅਜਾਇਬ ਸਿੰਘ ਰਿਟਾਇਰਡ ਐਸ.ਡੀ.ਓ.
    ਪਿੰਡ ਤੇ ਡਾਕਖਾਨਾ : ਬਹਿਰਾਮ,ਜਿਲ੍ਹਾ : ਜਲੰਧਰ
22. ਭਾਈ ਗੁਰਪਾਲ ਸਿੰਘ
    ਗੁਰਦੁਆਰਾ ਈਸ਼ਰ ਪ੍ਰਕਾਸ਼, ਸ੍ਵਾਲਾ ਪੁਰ, ਜਿਲ੍ਹਾ ਰਾਮਪੁਰ,ਯੂ.ਪੀ.
23. ਭਾਈ ਗੁਰਦੀਪ ਸਿੰਘ
    ਗੁਰਦੁਆਰਾ ਈਸ਼ਰ ਪ੍ਰਕਾਸ਼,ਖ਼ੁਬੀਆ ਨੰਗਲ, ਜਿਲਾ ਰਾਮਪੁਰ,ਯੂ.ਪੀ.
24. Mohinder Singh Gill(Telephone : 209-667-5536,
    837 E, GLENWOOD AVE, 209-632-0592)
    TURLOCK, CA-25380, USA
25. Satnam Singh Atwal(Telephone : 408-263-1844)
    2755, GUILD HALL DRIVE
    SANJOSE, CA-95132, USA

ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ

ਦੇ ਬਾਨੀ ਤੇ ਮੁਖੀ

## ਸੰਤ ਬਾਬਾ ਵਰਿਆਮ ਸਿੰਘ ਜੀ

ਵੱਲੋਂ ਪ੍ਰਕਾਸ਼ਿਤ ਕੀਤੀਆਂ ਨਿਮਨਲਿਖਤ ਪੁਸਤਕਾਂ


**ਸੁਰਤਿ ਸਬਦਿ ਮਾਰਗ**

**ਕਿਵ ਕੂੜੈ ਤੂਟੈ ਪਾਲਿ**

**ਪੁਰਾਤਨ ਟੀਕਾ ਜਪੁਜੀ ਸਾਹਿਬ**

**ਮਾਸਿਕ ਪਤ੍ਰਿਕਾ ਆਤਮ ਮਾਰਗ**

ਆਪ ਪੜ੍ਹੋ ਤੇ ਹੋਰਨਾਂ ਨੂੰ ਪੜ੍ਹਾਓ।



ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਸਿਧਾਤਾਂ ਤੇ ਅਧਾਰਤ ਵੱਖ ਵੱਖ ਵਿਸ਼ਿਆਂ ਉਪਰ ਤਿਆਰ ਕੀਤੀਆਂ ਨਿਰੋਲ ਧਾਰਮਕਿ, ਆਤਮਿਕ ਸੁਖ ਸ਼ਾਂਤੀ ਪ੍ਰਦਾਨ ਕਰਨ ਵਾਲੀਆਂ ਵੀਡੀਓ/ਆਡੀਓ ਕੈਸਟਾਂ, ਜਿਨ੍ਹਾਂ ਦੀਆਂ ਹਜ਼ਾਰਾਂ ਦੀ ਗਿਣਤੀ ਵਿਚ ਕਾਪੀਆਂ ਕਰਕੇ ਵਿਦੇਸ਼ਾਂ ਵਿਚ ਗੁਰਮਤਿ ਪ੍ਰਚਾਰ ਦਾ ਮਾਧਿਅਮ ਬਣ ਚੁਕੀਆਂ ਹਨ, ਨੂੰ ਆਪ ਵੇਖੋ, ਸ੍ਵਣ ਕਰੋ, ਪ੍ਰਚਾਰੋ ਤੇ ਨਵੀਂ ਪੀੜ੍ਹੀ ਨੂੰ ਕੇਬਲ ਟੀਵੀ ਦੇ ਮਾਰੂ ਪ੍ਰਭਾਵ ਤੋਂ ਬਚਾ ਕੇ ਗੁਰਮਤਿ ਦੇ ਧਾਰਨੀ ਬਣਾਓ।

**-: ਪੁਸਤਕਾਂ ਅਤੇ ਕੈਸਟਾਂ ਮਿਲਣ ਦਾ ਪਤਾ :-**


**ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ**
**781, 3ਬੀ1, ਸੈਕਟਰ-60, ਐਸ.ਏ.ਐਸ. ਨਗਰ (ਮੋਹਾਲੀ) -160 055**

-: ਟੈਲੀਫੋਨ :-

| ਭਾਰਤ | ਅਮਰੀਕਾ | ਇੰਗਲੈਂਡ |
|---|---|---|
| 0712-671301 | 209-667-5536 | 021-449-7032 |
| 0712-672435 | 209-632-0512 | 0831-598-689 |
| 0712-603524 | 408-263-1844 | 01-578-6564 |
| 0712-650181 | 708-893-5150 | 0234-767-602 |
| 0712-89218 | 708-934-6174 | ਆਸਟਰੇਲੀਆ |
| ਕੈਨੇਡਾ | 708-682-8939 | 03-43668998 |
| 604-433-0408 | 708-98-9334 | 02-7185990 |